ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 20 | Issue 121| 1 May to 7 May, 2024 | Ph.: (510) 240-5949 | Email: asrtimes@gmail.com

# ਜੇ ਸਿੱਖ, ਸਿੱਖ ਨੂੰ ਨਾ ਮਾਰੇ, ਕੌਮ ਕਦੇ ਨਾ ਹਾਰੇ










ਬਲਰਾਜ ਪੰਨੂੰ

'ਸਿੱਖੀ ਖੰਡਿਓਂ ਤਿੱਖੀ', ਤੁਸੀਂ ਆਮ ਹੀ ਸਿੱਖ ਸਫ਼ਾਂ ਦੇ ਵਿੱਚ ਇਹ ਗੱਲ ਸੁਣੀ ਹੋਣੀ ਹੈ, ਇਸ ਰਸਤੇ 'ਤੇ ਚੱਲਣਾਂ ਕੋਈ ਆਸਾਨ ਕੰਮ ਨਹੀਂ ਹੈ। ਜੇ ਗੱਲ ਕਰੀਏ ਪੰਥਕ ਸਿਆਸਤ ਦੇ ਗੜ੍ਹ ਖ਼ਡੂਰ ਸਾਹਿਬ ਦੀ ਤਾਂ ਪੰਥਕ ਧਿਰਾਂ ਆਹਮੋ ਸਾਹਮਣੇ ਡਟ ਗਈਆਂ ਨੇ, ਏਸ ਸਮੇਂ ਇਸ ਤਰ੍ਹਾਂ ਲੱਗਦਾ ਹੈ ਕਿ ਪੰਥਕ ਹਿੱਤ ਨੂੰ ਜਾਨਣ ਦਾ ਸਮਾਂ ਆ ਗਿਆ ਹੈ ਕਿ ਪੰਥਕ ਹਿੱਤ ਅਕਾਲੀਆਂ ਦੇ ਵੱਡੇ ਹਨ ਜਾਂ ਖ਼ਾਲਸਾ ਵਹੀਰ ਵਾਲੇ ਭਾਈ ਅੰਮ੍ਰਿਤਪਾਲ ਸਿੰਘ ਦੇ। ਅਕਾਲੀ ਦਲ ਹਮੇਸ਼ਾ ਪੰਥ ਦੀ ਨੁਮਾਇੰਦਗੀ ਕਰਦੀ ਆ ਰਹੀ ਹੈ, ਜੇ ਤਾਂ ਸੱਚ ਹੀ ਪੰਥ ਦੀ ਲੜਾਈ ਹੈ ਤਾਂ ਵੱਖਰੀ ਗੱਲ ਹੈ, ਜੇ ਇਹ ਚੌਧਰ ਦੀ ਲੜਾਈ ਹੈ ਤਾਂ ਲੋਕਾਂ ਕੋਲ਼ੋਂ ਲੁਕਾਅ ਰੱਖਣਾਂ ਕੋਈ ਸੌਖੀ ਗੱਲ ਨਹੀਂ। ਕਿਧਰੇ ਪੰਥ ਦਾ ਨਾਂਅ ਨਿੱਜੀ ਹਿੱਤਾਂ ਦੇ ਲਈ ਤਾਂ ਨਹੀਂ ਵਰਤਿਆ ਜਾ ਰਿਹਾ?

ਅਕਾਲੀਆਂ ਲਈ ਜੇ ਪੰਥ ਦੀ ਲੜਾਈ ਸੀ ਤਾਂ ਬੀਜੇਪੀ ਨਾਲ ਭਾਈਵਾਲੀ ਕਿਵੇਂ ਨਿਭੀ? ਵੈਸੇ ਤਾਂ ਭਾਈ ਅੰਮ੍ਰਿਤਪਾਲ ਸਿੰਘ ਦੀ ਉਮੀਦਵਾਰੀ ਦਾ ਐਲਾਨ ਐਡਵੋਕੇਟ ਰਾਜਦੇਵ ਸਿੰਘ ਖ਼ਾਲਸਾ ਨੇ ਕੀਤਾ, ਖ਼ਬਰਾਂ ਇਹ ਵੀ ਨੇ ਕਿ ਐਡਵੋਕੇਟ ਰਾਜਦੇਵ ਸਿੰਘ ਖ਼ਾਲਸਾ ਵੀ ਆਰ. ਐਸ. ਐਸ. ਦੇ ਆਗੂ ਰਹਿ ਚੁੱਕੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪੰਜਾਬ ਦੀ ਸਾਰੀ ਰਾਜਨੀਤੀ 'ਤੇ ਭਾਈ ਅੰਮ੍ਰਿਤਪਾਲ ਸਿੰਘ ਦੇ ਆਜ਼ਾਦ ਉਮੀਦਵਾਰ ਖੜੇ ਹੋਣ ਦਾ ਪ੍ਰਭਾਵ ਪਿਆ ਹੈ। ਸਾਲ 2009 ਦੇ ਵਿੱਚ ਖ਼ਡੂਰ ਸਾਹਿਬ ਤਰਨ ਤਾਰਨ ਹਲਕੇ ਦੀ ਥਾਂ ਹੋਂਦ ਵਿੱਚ ਆਇਆ ਸੀ। ਸਾਲ 1989 ਦੇ ਵਿੱਚ ਇਸ ਸੀਟ ਤੋਂ ਸ੍ਰ. ਸਿਮਰਨਜੀਤ ਸਿੰਘ ਮਾਨ ਜੇਲ੍ਹ ਵਿਚੋਂ ਹੀ ਸਾਢੇ ਚਾਰ ਲੱਖ ਤੋਂ ਵੱਧ ਵੋਟਾਂ ਦੇ ਨਾਲ ਜਿੱਤੇ ਸਨ, 2019 ਦੀ ਗੱਲ ਕਰੀਏ ਤਾਂ ਖਡੂਰ ਸਾਹਿਬ ਦੀ ਸੀਟ 'ਤੇ ਬੀਬੀ ਪਰਮਜੀਤ ਕੌਰ ਖਾਲੜਾ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਇਸਤਰੀ ਵਿੰਗ ਦੀ ਪ੍ਰਧਾਨ ਬੀਬੀ ਜਗੀਰ ਕੌਰ ਦੇ ਮੁਕਾਬਲੇ ਵਿੱਚ ਖਲੋਤੇ ਸੀ ਪਰ ਉਹਨਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

ਇਸ ਸਮੇਂ ਖ਼ਡੂਰ ਸਾਹਿਬ ਸੀਟ 'ਤੇ ਕਾਂਗਰਸ ਵੱਲੋਂ ਕੁਲਬੀਰ ਸਿੰਘ ਜ਼ੀਰਾ, ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਰਸਾ ਸਿੰਘ ਵਲਟੋਹਾ, ਆਮ ਆਦਮੀ ਪਾਰਟੀ ਵੱਲੋਂ ਲਾਲਜੀਤ ਸਿੰਘ ਭੁੱਲਰ, ਬੀਜੇਪੀ ਵੱਲੋਂ ਮਨਜੀਤ ਸਿੰਘ ਮੰਨਾ ਤੇ ਭਾਈ ਅੰਮ੍ਰਿਤਪਾਲ ਸਿੰਘ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ। ਸਿਮਰਨਜੀਤ ਸਿੰਘ ਮਾਨ ਨੇ ਭਾਈ ਅੰਮ੍ਰਿਤਪਾਲ ਸਿੰਘ ਦੇ ਆਜ਼ਾਦ ਚੋਣ ਲੜਨ ਦੇ ਫ਼ੈਸਲੇ ਨੂੰ ਦੇਖਦਿਆਂ ਹੋਇਆਂ ਆਪਣੀ ਪਾਰਟੀ ਦੇ ਉਮੀਦਵਾਰ ਹਰਪਾਲ ਬਲੇਰ ਦਾ ਨਾਂਅ ਵਾਪਸ ਲੈ ਲਿਆ। ਸਿਮਰਨਜੀਤ ਸਿੰਘ ਮਾਨ ਦੇ ਇਸ ਫ਼ੈਸਲੇ ਦੀ ਸਿੱਖ ਸਫ਼ਾਂ ਦੇ ਵਿੱਚ ਸ਼ਲਾਘਾ ਵੀ ਕੀਤੀ ਗਈ ਪਰ ਦੂਸਰੇ ਪਾਸੇ ਵਿਰਸਾ ਸਿੰਘ ਵਲਟੋਹਾ ਨੇ ਭਾਈ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਨੂੰ ਮਿਲ ਕੇ ਅਕਾਲੀਆਂ ਦੀ ਹਮਾਇਤ ਕਰਨ ਦੇ ਲਈ ਕਿਹਾ ਪਰ ਉਹਨਾਂ ਨੇ ਸਪਸ਼ਟ ਕਰ ਦਿੱਤਾ ਕਿ ਸਾਡਾ ਪੁੱਤਰ ਆਜ਼ਾਦ ਚੋਣ ਲੜੇਗਾ। ਭਾਈ ਅੰਮ੍ਰਿਤਪਾਲ ਸਿੰਘ ਦੇ ਲਈ ਵੀ ਕੁਝ ਗੱਲਾਂ ਸਾਫ਼ ਕਰਨੀਆਂ ਬਣਦੀਆਂ ਨੇ ਜਿਵੇਂ ਕਿ ਉਹਨਾਂ ਨੇ ਆਪਣੀ ਹੋਂਦ ਦੇ ਸ਼ੁਰੂਆਤੀ ਦੌਰ ਵਿੱਚ ਕਿਹਾ ਸੀ ਕਿ ਸੰਵਿਧਾਨ ਵਿੱਚ ਉਹ ਵਿਸ਼ਵਾਸ ਨਹੀਂ ਰੱਖਦੇ, ਸਿੱਖ ਗੁਲਾਮ ਹਨ ਤੇ ਉਹਨਾਂ ਨੇ ਖ਼ਾਲਿਸਤਾਨ ਲਫ਼ਜ਼ ਵੀ ਵਰਤਿਆ ਸੀ। ਸਵਾਲ ਇਹ ਉਠਦਾ ਹੈ ਕਿ ਜਿਸ ਸੰਵਿਧਾਨ ਵਿੱਚ ਵਿਸ਼ਵਾਸ ਨਹੀਂ, ਤਾਂ ਹੁਣ ਭਾਈ ਸਾਹਿਬ ਨੇ ਜੇਲ੍ਹ ਵਿਚੋਂ ਚੋਣ ਲੜਨੀ ਹੈ ਤਾਂ ਨਾਮੀਨੇਸ਼ਨ ਫ਼ਾਇਲ ਭਰਨ ਸਮੇਂ ਸੰਵਿਧਾਨ ਦੀ ਸਹੁੰ ਤਾਂ ਚੁੱਕੀ ਹੋਵੇਗੀ। ਇਹ ਤਾਂ ਫੇਰ ਆਪਣੀ ਜੁਬਾਨ ਤੋਂ ਆਪ ਮੁੱਕਰਨ ਵਾਲੀ ਗੱਲ ਹੋ ਗਈ। ਭਾਵੇਂ ਕਿ ਉਹਨਾਂ ਦੇ ਮਾਤਾ ਪਿਤਾ ਨੇ ਕਿਹਾ ਕਿ ਸਾਨੂੰ ਆਪਣੇ ਹੱਕਾਂ ਦੇ ਲਈ, ਬੰਦੀ ਸਿੰਘਾਂ ਦੀ ਰਿਹਾਈ ਦੇ ਲਈ, ਪੰਥ ਦੇ ਹਿੱਤਾਂ ਦੇ ਲਈ ਕੌਮ ਕਰਕੇ ਰਣਨੀਤੀ ਬਦਲ ਲੈਣੀ ਚਾਹੀਦੀ ਹੈ। ਪੰਥਕ ਸਫ਼ਾ ਦੇ ਵਿੱਚ ਇੱਕ ਗੱਲ ਤੁਸੀਂ ਹੋਰ ਵੀ ਸੁਣੀ ਹੋਣੀ ਹੈ ਕਿ ਬਾਦਲ ਪਰਿਵਾਰ ਤੋਂ ਪੰਥ ਨੂੰ ਆਜ਼ਾਦ ਕਰਵਾਓ। ਸਵਾਲ ਇਹ ਉਠਦਾ ਹੈ ਕਿ ਭਾਈ ਸਾਹਿਬ ਦਾ ਵੀ ਤਾਂ ਪਰਿਵਾਰ ਹੀ ਫ਼ੈਸਲੇ ਲੈ ਰਿਹਾ ਹੈ, ਕੀ ਇਹ 'ਵਾਰਸ ਪੰਜਾਬ ਦੇ' ਜਥੇਬੰਦੀ ਦਾ ਫ਼ੈਸਲਾ ਹੈ ਜਾਂ ਪਰਿਵਾਰ ਦਾ? ਜੇ ਇਹ ਸੰਗਤ ਦਾ ਫ਼ੈਸਲਾ ਹੈ ਤਾਂ ਕਿਸ ਜਗ੍ਹਾ 'ਤੇ ਸੰਗਤ ਨੇ ਇਕੱਠੇ ਹੋ ਕੇ ਇਹ ਫ਼ੈਸਲਾ ਲਿਆ? ਮੰਨ ਲਓ ਭਾਈ ਅੰਮ੍ਰਿਤਪਾਲ ਸਿੰਘ ਜਿੱਤ ਜਾਂਦੇ ਨੇ ਤਾਂ ਇੱਕ ਧਾਰਾ ਦੇ ਵਿਚੋਂ ਦੂਜੀ ਧਾਰਾ ਵਿੱਚ ਨਿਭਣਾ ਉਹਨਾਂ ਲਈ ਔਖਾ ਨਹੀਂ ਹੋਵੇਗਾ?




ਸਾਨੂੰ ਸੋਚ ਲੈਣਾ ਚਾਹੀਦਾ ਹੈ ਜਿਹੜੀਆਂ ਦੋ ਧਿਰਾਂ ਪੰਥਕ ਕਹਾ ਰਹੀਆਂ ਨੇ, ਪੰਥਕ ਸਫ਼ਾਂ ਦੇ ਵਿੱਚ ਉਹਨਾਂ ਦਾ ਮਾਣ ਆਦਰ ਕਿੰਨਾ ਕੁ ਹੈ? ਉਹਨਾਂ ਦਾ ਆਧਾਰ ਕੀ ਹੈ? ਜਿਸ ਕਰਕੇ ਉਹ ਪੰਥਕ ਚੋਣ ਲੜ ਰਹੇ ਹਨ। ਕਿਧਰੇ ਇਹ ਤਾਂ ਨਹੀਂ ਕਿ ਸਿਰਫ਼ ਲੜ ਹੀ ਰਹੇ ਨੇ? ਇਹ ਵੀ ਸੋਚਣਾ ਚਾਹੀਦਾ ਹੈ ਕਿ ਪੰਥਕ ਆਧਾਰ 'ਤੇ ਦੋਵਾਂ ਦੀ ਪੰਥਕ ਰਾਜਨੀਤੀ ਦੀ ਸੁਰ ਮਿਲਦੀ ਹੈ ਜਾਂ ਨਹੀਂ? ਜੇ ਮਿਲਦੀ ਹੈ ਤਾਂ ਮੇਰਾ ਖ਼ਿਆਲ ਹੈ ਕਿ ਇੱਕ ਧਿਰ ਨੂੰ ਬੈਠ ਜਾਣਾ ਚਾਹੀਦਾ ਹੈ ਜਾਂ ਪਿਛਾਂਹ ਕਦਮ ਚੁੱਕ ਲੈਣਾ ਚਾਹੀਦਾ ਹੈ।

ਬਾਕੀ ਫ਼ੈਸਲਾ ਲੋਕਾਂ ਨੇ ਕਰਨਾ ਹੈ, ਬੜਾ ਦਿਲਚਸਪ ਮਾਹੌਲ ਬਣਿਆ ਹੋਇਆ ਹੈ, ਜੇ ਇਹ ਪੰਥਕ ਸੀਟ ਹੈ ਤਾਂ ਕੀਹਨੂੰ ਕੀਹਨੂੰ ਪੰਥਕ ਆਖੀਏ, ਵੈਸੇ ਤਾਂ ਕੁਲਬੀਰ ਜ਼ੀਰੇ ਦਾ ਪਰਿਵਾਰ ਵੀ ਪੰਥਕ ਦੱਸਿਆ ਜਾਂਦਾ ਹੈ। ਪਰ ਹੁਣ ਸਮਾਂ ਸੀ ਸਿਰ ਜੋੜਨ ਦਾ ਪਰ ਸਿਆਣੇ ਕਹਿੰਦੇ ਨੇ ਜੇ ਸਿੱਖ, ਸਿੱਖ ਨੂੰ ਨਾ ਮਾਰੇ ਤਾਂ ਕੌਮ ਕਦੇ ਨਾ ਹਾਰੇ। ਸੋਚਦੇ ਹਾਂ ਕਿ ਕੋਈ ਐਸਾ ਫ਼ੈਸਲਾ ਲਿਆ ਜਾਵੇ ਕਿ ਕੌਮ ਦੇ ਦਿਲਾਂ ਨੂੰ ਠੇਸ ਨਾ ਪਹੁੰਚੇ।

## ਪੰਨੂ ਹੱਤਿਆ ਸਾਜ਼ਿਸ਼ ਰਚਣ ਦੇ ਦੋਸ਼ਾਂ ਦੀ ਜਾਂਚ ਲਈ ਭਾਰਤ ਨਾਲ ਲਗਾਤਾਰ ਕੰਮ ਕਰ ਰਹੇ ਹਾਂ : ਅਮਰੀਕਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕੀ ਵਿਦੇਸ਼ ਵਿਭਾਗ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਸਿੱਖ ਆਗੂ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਦੋਸ਼ਾਂ ਦੀ ਜਾਂਚ ਲਈ ਅਮਰੀਕਾ ਭਾਰਤ ਨਾਲ ਲਗਾਤਾਰ ਕੰਮ ਕਰ ਰਿਹਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਪ੍ਰਮੁੱਖ ਉਪ ਬੁਲਾਰੇ ਵੇਦਾਂਤ ਪਟੇਲ ਦੀ ਇਹ ਟਿੱਪਣੀ ਅਜਿਹੇ ਸਮੇਂ 'ਚ ਆਈ ਹੈ, ਜਦੋਂ ਅਖ਼ਬਾਰ 'ਵਾਸ਼ਿੰਗਟਨ ਪੋਸਟ' ਨੇ ਆਪਣੀ ਇੱਕ ਖ਼ਬਰ 'ਚ ਅਣਪਛਾਤੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਪਿਛਲੇ ਸਾਲ ਅਮਰੀਕੀ ਧਰਤੀ 'ਤੇ ਪੰਨੂ ਨੂੰ ਮਾਰਨ ਦੀ ਕਥਿਤ ਸਾਜਿਸ਼ ਵਿੱਚ 'ਰਿਸਰਚ ਐਂਡ ਐਨਾਲਿਸਸ ਵਿੰਗ' (ਰਾਅ) ਦਾ ਇੱਕ ਅਧਿਕਾਰੀ ਸ਼ਾਮਲ ਸੀ। ਭਾਰਤ ਨੇ ਇਨ੍ਹਾਂ ਦਾਅਵਿਆਂ ਨੂੰ ਖਾਰਜ ਕਰ ਦਿੱਤਾ ਅਤੇ ਕਿਹਾ ਕਿ ਖ਼ਬਰ ਵਿੱਚ ਗੰਭੀਰ ਮਾਮਲੇ ਵਿੱਚ ਬੇਬੁਨਿਆਦ ਦੋਸ਼ ਲਗਾਏ ਹਨ ਅਤੇ ਮਾਮਲੇ ਦੀ ਜਾਂਚ ਜਾਰੀ ਹੈ। ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਪਟੇਲ ਨੇ ਕਿਹਾ ਕਿ ਭਾਰਤੀ ਜਾਂਚ ਕਮੇਟੀ ਦੀ ਜਾਂਚ ਦੇ ਨਤੀਜਿਆਂ ਦੇ ਆਧਾਰ



'ਤੇ ਅਸੀਂ ਭਾਰਤ ਸਰਕਾਰ ਤੋਂ ਜਵਾਬਦੇਹੀ ਦੀ ਉਮੀਦ ਕਰਦੇ ਹਾਂ ਅਤੇ ਅਸੀਂ ਉਨ੍ਹਾਂ ਨਾਲ ਕੰਮ ਕਰਨਾ ਜਾਰੀ ਰੱਖ ਰਹੇ ਹਾਂ...। ਵਾਸ਼ਿੰਗਟਨ ਪੋਸਟ ਦੀ ਖ਼ਬਰ ਬਾਰੇ ਪੁੱਛੇ ਜਾਣ 'ਤੇ ਪਟੇਲ ਨੇ ਕਿਹਾ ਕਿ ਅਸੀਂ ਆਪਣੀਆਂ ਚਿੰਤਾਵਾਂ ਭਾਰਤ ਸਰਕਾਰ ਕੋਲ ਪ੍ਰਗਟ ਕਰਦੇ ਰਹਾਂਗੇ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਰਿਪੋਰਟ ਗੰਭੀਰ ਚਿੰਤਾਵਾਂ ਨੂੰ ਵਧਾਉਂਦੀ ਹੈ ਅਤੇ ਇਸ ਵਿੱਚ ਬੇਬੁਨਿਆਦ ਦੋਸ਼ ਲਾਏ ਗਏ ਹਨ। ਉਨ੍ਹਾਂ ਨੇ ਕਿਹਾ ਕਿ ਅਮਰੀਕਾ ਵੱਲੋਂ ਕਥਿਤ ਸਾਜ਼ਿਸ਼ ਬਾਰੇ ਦਿੱਤੀ ਗਈ ਜਾਣਕਾਰੀ ਦੀ ਜਾਂਚ ਲਈ ਭਾਰਤ ਵੱਲੋਂ ਬਣਾਈ ਗਈ ਉੱਚ ਪੱਧਰੀ ਜਾਂਚ ਕਮੇਟੀ ਅਜੇ ਵੀ ਮਾਮਲੇ ਦੀ ਜਾਂਚ ਕਰ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਭਾਰਤ ਸਰਕਾਰ ਨੇ ਸੰਗਠਿਤ ਅਪਰਾਧੀਆਂ, ਅੱਤਵਾਦੀਆਂ ਅਤੇ ਹੋਰਾਂ ਦੇ ਨੈੱਟਵਰਕ 'ਤੇ ਅਮਰੀਕੀ ਸਰਕਾਰ ਦੁਆਰਾ ਸਾਂਝੀਆਂ ਕੀਤੀਆਂ ਗਈਆਂ ਸੁਰੱਖਿਆ ਚਿੰਤਾਵਾਂ ਦੀ ਜਾਂਚ ਲਈ ਇੱਕ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਹੈ, ਜਿਸ ਦੀ ਜਾਂਚ ਜਾਰੀ ਹੈ। ਉਸ ਨੇ ਕਿਹਾ ਕਿ ਇਸ 'ਤੇ ਅਟਕਲਾਂ ਅਤੇ ਗੈਰ-ਜ਼ਿੰਮੇਵਾਰਾਨਾ ਟਿੱਪਣੀਆਂ ਦੀ ਕੋਈ ਲੋੜ ਨਹੀਂ ਹੈ। ਦਿ ਵਾਸ਼ਿੰਗਟਨ ਪੋਸਟ ਦੀ ਰਿਪੋਰਟ ਵਿੱਚ ਰਾਅ ਦੇ ਅਧਿਕਾਰੀ ਦੀ ਪਛਾਣ ਵਿਕਰਮ ਯਾਦਵ ਵਜੋਂ ਕੀਤੀ ਗਈ ਹੈ। ਪਿਛਲੇ ਸਾਲ ਨਵੰਬਰ ਵਿੱਚ, ਯੂ.ਐਸ ਫੈਡਰਲ ਵਕੀਲਾਂ ਨੇ ਭਾਰਤੀ ਨਾਗਰਿਕ ਨਿਖਿਲ ਗੁਪਤਾ 'ਤੇ ਅਮਰੀਕਾ ਵਿੱਚ ਸਿੱਖ ਆਗੂ ਪੰਨੂ ਦੀ ਹੱਤਿਆ ਦੀ ਇੱਕ ਨਾਕਾਮ ਸਾਜਿਸ਼ ਵਿੱਚ ਭਾਰਤ ਸਰਕਾਰ ਦੇ ਇੱਕ ਅਧਿਕਾਰੀ ਨਾਲ ਸਹਿਯੋਗ ਕਰਨ ਦਾ ਦੋਸ਼ ਲਗਾਇਆ ਸੀ। ਅੱਤਵਾਦ ਦੇ ਦੋਸ਼ਾਂ 'ਚ ਭਾਰਤ 'ਚ ਲੋੜੀਂਦੇ ਪੰਨੂ ਕੋਲ ਅਮਰੀਕਾ ਅਤੇ ਕੈਨੇਡਾ ਦੀ ਦੋਹਰੀ ਨਾਗਰਿਕਤਾ ਹੈ। ਗੈਰਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਤਹਿਤ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਉਸ ਨੂੰ ਅੱਤਵਾਦੀ ਘੋਸ਼ਿਤ ਕੀਤਾ ਗਿਆ ਹੈ। ਇਸ ਤੋਂ ਕੁਝ ਮਹੀਨੇ ਪਹਿਲਾਂ ਸਤੰਬਰ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬ੍ਰਿਟਿਸ਼ ਕੋਲੰਬੀਆ ਵਿੱਚ 18 ਜੂਨ ਨੂੰ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਦਾ ਦਾਅਵਾ ਕੀਤਾ ਸੀ।

# ਸਿੱਖ ਕਾਨੂੰਨੀ ਮਾਹਿਰਾਂ ਵੱਲੋਂ ਯੂ.ਕੇ. ਵਿੱਚ 'ਸਿੱਖ ਅਦਾਲਤ' ਦੀ ਸਥਾਪਨਾ

## ਸਿੱਖਾਂ ਨੂੰ ਆਪਸੀ ਰੰਜਿਸ਼ਾਂ, ਧਾਰਮਿਕ ਝਗੜੇ ਤੇ ਸਮਾਜਿਕ ਮਸਲੇ ਹੱਲ ਕਰਨ ਦਾ ਇੱਕ ਨਵਾਂ ਰਾਹ ਸੁਝਾਇਆ

ਲੰਡਨ/ਏ.ਟੀ.ਨਿਊਜ਼ :-ਯੂ.ਕੇ. ਦੇ ਸਿੱਖ ਜੱਜਾਂ, ਵਕੀਲਾਂ, ਬੈਰਿਸਟਰਾਂ ਤੇ ਹੋਰ ਵਿਚਾਰਵਾਨਾਂ ਨੇ ਦੁਨੀਆਂ ਭਰ ਦੇ ਸਿੱਖਾਂ ਲਈ ਉਮੀਦ ਦੀ ਇੱਕ ਨਵੀਂ ਕਿਰਨ ਜਗਾਈ ਹੈ। ਸਿੱਖਾਂ ਨੂੰ ਆਪਸੀ ਰੰਜਿਸ਼ਾਂ, ਧਾਰਮਿਕ ਝਗੜੇ ਤੇ ਸਮਾਜਿਕ ਮਸਲੇ ਹੱਲ ਕਰਨ ਦਾ ਇਕ ਨਵਾਂ ਰਾਹ ਸੁਝਾਇਆ ਹੈ।

ਸਿੱਖ ਕਾਨੂੰਨੀ ਮਾਹਿਰਾਂ ਵੱਲੋਂ ਯੂ.ਕੇ. ਵਿੱਚ 'ਸਿੱਖ ਅਦਾਲਤ' ਦੀ ਸਥਾਪਨਾ ਕੀਤੀ ਗਈ ਹੈ, ਜੋ ਯੂ.ਕੇ. ਦੇ ਇੰਗਲੈਂਡ, ਸਕਾਟਲੈਂਡ ਅਤੇ ਵੇਲਜ਼ ਇਲਾਕਿਆਂ ਵਿੱਚ ਸਿੱਖਾਂ ਦੇ ਆਪਸੀ ਝਗੜੇ ਖਤਮ ਕਰਨ ਲਈ ਕੰਮ ਕਰੇਗੀ। ਇਸ ਅਦਾਲਤ ਦੇ ਜੱਜਾਂ ਨੇ ਸਹੁੰ ਚੁੱਕੀ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਦੀਆਂ ਸਿੱਖਿਆਵਾਂ ਵੱਲੋਂ ਦਰਸਾਏ ਗਏ ਨਿਆਂ, ਬਰਾਬਰੀ ਅਤੇ ਅਖੰਡਤਾ ਦੇ ਅਸੂਲਾਂ ਨੂੰ ਕਾਇਮ ਰੱਖਣਗੇ ਅਤੇ ਆਪਣੇ ਫ਼ਰਜ਼ਾਂ ਨੂੰ ਬਿਨਾਂ ਕਿਸੇ ਡਰ, ਪੱਖ ਜਾਂ ਮਾੜੀ ਇੱਛਾ ਦੇ ਅਦਾਲਤ ਦੇ ਕਾਨੂੰਨਾਂ ਤੇ ਨਿਯਮਾਂ ਨੂੰ ਨਿਰਪੱਖਤਾ ਨਾਲ ਲਾਗੂ ਕਰਨਗੇ।



ਇਸ ਅਦਾਲਤ ਨੇ ਆਪਣੀ ਵੈੱਬਸਾਈਟ ਵੀ ਬਣਾ ਦਿੱਤੀ ਹੈ। ਡਬਲਿਊ ਡਬਲਿਊ ਡਬਲਿਊ ਡਾਟ ਸਿੱਖ ਕੋਰਟ ਡਾਟ ਕੋ ਡਾਟ ਯੂ.ਕੇ. ਨਾਂਅ ਦੀ ਇਹ ਵੈੱਬਸਾਈਟ 1 ਜੂਨ ਤੋਂ ਬਾਕਾਇਦਾ ਰੂਪ ਵਿੱਚ ਚਾਲੂ ਹੋ ਜਾਵੇਗੀ ਤੇ ਅਦਾਲਤ ਵੀ ਆਪਣਾ ਕੰਮ ਸ਼ੁਰੂ ਕਰ ਦੇਵੇਗੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਸ਼੍ਰੋਮਣੀ ਕਮੇਟੀ ਅਤੇ ਹੋਰ ਪ੍ਰਮੁੱਖ ਸਿੱਖ ਸੰਸਥਾਵਾਂ ਦੇ ਮੁਖੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਭਾਰਤ ਦੇ ਪ੍ਰਮੁੱਖ ਸੇਵਾਮੁਕਤ ਜੱਜਾਂ ਅਤੇ ਪ੍ਰਮੁੱਖ ਸਿੱਖ ਵਕੀਲਾਂ ਤੱਕ ਪਹੁੰਚ ਕਰਨ ਕਿ ਉਹ ਵੀ ਭਾਰਤੀ ਸੰਵਿਧਾਨ ਦੇ ਘੇਰੇ ਵਿੱਚ ਰਹਿ ਕੇ ਸਿੱਖਾਂ ਦੇ ਆਪਸੀ ਪਰਿਵਾਰਕ, ਸਮਾਜਿਕ, ਧਾਰਮਿਕ, ਝਗੜੇ ਨਿਬੇੜਨ ਲਈ ਅਜਿਹੀਆਂ ਸਾਲਸੀ ਅਦਾਲਤਾਂ ਦੇਸ਼ ਦੇ ਹਰ ਸੂਬੇ ਵਿੱਚ ਕਾਇਮ ਕਰਨ ਅਤੇ ਇੱਕ ਵੱਡੀ ਦੇਸ਼ ਪੱਧਰੀ ਅਦਾਲਤ ਵੀ ਬਣਾਉਣ, ਜਿਨ੍ਹਾਂ ਵਿਚ ਸਿੱਖ ਗੁਰਦੁਆਰਿਆਂ ਦੀਆਂ ਕਮੇਟੀਆਂ ਦੇ ਝਗੜੇ, ਸਿੱਖ ਸਕੂਲਾਂ-ਕਾਲਜਾਂ ਦੀਆਂ ਕਮੇਟੀਆਂ ਤੇ ਜਾਇਦਾਦਾਂ ਦੇ ਝਗੜੇ ਬਿਨਾਂ ਕਿਸੇ ਦੇਰੀ ਤੋਂ ਜ਼ਮੀਨੀ ਇਨਸਾਫ਼ ਨਾਲ ਹੱਲ ਹੋ ਸਕਣ । ਜੇ ਸਿੱਖ ਇਹ ਕਰ ਸਕਣ ਤਾਂ ਬਾਅਦ ਵਿਚ ਇਨ੍ਹਾਂ ਅਦਾਲਤਾਂ ਦੀ ਕੋਈ ਵਰਲਡ ਕਨਫ਼ੈਡਰੇਸ਼ਨ ਵੀ ਹੋਂਦ ਵਿੱਚ ਆ ਸਕੇਗੀ ਤੇ ਇਹ ਸਿੱਖਾਂ ਲਈ ਦੁਨੀਆਂ ਭਰ ਵਿੱਚ ਇਨਸਾਫ਼ ਦੀ ਝੰਡਾ ਬਰਦਾਰ ਵੀ ਬਣ ਸਕੇਗੀ।

# ਵਿਦੇਸ਼ਾਂ 'ਚ ਰਹਿਣ ਵਾਲੇ ਭਾਰਤੀਆਂ ਨੇ ਆਪਣੇ ਘਰ ਭੇਜੇ 2.45 ਲੱਖ ਕਰੋੜ: ਆਰ.ਬੀ.ਆਈ.

ਨਵੀਂ ਦਿੱਲੀ/ਏ.ਟੀ.ਨਿਊਜ਼ : ਵਿਦੇਸ਼ਾਂ 'ਚ ਰਹਿਣ ਵਾਲੇ ਭਾਰਤੀਆਂ ਨੇ ਆਪਣੇ ਘਰ ਯਾਨੀ ਭਾਰਤ 'ਚ ਰਿਕਾਰਡ ਪੈਸੇ ਭੇਜੇ ਹਨ। ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਦੇ ਅੰਕੜਿਆਂ ਅਨੁਸਾਰ ਅਪ੍ਰੈਲ 2023 ਤੋਂ ਫਰਵਰੀ 2024 ਦੇ ਦੌਰਾਨ ਵਿਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀਆਂ ਨੇ 'ਉਦਾਰੀਕਰਨ ਰੈਮਿਟੈਂਸ ਸਕੀਮ' (ਐਲ.ਆਰ.ਐਸ.) ਦੇ ਤਹਿਤ 29.43 ਅਰਬ ਡਾਲਰ ਭੇਜੇ। ਇਹ ਪਿਛਲੇ ਸਾਲ ਦੀ ਸਮਾਨ ਮਿਆਦ (24.18 ਅਰਬ ਡਾਲਰ ) ਦੇ ਮੁਕਾਬਲੇ 22% ਜ਼ਿਆਦਾ ਹੈ। ਧਿਆਨਯੋਗ ਹੈ ਕਿ ਐਲ.ਆਰ.ਐਸ. ਤਹਿਤ ਭੇਜੀ ਗਈ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਰਕਮ ਹੈ।

ਵਿਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀਆਂ ਦੁਆਰਾ ਭੇਜੇ ਗਏ ਪੈਸੇ 'ਚ ਕੋਵਿਡ-19 ਮਹਾਂਮਾਰੀ ਦੇ ਕਾਰਨ ਵਿੱਤੀ ਸਾਲ 2021 ਵਿੱਚ ਐਲ.ਆਰ.ਐਸ. ਰਿਮਿਟੈਂਸ 'ਚ ਗਿਰਾਵਟ ਆਈ ਸੀ, ਪਰ ਵਿੱਤੀ ਸਾਲ 2022 ਤੋਂ ਇਸ ਵਿੱਚ ਸੁਧਾਰ ਦੇਖਿਆ ਗਿਆ ਹੈ ਅਤੇ 2023 ਵਿੱਚ ਵਾਧਾ ਜਾਰੀ ਰਿਹਾ। ਭਾਵੇਂ ਹੀ ਫਰਵਰੀ 2024 ਵਿੱਚ ਗਿਰਾਵਟ ਆਈ ਸੀ, ਜੇਕਰ ਅਸੀਂ ਪੂਰੇ ਸਾਲ ਦੇ ਅੰਕੜਿਆਂ ਨੂੰ ਵੇਖੀਏ, ਤਾਂ ਇੱਕ ਚੰਗੀ ਖ਼ਬਰ ਹੈ!

ਵਿੱਤੀ ਸਾਲ 2023 ਵਿੱਚ ਐਲ.ਆਰ.ਐਸ. ਤਹਿਤ ਭੇਜੀ ਗਈ ਰਕਮ ਹੁਣ ਤੱਕ ਦੀ ਸਭ ਤੋਂ ਵੱਧ 27.14 ਅਰਬ ਡਾਲਰ ਰਹੀ। ਇਹ ਪਿਛਲੇ ਸਾਲ ਦੇ ਮੁਕਾਬਲੇ 6% ਦਾ ਵਾਧਾ ਹੈ। ਹਾਲਾਂਕਿ, ਫਰਵਰੀ 2024 ਦੇ ਅੰਕੜੇ (2.01 ਬਿਲੀਅਨ ਡਾਲਰ ) ਨੇ ਜਨਵਰੀ ਦੇ ਅੰਕੜਿਆਂ (2.62 ਬਿਲੀਅਨ ਡਾਲਰ ) ਦੇ ਮੁਕਾਬਲੇ 'ਚ 23% ਦੀ ਗਿਰਾਵਟ ਦਰਜ ਕੀਤੀ ਸੀ।



### ਵਿਦੇਸ਼ ਘੁੰਮਣ ਦਾ ਖਰਚਾ ਵਧਿਆ

ਅਪ੍ਰੈਲ-ਫਰਵਰੀ 2024 ਦੇ ਵਿਚਕਾਰ ਅੰਤਰਰਾਸ਼ਟਰੀ ਯਾਤਰਾ 'ਤੇ ਖਰਚ 27.91% ਤੋਂ ਵੱਧ ਕੇ 16 ਬਿਲੀਅਨ ਡਾਲਰ ਤੱਕ ਪਹੁੰਚ ਗਿਆ ਹੈ , ਜੋ ਪਿਛਲੇ ਸਾਲ ਦੀ ਇਸੇ ਮਿਆਦ ਵਿੱਚ 12.51 ਬਿਲੀਅਨ ਡਾਲਰ ਤੋਂ ਕਾਫ਼ੀ ਜ਼ਿਆਦਾ ਹੈ। ਇਸ ਵਾਧੇ ਦਾ ਮੁੱਖ ਕਾਰਨ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਮਿਲਣ ਅਤੇ ਵਿਦੇਸ਼ੀ ਸਿੱਖਿਆ ਲਈ ਭੇਜੇ ਜਾਣ ਵਾਲੇ ਪੈਸੇ ਵਿੱਚ ਵਾਧਾ ਹੈ।

ਰਿਸ਼ਤੇਦਾਰਾਂ ਨੂੰ ਮਿਲਣ 'ਤੇ 4.22 ਬਿਲੀਅਨ ਡਾਲਰ ਅਤੇ ਵਿਦੇਸ਼ੀ ਸਿੱਖਿਆ 'ਤੇ 3.28 ਬਿਲੀਅਨ ਡਾਲਰ ਖਰਚ ਕੀਤੇ ਗਏ। ਹਾਲਾਂਕਿ, ਪਿਛਲੇ ਸਾਲ ਫਰਵਰੀ ਦੇ ਮੁਕਾਬਲੇ ਇਸ ਸਾਲ 4% ਘੱਟ ਪੈਸੇ ਭੇਜੇ ਗਏ ਹਨ। ਮੰਨਿਆ ਜਾ ਰਿਹਾ ਹੈ ਕਿ ਇਹ ਗਿਰਾਵਟ ਅੰਤਰਰਾਸ਼ਟਰੀ ਯਾਤਰਾ 'ਚ ਕਮੀ ਕਾਰਨ ਆਈ ਹੈ।

ਜੇਕਰ ਅਸੀਂ ਫਰਵਰੀ 2024 ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਵਿਦੇਸ਼ ਯਾਤਰਾ 'ਤੇ ਖਰਚ ਥੋੜ੍ਹਾ ਘੱਟ ਹੋਇਆ ਹੈ। ਐਲ.ਆਰ.ਐਸ. ਸਕੀਮ ਦੇ ਤਹਿਤ ਕੁੱਲ ਖਰਚੇ ਦਾ ਅੱਧੇ ਤੋਂ ਵੱਧ ਵਿਦੇਸ਼ ਯਾਤਰਾ 'ਤੇ ਹੁੰਦਾ ਹੈ ਪਰ ਇਸ ਸਾਲ ਫਰਵਰੀ ਵਿੱਚ ਇਸ ਵਿੱਚ 1.6% ਦੀ ਗਿਰਾਵਟ ਆਈ ਹੈ।

ਇਸ ਦਾ ਮਤਲਬ ਹੈ ਕਿ ਇਸ ਵਾਰ ਫਰਵਰੀ 'ਚ ਵਿਦੇਸ਼ ਯਾਤਰਾ 'ਤੇ ਕੁੱਲ 1.05 ਅਰਬ ਡਾਲਰ ਖਰਚ ਹੋਏ ਹਨ। ਇਸ ਦੇ ਨਾਲ ਹੀ ਚੰਗੀ ਗੱਲ ਇਹ ਹੈ ਕਿ ਸਿੱਖਿਆ, ਗਿਫਟ ਅਤੇ ਪਰਿਵਾਰ ਦੇ ਰੱਖ-ਰਖਾਅ ਲਈ ਭੇਜੇ ਜਾਣ ਵਾਲੇ ਪੈਸਿਆਂ ਵਿੱਚ ਵਾਧਾ ਹੋਇਆ ਹੈ। ਉਦਾਹਰਣ ਵਜੋਂ, ਵਿਦੇਸ਼ਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਇਸ ਵਾਰ 246.82 ਮਿਲੀਅਨ ਡਾਲਰ ਭੇਜੇ ਗਏ।

ਐਲ.ਆਰ.ਐਸ. ਸਕੀਮ 2004 ਵਿੱਚ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਤਹਿਤ ਭਾਰਤੀ ਨਿਵਾਸੀ ਹਰ ਸਾਲ ਵੱਧ ਤੋਂ ਵੱਧ 250,000 ਅਮਰੀਕੀ ਡਾਲਰ ਵਿਦੇਸ਼ ਭੇਜ ਸਕਦੇ ਹਨ। ਇਸਦੀ ਵਰਤੋਂ ਵਿਦੇਸ਼ ਯਾਤਰਾ ਤੋਂ ਇਲਾਵਾ, ਵੱਖ-ਵੱਖ ਉਦੇਸ਼ਾਂ, ਵਿਦੇਸ਼ ਵਿੱਚ ਜਾਇਦਾਦ ਖਰੀਦਣਾ, ਇਲਾਜ ਕਰਵਾਉਣਾ ਆਦਿ ਲਈ ਕੀਤੀ ਜਾ ਸਕਦੀ ਹੈ ।

# ਅਮਰੀਕਾ 'ਚ ਟਿਕਟਾਕ 'ਤੇ ਪਾਬੰਦੀ ਲਾਉਣ ਵਾਲਾ ਬਿਲ ਪਾਸ

ਕੈਲੀਫ਼ੋਰਨੀਆ/ਏ.ਟੀ. ਨਿਊਜ਼: ਅਮਰੀਕੀ ਸੈਨੇਟ ਨੇ ਇੱਕ ਬਿਲ ਪਾਸ ਕੀਤਾ, ਜਿਸ 'ਚ ਪਾਬੰਦੀਆਂ ਲਗਾਉਣ ਦੀ ਧਮਕੀ ਦੇ ਨਾਲ ਟਿਕਟਾਕ ਦੀ ਵਿਕਰੀ ਲਈ ਉਸ ਦੀ ਮਲਕੀਅਤ ਰੱਖਣ ਵਾਲੀ ਚੀਨੀ ਕੰਪਨੀ ਨੂੰ ਮਜਬੂਰ ਕੀਤਾ ਜਾਵੇਗਾ। ਇਸ ਬਿਲ 'ਤੇ ਹੁਣ ਰਾਸ਼ਟਰਪਤੀ ਜੋ ਬਾਈਡਨ ਦੇ ਦਸਤਖਤ ਕੀਤੇ ਜਾਣਗੇ। ਪਾਸ ਹੋਣ ਤੋਂ ਤੁਰਤ ਬਾਅਦ ਜਾਰੀ ਇੱਕ ਬਿਆਨ ਵਿਚ ਬਾਈਡਨ ਨੇ ਕਿਹਾ ਕਿ ਉਹ ਬੁਧਵਾਰ ਨੂੰ ਇਸ 'ਤੇ ਦਸਤਖ਼ਤ ਕਰਨਗੇ।

ਹਾਲਾਂਕਿ ਅਮਰੀਕੀ ਸੰਸਦ ਮੈਂਬਰਾਂ ਦੇ ਇਸ ਵਿਵਾਦਪੂਰਨ ਕਦਮ ਨੂੰ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਪਰ ਇਸ ਨਾਲ ਸਮੱਗਰੀ ਨਿਰਮਾਤਾਵਾਂ (ਕੰਟੈਂਟ ਕ੍ਰਿਏਟਰਜ਼) ਲਈ ਮੁਸ਼ਕਿਲਾਂ ਪੈਦਾ ਹੋਣ ਦੀ ਸੰਭਾਵਨਾ ਹੈ ਜੋ ਆਮਦਨ ਲਈ ਇਸ ਛੋਟੇ ਵੀਡੀਉ ਵਾਲੇ ਇਸ ਐਪ 'ਤੇ ਨਿਰਭਰ ਕਰਦੇ ਹਨ।




ਟਿਕਟਾਕ ਨਾਲ ਜੁੜੇ ਬਿਲ ਨੂੰ 95 ਅਰਬ ਡਾਲਰ ਦੇ ਵੱਡੇ ਪੈਕੇਜ ਦੇ ਹਿੱਸੇ ਦੇ ਰੂਪ 'ਚ ਸ਼ਾਮਲ ਕੀਤਾ ਗਿਆ ਸੀ ਜੋ ਯੂਕਰੇਨ ਅਤੇ ਇਜ਼ਰਾਈਲ ਨੂੰ ਵਿਦੇਸ਼ੀ ਸਹਾਇਤਾ ਪ੍ਰਦਾਨ ਕਰਦਾ ਹੈ ਅਤੇ 79-18 ਦੇ ਫਰਕ ਨਾਲ ਪਾਸ ਕੀਤਾ ਗਿਆ ਸੀ।

ਸੋਧੇ ਹੋਏ ਇਸ ਬਿਲ ਨੇ ਬਾਈਟਡਾਂਸ ਨੂੰ ਟਿਕਟਾਕ ਵੇਚਣ ਲਈ ਨੌਂ ਮਹੀਨੇ ਦਾ ਸਮਾਂ ਦਿਤਾ ਹੈ। ਜੇ ਵਿਕਰੀ ਪ੍ਰਕਿਰਿਆ ਅੱਗੇ ਵਧਦੀ ਹੈ, ਤਾਂ ਤਿੰਨ ਮਹੀਨਿਆਂ ਦਾ ਸੰਭਾਵਤ ਵਾਧਾ ਉਪਲਬਧ ਹੋਵੇਗਾ। ਇਹ ਬਿਲ ਕੰਪਨੀ ਨੂੰ ਟਿਕਟਾਕ ਦੇ 'ਗੁਪਤ ਫਾਰਮੂਲੇ' ਨੂੰ ਕੰਟਰੋਲ ਕਰਨ ਤੋਂ ਵੀ ਰੋਕ ਦੇਵੇਗਾ, ਜੋ ਇੱਕ ਅਜਿਹਾ ਐਲਗੋਰਿਦਮ ਹੈ ਜੋ ਪ੍ਰਯੋਗਕਰਤਾਵਾਂ ਨੂੰ ਉਨ੍ਹਾਂ ਦੀਆਂ ਦਿਲਚਸਪੀਆਂ ਦੇ ਅਧਾਰ 'ਤੇ ਵੀਡੀਉ ਉਪਲਬਧ ਕਰਵਾਉਂਦਾ ਹੈ ਅਤੇ ਜਿਸ ਨੇ ਮੰਚ ਨੂੰ ਵੱਡੀ ਸਫਲਤਾ ਦਿਤੀ ਹੈ।

ਇਹ ਬਿਲ ਚੀਨ ਦੀਆਂ ਧਮਕੀਆਂ ਅਤੇ ਟਿਕਟਾਕ ਦੀ ਮਲਕੀਅਤ ਨੂੰ ਲੈ ਕੇ ਵਾਸ਼ਿੰਗਟਨ ਵਿੱਚ ਲੰਮੇ ਸਮੇਂ ਤੋਂ ਚੱਲ ਰਹੇ ਡਰ ਦਾ ਨਤੀਜਾ ਹੈ। ਅਮਰੀਕਾ 'ਚ ਟਿਕਟਾਕ ਦੀ ਵਰਤੋਂ 17 ਕਰੋੜ ਲੋਕ ਕਰਦੇ ਹਨ। ਅਮਰੀਕੀ ਸੰਸਦ ਮੈਂਬਰਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਲੰਮੇ ਸਮੇਂ ਤੋਂ ਚਿੰਤਾ ਜ਼ਾਹਰ ਕੀਤੀ ਹੈ ਕਿ ਚੀਨੀ ਅਧਿਕਾਰੀ ਬਾਈਟਡਾਂਸ ਨੂੰ ਅਮਰੀਕੀ ਉਪਭੋਗਤਾਵਾਂ ਦਾ ਡੇਟਾ ਸੌਂਪਣ ਲਈ ਮਜਬੂਰ ਕਰ ਸਕਦੇ ਹਨ ਜਾਂ ਟਿਕਟਾਕ 'ਤੇ ਕੁੱਝ ਸਮੱਗਰੀ ਨੂੰ ਦਬਾ ਕੇ ਜਾਂ ਉਤਸ਼ਾਹਤ ਕਰ ਕੇ ਅਮਰੀਕੀਆਂ ਨੂੰ ਪ੍ਰਭਾਵਤ ਕਰ ਸਕਦੇ ਹਨ।

ਹਾਲਾਂਕਿ, ਅਮਰੀਕਾ ਦੇ ਰਾਸ਼ਟਰਪਤੀ ਬਣਨ ਲਈ ਮੁੜ ਮੁਕਾਬਲਾ ਕਰ ਰਹੇ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ ਸੰਭਾਵਤ ਪਾਬੰਦੀ ਦਾ ਵਿਰੋਧ ਕਰਦੇ ਹਨ। ਚੀਨ ਪਹਿਲਾਂ ਹੀ ਕਹਿ ਚੁੱਕਾ ਹੈ ਕਿ ਉਹ ਟਿਕਟਾਕ ਦੀ ਜ਼ਬਰਦਸਤੀ ਵਿਕਰੀ ਦਾ ਵਿਰੋਧ ਕਰੇਗਾ ਅਤੇ ਉਹ ਇਸ ਬਿਲ ਨੂੰ ਰੋਕਣ ਲਈ ਮੁਕੱਦਮਾ ਦਾਇਰ ਕਰਨ ਦੀ ਤਿਆਰੀ ਕਰ ਰਿਹਾ ਹੈ।

### ਤਾਜ਼ਾ ਸਰਵੇਖਣ ਵਿੱਚ ਹੋਇਆ ਖ਼ੁਲਾਸਾ

# ਬਹੁਤੇ ਅਮਰੀਕੀਆਂ ਲਈ ਭਵਿੱਖ ਵਿੱਚ 9-11 ਵਰਗਾ ਅੱਤਵਾਦੀ ਹਮਲਾ ਰੋਕਣਾ ਉੱਚ ਤਰਜੀਹ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਇੱਕ ਤਾਜ਼ਾ ਸਰਵੇਖਣ ਵਿੱਚ ਬਹੁਤੇ ਅਮਰੀਕੀਆਂ ਨੇ ਕਿਹਾ ਹੈ ਕਿ ਵਿਦੇਸ਼ ਨੀਤੀ ਵਿੱਚ ਭਵਿੱਖ ਵਿੱਚ 9-11 ਵਰਗਾ ਅੱਤਵਾਦੀ ਹਮਲਾ ਰੋਕਣ ਦਾ ਮੁੱਦਾ ਚੋਟੀ ਦੀ ਤਰਜੀਹ ਵਜੋਂ ਸ਼ਾਮਿਲ ਹੋਣਾ ਚਾਹੀਦਾ ਹੈ ਨਾ ਕਿ ਵਿਸ਼ਵ ਭਰ ਵਿੱਚ ਲੋਕਤੰਤਰ ਨੂੰ ਉਤਸ਼ਾਹਿਤ ਕਰਨਾ ਤੇ ਮਨੁੱਖੀ ਹੱਕ ਉੱਚ ਤਰਜੀਹ ਵਿੱਚ ਸ਼ਾਮਿਲ ਹੋਣ ਜਿਵੇਂ ਕਿ ਸਮੇਂ ਸਮੇਂ 'ਤੇ ਬਣੇ ਰਾਸ਼ਟਰਪਤੀਆਂ ਜਾਂ ਅਮਰੀਕੀ ਪ੍ਰਸ਼ਾਸਨ ਦੀ ਤਰਜੀਹ ਰਹੇ ਹਨ। ਇਸ ਤੋਂ ਇਲਾਵਾ ਗੈਰ ਕਾਨੂੰਨੀ ਡਰੱਗ ਦੇ ਵਹਾਅ ਨੂੰ ਰੋਕਣਾ ਦੂਸਰੀ ਤੇ ਪ੍ਰਮਾਣੂ ਹਥਿਆਰਾਂ ਦੇ ਪਸਾਰ ਨੂੰ ਰੋਕਣਾ ਤੀਸਰੀ ਤਰਜੀਹ ਵਜੋਂ ਵਿਦੇਸ਼ ਨੀਤੀ ਦੀ ਸੂਚੀ ਵਿੱਚ ਸ਼ਾਮਿਲ ਹੋਣੇ ਚਾਹੀਦੇ ਹਨ। ਇਸ ਸਰਵੇਖਣ ਅਨੁਸਾਰ ਰੂਸ ਤੇ ਚੀਨ ਦੇ ਪ੍ਰਭਾਵ ਨੂੰ ਘਟਾਉਣਾ ਤੇ ਵਾਤਾਵਰਣ ਤਬਦੀਲੀ ਨਾਲ ਲੜਨਾ ਅਮਰੀਕੀਆਂ ਵੱਲੋਂ ਸੂਚੀ ਦੇ ਮੱਧ ਵਿੱਚ ਸ਼ਾਮਿਲ ਕੀਤੇ ਗਏ ਹਨ। ਜਦ ਕਿ ਸੰਯੁਕਤ ਰਾਸ਼ਟਰ ਨੂੰ ਮਜਬੂਤ ਕਰਨਾ ਤੇ ਮਨੁੱਖੀ ਹੱਕਾਂ ਨੂੰ ਉਤਸ਼ਾਹਿਤ ਕਰਨਾ ਸੂਚੀ ਦੀਆਂ ਹੇਠਲੀਆਂ ਤਰਜੀਹਾਂ ਵਿੱਚ ਦਰਜ ਹੋਏ ਹਨ। ਸਰਵੇ ਵਿੱਚ ਵਿਸ਼ਵ ਭਰ ਵਿੱਚ ਲੋਕਤੰਤਰ ਨੂੰ ਉਤਸ਼ਾਹਿਤ ਕਰਨ ਦੇ ਮੁੱਦੇ ਨੂੰ ਸੂਚੀ ਵਿੱਚ ਸਭ ਤੋਂ ਹੇਠਾਂ ਜਗ੍ਹਾ ਮਿਲੀ ਹੈ। ਪੀਊ ਰਿਸਰਚ ਸੈਂਟਰ ਨੇ ਅਪ੍ਰੈਲ ਦੇ ਪਹਿਲੇ ਹਫਤੇ ਵਿੱਚ ਅਮਰੀਕੀ ਵਿਦੇਸ਼ ਨੀਤੀ ਦੀਆਂ ਤਰਜੀਹਾਂ ਸਬੰਧੀ 3000 ਅਮਰੀਕੀਆਂ ਦੀ ਰਾਏ ਲਈ ਸੀ। 11 ਸਤੰਬਰ, 2001 ਨੂੰ ਅਮਰੀਕੀ ਟਰੇਡ ਟਾਵਰਾਂ 'ਤੇ ਹੋਏ ਭਿਆਨਕ (**ਬਾਕੀ ਸਫ਼ਾ 30 'ਤੇ**)

# ਭਾਜਪਾ ਲਈ ਆਸਾਨ ਨਹੀਂ ਹੈ ਮੌਕਾਪ੍ਰਸਤਾਂ ਦੇ ਸਹਾਰੇ ਮੌਕਾ ਸਾਂਭਣਾ

## ਜੇ ਨਾਅਰਾ 'ਸਭ ਕਾ ਸਾਥ, ਸਭ ਕਾ ਵਿਕਾਸ ਹੈ' ਤਾਂ ਫਿਰ ਧਰਮਾਂ ਦੀ ਰਾਜਨੀਤੀ ਕਿਉਂ ?



**ਅੰਮ੍ਰਿਤਸਰ ਟਾਈਮਜ਼**



ਭਾਰਤ ਦੇ ਕੁਝ ਹਿੱਸਿਆਂ ਵਿੱਚ ਚੋਣਾਂ ਹੋ ਚੁੱਕੀਆਂ ਹਨ ਪਰ 2019 ਦੇ ਮੁਕਾਬਲੇ ਜੋਸ਼ ਬਹੁਤ ਮੱਧਮ ਹੈ, ਪ੍ਰਧਾਨ ਮੰਤਰੀ ਦੇ ਧੂੰਆਂਧਾਰ ਪ੍ਰਚਾਰ ਦੇ ਬਾਵਜੂਦ ਕੋਈ ਬਹੁਤ ਵੱਡੀ ਲਹਿਰ ਸਿਰਜਣ ਵਿੱਚ ਭਾਜਪਾ ਵਰਗੀ ਪੈਂਤੜੇਬਾਜ਼ ਪਾਰਟੀ ਵੀ ਅਸਫ਼ਲ ਜਾਪਦੀ ਹੈ। ਵਿਰੋਧੀ ਧਿਰਾਂ ਕਹਿ ਰਹੀਆਂ ਨੇ ਕਿ ਸੰਵਿਧਾਨ ਬਦਲਿਆ ਜਾਵੇਗਾ, ਲੋਕਤੰਤਰ ਖ਼ਤਰੇ ਵਿੱਚ ਹੈ, ਪਰ ਸੱਤਾਧਾਰੀ ਧਿਰ ਕੂਕ ਕੂਕ ਕੇ ਕਹਿ ਰਹੀ ਹੈ ਕਿ ਇਸ ਵਾਰ "ਚਾਰ ਸੌ ਪਾਰ"। ਪਰ ਇਸ ਤਰ੍ਹਾਂ ਦਾ ਸਭ ਕੁਝ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ। ਵੈਸੇ ਇੱਕ ਗੱਲ ਹੈ ਕਿ ਭਾਜਪਾ ਨੂੰ ਸੰਵਿਧਾਨ ਬਦਲਣ ਦੀ ਜ਼ਰੂਰਤ ਕੀ ਹੈ ? ਉਹਨਾਂ ਦਾ ਦਾਲ ਫੁਲਕਾ ਇਸ ਸੰਵਿਧਾਨ ਨਾਲ ਹੀ ਵਧੀਆ ਚੱਲ ਰਿਹਾ ਹੈ। ਧਾਰਾ 370 ਹਟਾਉਣਾ, ਰਾਮ ਮੰਦਰ ਦਾ ਨਿਰਮਾਣ ਆਦਿ ਆਰਾਮ ਨਾਲ ਨੇਪਰੇ ਚੜ੍ਹ ਰਹੇ ਹਨ। ਸੰਵਿਧਾਨ ਬਦਲਣ ਦੇ ਲਈ ਜੋ ਬਹੁਮਤ ਚਾਹੀਦਾ ਹੈ ਓਨੀ ਵੱਡੀ ਲਹਿਰ ਸਿਰਜਣ ਦੇ ਵਿੱਚ ਨਾਕਾਮਯਾਬ ਰਹੀ ਹੈ ਭਾਜਪਾ। ਚਾਰ ਸੌ ਪਾਰ ਕੇਵਲ ਪ੍ਰਚਾਰ ਲਈ ਹੈ। ਏਡੀ ਵੱਡੀ ਛਲਾਂਗ ਤਾਂ ਈ.ਵੀ.ਐਮ. ਦੇ ਸਹਾਰੇ ਹੀ ਲੱਗ ਸਕਦੀ ਹੈ।

ਜਵਾਹਰ ਲਾਲ ਨਹਿਰੂ ਤੇ ਇੰਦਰਾ ਗਾਂਧੀ ਤੋਂ ਬਾਅਦ ਇਹ ਚੋਣ ਇੱਕ ਵਿਅਕਤੀ ਭਾਵ ਨਰਿੰਦਰ ਮੋਦੀ 'ਤੇ ਕੇਂਦਰਿਤ ਹੈ। ਕੁਝ ਵੀ ਹੈ ਏਨੀ ਮਿਹਨਤ ਦੇ ਬਾਵਜੂਦ ਵੀ ਰਾਹੁਲ ਗਾਂਧੀ ਦਾ ਵਜੂਦ ਨਰਿੰਦਰ ਮੋਦੀ ਅੱਗੇ ਫਿੱਕਾ ਪੈ ਰਿਹਾ ਹੈ। 2047 ਤੱਕ ਵਿਕਸਤ ਭਾਰਤ ਤੇ ਦੁਨੀਆਂ ਦੀ ਤੀਸਰੀ ਵੱਡੀ ਅਰਥ ਵਿਵਸਥਾ ਦੀ ਗਾਰੰਟੀ ਤੇ ਉਹ ਵੀ ਮੋਦੀ ਦੀ ਗਾਰੰਟੀ ਦੇ ਨਾਲ ਭਾਜਪਾ ਅੱਗੇ ਵੱਧ ਰਹੀ ਹੈ ਤੇ ਵਿਰੋਧੀ ਪਾਰਟੀ ਵੀ ਇਕੱਲੇ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧ ਕੇ ਉਸ ਦਾ ਕੱਦ ਵੱਡਾ ਕਰ ਰਹੀ ਹੈ।

ਅਸਲ ਵਿੱਚ ਭਾਜਪਾ ਨੇ ਭ੍ਰਿਸ਼ਟ ਤੇ ਦਲ ਬਦਲੂਆਂ ਨੂੰ ਆਪਣੇ ਵਿੱਚ ਸ਼ਾਮਲ ਕਰਕੇ ਆਪਣਾ ਨੁਕਸਾਨ ਆਪ ਹੀ ਕਰ ਲਿਆ ਹੈ। ਜੇ ਈ.ਵੀ.ਐਮ. ਵਾਲਾ ਜਾਦੂ ਨਾ ਚੱਲਿਆ ਤਾਂ ਅਸਰ ਜ਼ਰੂਰ ਦਿਖੇਗਾ। ਪੰਜਾਬ ਵੱਲ ਝਾਤੀ ਮਾਰੀਏ ਤਾਂ ਬੀਜੇਪੀ ਨੇ ਬਹੁਤੇ ਕਾਂਗਰਸ ਦੇ ਹੀ ਉਮੀਦਵਾਰ ਆਪਣੇ ਵਿੱਚ ਮਿਲਾਏ ਹਨ। ਮਹਾਰਾਸ਼ਟਰ ਤੇ ਬਿਹਾਰ ਵਿੱਚ ਪਹਿਲਾਂ ਵਾਲੀ ਮੌਜ ਦਿਖਦੀ ਨਜ਼ਰ ਨਹੀਂ ਆ ਰਹੀ। 2019 ਦੀਆਂ ਚੋਣਾਂ ਸਮੇਂ ਬਾਲਾਕੋਟ ਤੇ ਪੁਲਵਾਮਾ ਵਰਗੇ ਸੰਵੇਦਨਸ਼ੀਲ ਮੁੱਦੇ ਭਾਜਪਾ ਨੂੰ ਵੱਡਾ ਹੁਲਾਰਾ ਦੇ ਗਏ ਸਨ ਪਰ ਇਸ ਵਾਰ ਐਹੋ ਜਿਹਾ ਕੋਈ ਵੀ ਮੁੱਦਾ ਨਹੀਂ। ਤੁਹਾਨੂੰ ਯਾਦ ਹੋਣੈ ਕਿ ਲੰਘੇ ਦਿਨਾਂ 'ਚ 'ਵਾਰ ਰੁਕਵਾ ਦੀ ਪਾਪਾ' ਵਾਲਾ ਵੀਡੀਓ ਭਾਜਪਾ ਦੁਆਰਾ ਬਹੁਤ ਸਾਰੀ ਯੋਜਨਾ ਤੇ ਉਮੀਦਾਂ ਨਾਲ ਮੋਦੀ ਦੀ ਛਵੀ ਚਮਕਾਉਣ ਦੇ ਲਈ ਬਣਾਇਆ ਗਿਆ ਸੀ। ਇਸ ਵੀਡੀਓ ਦੇ ਰਾਹੀਂ ਪ੍ਰਚਾਰ ਸਾਰੇ ਰਾਸ਼ਟਰੀ ਟੀ.ਵੀ. ਚੈਨਲਾਂ, ਯੂ ਟਿਊਬ ਤੇ ਸੋਸ਼ਲ ਮੀਡੀਆ ਪਲੇਟਫ਼ਾਰਮ 'ਤੇ ਚਲਾਉਣ ਦੀ ਤਿਆਰੀ ਸੀ। ਪ੍ਰਚਾਰ ਦੇ ਲਈ ਬਹੁਤ ਜ਼ਿਆਦਾ ਪੈਸਾ ਖ਼ਰਚਣ ਵਿੱਚ ਸਾਰੇ ਤਿਆਰ ਬੈਠੇ ਸਨ ਪਰ ਰਿਲੀਜ਼ ਹੋਣ ਤੋਂ ਦੋ ਘੰਟੇ ਬਾਅਦ ਹੀ ਇਸ ਵੀਡੀਓ ਦਾ ਬਹੁਤ ਮਾੜਾ ਅਸਰ ਪਿਆ ਕਿ ਭਾਜਪਾ ਵਾਲੇ ਵੀ ਇਸ ਦਾ ਬਚਾਓ ਨਹੀਂ ਕਰ ਸਕੇ ਤੇ ਆਖ਼ਰ ਵਿੱਚ ਇਸ ਤਰੀਕੇ ਦਾ ਪ੍ਰਚਾਰ ਬੰਦ ਕਰਨਾ ਪਿਆ। ਇਹ ਬੀਜੇਪੀ ਦੁਆਰਾ ਆਪਣੇ ਮਿਸ਼ਨ ਵਿੱਚ ਕੀਤਾ ਗਿਆ ਸਭ ਤੋਂ ਵੱਡਾ ਸੈੱਲਫ਼ ਗੋਲ ਸੀ ਪਰ ਪ੍ਰਾਪੇਗੰਡਾ ਬਰਬਾਦ ਹੋ ਗਿਆ।

ਇਸ ਸਮੇਂ ਲੋਕਾਂ ਨੂੰ ਮਹਿੰਗਾਈ, ਬੇਰੁਜ਼ਗਾਰੀ ਵਰਗੇ ਮੁੱਦੇ ਪਰੇਸ਼ਾਨ ਕਰ ਰਹੇ ਹਨ, ਅਗਨੀ ਵੀਰ ਭਰਤੀ ਸਰਕਾਰ ਦੀ ਗਲੇ ਦੀ ਹੱਡੀ ਬਣੀ ਹੋਈ ਹੈ। ਚਾਰ ਸਾਲ ਵਿੱਚ ਸੇਵਾ ਮੁਕਤ ਹੋਏ ਨੌਜਵਾਨ ਕਿਧਰ ਜਾਣਗੇ ? ਕਾਸ਼ ਇਸ ਨੂੰ ਲਾਗੂ ਕਰਨ ਤੋਂ ਪਹਿਲਾਂ ਸਰਕਾਰ ਨੇ ਦੂਰ ਦਾ ਸੋਚਿਆ ਹੁੰਦਾ। ਪ੍ਰਧਾਨ ਮੰਤਰੀ ਨੂੰ ਮੁਸਲਮਾਨਾਂ ਵਾਲਾ ਬਿਆਨ ਤੇ ਹਿੰਦੂਆਂ ਨੂੰ ਖ਼ਤਰੇ ਵਾਲਾ ਮੁੱਦਾ ਨਹੀਂ ਸੀ ਉਠਾਉਣਾ ਚਾਹੀਦਾ। ਉੱਤਰ ਪ੍ਰਦੇਸ ਦੀ ਜ਼ਮੀਨੀ ਆਵਾਜ਼ ਦੇ ਆਧਾਰ 'ਤੇ ਨੀਰਜਾ ਚੌਧਰੀ ਦਾ ਅਖ਼ਬਾਰ ਵਿੱਚ ਲਿਖਣਾ ਕਿ " ਬਹੁਤ ਹੋ ਗਿਆ ਹਿੰਦੂ ਮੁਸਲਮਾਨ, ਰਹਿਣਾ ਤਾਂ ਇਕੱਠਿਆਂ ਹੀ ਹੈ। " ਲੋਕਾਂ ਦੀ ਜਾਗਰੁਕਤਾ ਵੱਲ ਇਸ਼ਾਰਾ ਕਰਦਾ ਹੈ। ਜਦੋਂ ਸਰਕਾਰ ਦਾ ਸੰਦੇਸ਼ 'ਸਭ ਕਾ ਸਾਥ, ਸਭ ਕਾ ਵਿਕਾਸ' ਹੈ ਤਾਂ ਫਿਰ ਹਿੰਦੂ ਮੁਸਲਮਾਨ ਰਾਜਨੀਤੀ ਕਿਉਂ ?

ਸੀ. ਐਸ. ਡੀ. ਐਸ. ਲੋਕ ਨੀਤੀ ਸਰਵੇਖਣ ਰਿਪੋਰਟ ਦੇ ਅਨੁਸਾਰ 27 ਫ਼ੀਸਦੀ ਲੋਕ ਬੇਰੁਜ਼ਗਾਰੀ ਵਾਲਾ, 23 ਫ਼ੀਸਦੀ ਲੋਕ ਮਹਿੰਗਾਈ ਵਾਲਾ ਤੇ ਸਿਰਫ਼ 2 ਫ਼ੀਸਦੀ ਲੋਕ ਹਿੰਦੂ ਮੁਸਲਮਾਨ ਵਾਲਾ ਮੁੱਦਾ ਚੁੱਕ ਰਹੇ ਹਨ। ਇਸ ਤਰ੍ਹਾਂ ਲੱਗ ਰਿਹਾ ਹੈ ਕਿ ਜਿਵੇਂ ਭਾਜਪਾ ਆਪਣੇ ਪੈਰਾਂ 'ਤੇ ਆਪ ਕੁਹਾੜੀ ਮਾਰ ਬੈਠੀ ਹੈ ਕਿਉਂਕਿ ਭਾਜਪਾ ਨੂੰ ਵੀ ਕਾਂਗਰਸ ਨਾਲੋਂ ਵੱਧ ਚੁਣੌਤੀ ਸਥਾਨਕ ਨੇਤਾਵਾਂ ਤੋਂ ਮਿਲ ਰਹੀ ਹੈ। ਅਸਲ ਵਿੱਚ ਆਪਣਿਆਂ ਕਈਆਂ ਨੂੰ ਅੱਖੋਂ ਪਰੋਖੇ ਕਰਕੇ ਦੂਜੀਆਂ ਪਾਰਟੀਆਂ ਦੇ ਚਿਹਰਿਆਂ ਨੂੰ ਭਾਜਪਾ ਨੇ ਆਪਣੇ ਵਿੱਚ ਸ਼ਾਮਲ ਕੀਤਾ ਹੈ। ਨਵੀਨ ਪਟਨਾਇਕ, ਸਟਾਲਿਨ, ਜਗਨਰੈਡੀ, ਮਮਤਾ ਬੈਨਰਜੀ, ਸਿੱਧਰਾਮਈ ਡੀ. ਸ਼ਿਵ ਕੁਮਾਰ ਆਦਿ ਸਭ ਆਪਣੇ ਆਪਣੇ ਘਰ ਸੰਭਾਲਣਗੇ। ਉਹ ਭਾਜਪਾ ਨੂੰ ਜਗ੍ਹਾ ਨਹੀਂ ਦੇਣਗੇ। ਊਧਵ ਠਾਕਰੇ, ਤੇਜਸਵੀ ਯਾਦਵ ਤੇ ਅਖਿਲੇਸ਼ ਯਾਦਵ ਵਰਗੇ ਨੇਤਾਵਾਂ ਦੀ ਦ੍ਰਿੜ੍ਹਤਾ ਕਾਫ਼ੀ ਸਾਫ਼ ਦਿੱਖ ਰਹੀ ਹੈ। ਆਮ ਆਦਮੀ ਪਾਰਟੀ ਉਲਝੀ ਹੋਈ ਹੈ, ਮੇਰਾ ਖ਼ਿਆਲ ਹੈ ਕਿ ਕੇਜਰੀਵਾਲ ਦੀ ਸਿਹਤ 'ਤੇ ਰਾਜਨੀਤੀ ਕਰਨ ਨਾਲ ਉਹਨਾਂ ਦੇ ਕੁਝ ਪੱਲੇ ਨਹੀਂ ਪੈਣਾ।

ਕੁਲ ਮਿਲਾ ਕੇ ਏਸ ਵਾਰ ਰਾਜਨੀਤੀ ਦਾ ਵੱਖਰਾ ਤੇ ਘਿਨੌਣਾਂ ਜਿਹਾ ਰੂਪ ਵੇਖਣ ਨੂੰ ਮਿਲ ਰਿਹਾ ਹੈ, ਇਹ ਕਹਾਂਗੇ ਕਿ ਜਿਨ੍ਹਾਂ ਨੇ ਵਫ਼ਾਦਾਰੀਆਂ ਨਹੀਂ ਕੀਤੀਆਂ, ਭ੍ਰਿਸ਼ਟ ਨੇ, ਉਹਨਾਂ ਨੂੰ ਵੋਟ ਨਾ ਪਾਓ, ਇਹੀ ਸਾਡੀ ਜ਼ਿੰਮੇਵਾਰੀ ਬਣਦੀ ਹੈ। ਇਹ ਸੱਚ ਹੈ ਕਿ ਵੋਟ ਦੇਣਾ ਸਭ ਦਾ ਫ਼ਰਜ਼ ਹੈ ਪਰ ਜੋ ਜਨਤਾ ਦੇ ਨਾਲ ਖਿਲਵਾੜ ਕਰ ਰਹੇ ਹਨ, ਪਾਰਟੀਆਂ ਬਦਲ ਰਹੇ ਹਨ, ਉਹ ਭਾਵੇਂ ਕਿਸੇ ਵੀ ਪਾਰਟੀ ਦੇ ਹੋਣ, ਸਬਕ ਸਿਖਾਉਣਾ ਜਨਤਾ ਦਾ ਫ਼ਰਜ਼ ਹੈ।

# ਕੈਨੇਡਾ ਸਰਕਾਰ ਸਿੱਖਾਂ ਦੇ ਅਧਿਕਾਰਾਂ ਦੀ ਰਾਖੀ ਲਈ ਹਮੇਸ਼ਾ ਤਿਆਰ : ਟਰੂਡੋ

## ਧਾਰਮਿਕ ਅਸਥਾਨਾਂ ਦੀ ਸੁਰੱਖਿਆ ਵਧਾਉਣ ਦਾ ਕੀਤਾ ਐਲਾਨ





ਓਟਾਵਾ/ਏ.ਟੀ.ਨਿਊਜ਼: ਟੋਰਾਂਟੋ ਵਿੱਚ ਬੀਤੇ ਦਿਨੀਂ ਸਾਲਾਨਾ ਖਾਲਸਾ ਦਿਵਸ ਸਮਾਗਮਾਂ ਲਈ ਹਜ਼ਾਰਾਂ ਸਿੱਖ ਇਕੱਠੇ ਹੋਏ। ਓਨਟਾਰੀਓ ਸਿੱਖ ਅਤੇ ਗੁਰਦੁਆਰਾ ਕੌਂਸਲ ਅਨੁਸਾਰ ਇਹ ਖਾਲਸਾ ਸਾਜਨਾ ਦਿਵਸ ਅਤੇ ਸਿੱਖਾਂ ਦੇ ਨਵੇਂ ਸਾਲ ਦੇ ਮੌਕੇ 'ਤੇ ਮਨਾਇਆ ਗਿਆ। ਇਸ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਸ਼ਿਰਕਤ ਕੀਤੀ। ਇਸ ਦੌਰਾਨ ਖਾਲਿਸਤਾਨ ਦੇ ਹੱਕ ਵਿੱਚ ਨਾਅਰੇਬਾਜ਼ੀ ਕੀਤੀ ਗਈ। ਜਸਟਿਨ ਟਰੂਡੋ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਨਾਲ ਕੀਤੀ। ਇਸ ਦੌਰਾਨ ਉਨ੍ਹਾਂ ਸਿੱਖਾਂ ਦੇ ਹੱਕਾਂ ਦੀ ਰਾਖੀ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਦੇ ਭਾਸ਼ਣ ਦੌਰਾਨ ਖਾਲਿਸਤਾਨ ਸਮਰਥਕਾਂ ਦਾ ਪ੍ਰਭਾਵ ਦੇਖਣ ਨੂੰ ਮਿਲਿਆ।

ਪਿਛਲੇ ਸਾਲ ਕੈਨੇਡਾ ਅਤੇ ਭਾਰਤ ਦੇ ਸਬੰਧਾਂ ਵਿੱਚ ਤਣਾਅ ਪੈਦਾ ਹੋ ਗਿਆ ਸੀ। ਜਸਟਿਨ ਟਰੂਡੋ ਨੇ ਭਾਰਤ 'ਤੇ ਕੈਨੇਡਾ ਵਿੱਚ ਵੱਖਵਾਦੀ ਖਾਲਿਸਤਾਨੀ ਆਗੂ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦਾ ਦੋਸ਼ ਲਗਾਇਆ ਸੀ। ਟਰੂਡੋ ਨੇ ਕਿਹਾ, 'ਅਸੀਂ ਅੱਜ ਇੱਥੇ ਇਹ ਯਾਦ ਰੱਖਣ ਲਈ ਇਕੱਠੇ ਹੋਏ ਹਾਂ ਕਿ ਕੈਨੇਡਾ ਦੀ ਸਭ ਤੋਂ ਵੱਡੀ ਤਾਕਤ ਇਸਦੀ ਵਿਭਿੰਨਤਾ ਹੈ।' ਅਸੀਂ ਆਪਣੇ ਮਤਭੇਦਾਂ ਦੇ ਬਾਵਜੂਦ ਨਹੀਂ, ਸਗੋਂ ਆਪਣੇ ਮਤਭੇਦਾਂ ਕਾਰਨ ਮਜ਼ਬੂਤ ਹਾਂ।

ਟਰੂਡੋ ਨੇ ਕਿਹਾ ਕਿ ਸਾਨੂੰ ਇਹ ਵੀ ਯਾਦ ਰੱਖਣਾ ਹੋਵੇਗਾ ਕਿ ਸਿੱਖ ਕਦਰਾਂ-ਕੀਮਤਾਂ ਕੈਨੇਡੀਅਨ ਕਦਰਾਂ-ਕੀਮਤਾਂ ਹਨ। ਸੱਚ, ਨਿਆਂ, ਖੁੱਲਾਪਣ, ਦਇਆ, ਸੇਵਾ, ਮਨੁੱਖੀ ਅਧਿਕਾਰ। ਇਹ ਸਿੱਖੀ ਦੀਆਂ ਕਦਰਾਂ-ਕੀਮਤਾਂ ਹਨ। ਇਹ ਸਿੱਖ ਕੈਨੇਡੀਅਨ ਭਾਈਚਾਰਿਆਂ ਦੇ ਦਿਲ ਦੀਆਂ ਕਦਰਾਂ ਕੀਮਤਾਂ ਹਨ। ਉਨ੍ਹਾਂ ਅੱਗੇ ਕਿਹਾ, 'ਸਿੱਖ ਵਿਰਾਸਤ ਦੇ ਲਗਭਗ 8 ਲੱਖ ਕੈਨੇਡੀਅਨ ਇੱਥੇ ਰਹਿੰਦੇ ਹਨ। ਅਸੀਂ ਤੁਹਾਡੇ ਅਧਿਕਾਰਾਂ ਅਤੇ ਤੁਹਾਡੀ ਆਜ਼ਾਦੀ ਦੀ ਰੱਖਿਆ ਲਈ ਹਮੇਸ਼ਾ ਮੌਜੂਦ ਰਹਾਂਗੇ। ਇਸ ਲਈ, ਅਸੀਂ ਸੁਰੱਖਿਆ ਬੁਨਿਆਦੀ ਢਾਂਚੇ ਦੇ ਪ੍ਰੋਗਰਾਮ ਮਜਬੂਤ ਕਰ ਰਹੇ ਹਾਂ। ਸਾਰੇ ਗੁਰਦੁਆਰਿਆਂ ਸਮੇਤ ਕਮਿਊਨਿਟੀ ਸੈਂਟਰਾਂ ਅਤੇ ਧਾਰਮਿਕ ਅਸਥਾਨਾਂ ਦੀ ਸੁਰਖਿਆ ਵਧਾ ਰਹੇ ਹਾਂ।'

ਟਰੂਡੋ ਨੇ ਅੰਮ੍ਰਿਤਸਰ ਸਮੇਤ ਭਾਰਤ ਲਈ ਹੋਰ ਉਡਾਣਾਂ 'ਤੇ ਜ਼ੋਰ ਦਿੱਤਾ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਬਿਨਾਂ ਕਿਸੇ ਡਰ ਦੇ ਆਪਣੇ ਧਰਮ ਦੀ ਪਾਲਣਾ ਕਰਨ ਦਾ ਅਧਿਕਾਰ ਬਿਲਕੁਲ ਮੌਲਿਕ ਅਧਿਕਾਰ ਦੇ ਬਰਾਬਰ ਹੈ, ਜਿਸ ਦੀ ਗਾਰੰਟੀ ਕੈਨੇਡੀਅਨ ਚਾਰਟਰ ਆਫ ਰਾਈਟਸ ਐਂਡ ਫਰੀਡਮਜ਼ ਵਿੱਚ ਦਿੱਤੀ ਗਈ ਹੈ। ਅਸੀਂ ਤੁਹਾਡੇ ਨਾਲ ਖੜੇ ਹੋਵਾਂਗੇ। ਓਨਟਾਰੀਓ ਸਿੱਖ ਅਤੇ ਗੁਰਦੁਆਰਾ ਕੌਂਸਲ ਹਰ ਸਾਲ ਇੱਕ ਖਾਲਸਾ ਪਰੇਡ ਦਾ ਆਯੋਜਨ ਕਰਦੀ ਹੈ, ਜਿਸ ਵਿੱਚ ਦੂਰੋਂ-ਦੂਰੋਂ ਹਜ਼ਾਰਾਂ ਸੰਗਤਾਂ ਸ਼ਾਮਲ ਹੁੰਦੀਆਂ ਹਨ। ਇਸ ਦੌਰਾਨ ਲੰਗਰ ਕੀਤਾ ਜਾਂਦਾ ਹੈ। ਸਿੱਖ ਇਥੇ ਅਰਦਾਸ ਕਰਦੇ ਹਨ।

# ਗੁਰਦੁਆਰਾ ਸਾਹਿਬ ਫਰੀਮਾਂਟ ਅਮਰੀਕਾ ਦਾ ਨਿਵੇਕਲਾ ਉੱਦਮ

## 'ਸਿੱਖ ਬੱਚਿਆਂ ਦਾ ਦਿਨ' ਸਮਾਰੋਹ ਇੱਕ ਅਨੂਠੀ ਛਾਪ ਛੱਡ ਗਿਆ



ਫਰੀਮਾਂਟ/ਕੈਲੀਫ਼ੋਰਨੀਆਂ/ ਪ੍ਰਮਿੰਦਰ ਸਿੰਘ ਪ੍ਰਵਾਨਾ : ਪਿੱਛਲੇ 20 ਸਾਲਾਂ ਦੇ ਵੱਧ ਸਮੇਂ ਤੋਂ ਮਨਾਇਆ ਜਾ ਰਿਹਾ 'ਸਿੱਖ ਬੱਚਿਆਂ ਦਾ ਦਿਨ' ਇਸ ਵਾਰ ਵੀ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਜਿਸ ਵਿੱਚ 3-19 ਸਾਲ ਦੀ ਉਮਰ ਦੇ ਸੈਂਕੜੇ ਬੱਚਿਆਂ ਨੇ ਹਿੱਸਾ ਲਿਆ। ਦੂਰ ਦੂਰ ਦੇ ਸ਼ਹਿਰਾਂ ਟਰੇਸੀ, ਟਰਲਕ, ਮਨਟੀਕਾ, ਫਰਿਜਨੋ, ਸੈਕਰਾਮੈਂਟ, ਸਟਾਕਟਨ, ਐਲਸਬਰਾਂਟੇ, ਸੈਨਹੋਜੇ, ਸੈਟਾਂ ਕਲਾਰਾ, ਬੇ ਏਰੀਆ ਦੇ ਸਮੂਹ ਸ਼ਹਿਰ ਤੋਂ ਆ ਕੇ ਬੱਚੇ ਸਾਮਿਲ ਹੋਏ। ਰੋਜ਼ਾਨ ਦਰਬਾਰ ਤਂ ਬਾਅਦ ਲਗਭਗ 10 ਵਜੇ ਸਵੇਰੇ ਸਮਾਰੋਹ ਦੀ ਆਰੰਭਤਾ ਹੋਈ। ਅਖਰਬੋਧ, ਕਵਿਤਾ, ਸ਼ਬਦ ਕੀਰਤਨ ਅਤੇ ਅਰਦਾਸ ਤੋਂ ਬਾਅਦ ਉਲੀਕੇ ਪ੍ਰੋਗਰਾਮ ਸਿਖਰ 'ਤੇ ਪਹੁੰਚੇ। ਸਾਰੇ ਪ੍ਰੋਗਰਾਮ ਨੂੰ ਸੁਚੱਜੀ ਵਿਉਂਤਬੰਦੀ ਨਾਲ ਵੱਖ- ਵੱਖ ਹਿੱਸਿਆ ਵਿੱਚ ਵੰਡਿਆ ਗਿਆ ਜਿਵੇਂ ਸਾਖੀ ਸੁਨਾਉਣਾ ਵਿੱਚ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਉਪਦੇਸ਼ ਸ਼ਾਮਿਲ ਸੀ। ਇਤਿਹਾਸ ਦੀ ਖੋਜ਼ ਦੇ ਸਵਾਲ ਜਵਾਬ , ਗੁਰਬਾਣੀ ਕੰਠ, ਭਾਸ਼ਣ ਮੁਕਾਬਲਾ, ਕਵਿਤਾ ਮੁਕਾਬਲਾ, ਦਸਤਾਰ ਸਜਾਉਣਾ, ਪ੍ਰਸਾਦਾ ਬਨਾਉਣਾ, ਮਿੱਠੀ ਰੋਟੀ ਬਣਾਉਣਾ, ਸਿੱਖ ਕਲਾ ਚਿੱਤਰਕਾਰੀ, ਘੋੜ ਸਵਾਰੀ, ਤਰੀ ਅੰਦਾਜੀ, ਗਤਕਾ, ਖੇਡਾਂ ਆਦਿ। ਮੁਕਾਬਲਿਆਂ ਦਾ ਮਿਆਰੀ ਅੰਦਾਜ਼ ਵੇਖਣ ਸੁਨਣ 'ਤੇ ਹੀ ਬਣਦਾ ਸੀ। ਪ੍ਰਯੋਗਤਾਵਾਂ ਨੂੰ ਪ੍ਰਖਣ ਲਈ ਹਰ ਖੇਤਰ ਦੇ ਮਾਹਿਰ ਜੱਜਾਂ ਨੇ ਬਹੁਤ ਹੀ ਉਚ ਕੋਟਿ ਦਰਜੇ ਦੀ ਸੇਵਾ ਨਿਭਾਈ। ਕਵਿਤਾ ਮੁਕਾਬਲਾ ਵਿੱਚ ਜੱਜ ਦੀ ਭੂਮਿਕਾ ਵਿੱਚ ਸ਼ਾਮਲ ਸਨ ਪ੍ਰਮਿੰਦਰ ਸਿੰਘ ਪ੍ਰਵਾਨਾ, ਕਵੀਸ਼ਰ ਜਸਦੀਪ ਸਿੰਘ ਫਰੀਮੈਂਟ , ਧਾਰਮਿਕ ਕਵਿੱਤਰੀ ਬੀਬੀ ਬਲਵਿੰਦਰ ਕੌਰ। ਹਰ ਇੱਕ ਬੱਚੇ ਨੂੰ ਉਤਸ਼ਾਹਿਤ ਕਰਨ ਲਈ ਸਟਾਲਾਂ ਤੋਂ ਮਨ ਮਰਜੀ ਦਾ ਸਮਾਨ ਖ੍ਰੀਦਣ ਦਾ ਇਨਾਮੀ ਮੌਕਾ ਦਿੱਤਾ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਯਾਦਗਾਰੀ ਤਸਵੀਰਾਂ ਨੇ ਸਮਾਰੋਹ ਦਾ ਰੰਗ ਹੋਰ ਵੀ ਗੂੜਾ ਕਰ ਦਿੱਤਾ।

# ਵਿਪਸਾਅ ਕੈਲੀਫ਼ੋਰਨੀਆ ਵੱਲੋਂ ਪ੍ਰੋ. ਸੁਰਿੰਦਰ ਸਿੰਘ ਸੀਰਤ ਅਤੇ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦੇ ਕਾਵਿ-ਸੰਗ੍ਰਹਿ ਲੋਕ ਅਰਪਣ







ਹੇਵਰਡ/ਏ.ਟੀ.ਨਿਊਜ਼: ਬੀਤੇ ਦਿਨੀਂ ਵਿਪਸਾਅ ਕੈਲੀਫ਼ੋਰਨੀਆ ਵੱਲੋਂ ਇੱਕ ਵਿਸ਼ੇਸ਼ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਨਾਮਵਰ ਲੇਖਕ ਪ੍ਰੋ. ਸੁਰਿੰਦਰ ਸਿੰਘ ਸੀਰਤ ਦਾ ਕਾਵਿ ਸੰਗ੍ਰਹਿ 'ਜੰਗ ਜਾਰੀ ਹੈ' ਅਤੇ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦੇ ਦੋ ਕਾਵਿ ਸੰਗ੍ਰਹਿ 'ਰੁਹਾਨੀ ਰਮਜ਼ਾਂ' ਅਤੇ 'ਬੂੰਦ ਬੂੰਦ ਬਰਸਾਤ' ਲੋਕ ਅਰਪਣ ਕੀਤੀਆਂ ਗਈਆਂ। ਸਮਾਗਮ ਦੇ ਅਰੰਭ ਵਿੱਚ ਪ੍ਰਧਾਨ ਕੁਲਵਿੰਦਰ ਨੇ ਹਾਜ਼ਰ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਦਾ ਸਵਾਗਤ ਕੀਤਾ। ਉਨ੍ਹਾਂ ਨੇ ਆਪਣੀ ਕਾਰਜਕਾਰਨੀ ਵਿੱਚ ਵਾਧਾ ਕਰਦੇ ਹੋਏ ਪ੍ਰੋ. ਸੀਰਤ ਨੂੰ ਮੀਤ-ਪ੍ਰਧਾਨ ਵਜੋਂ ਸ਼ਾਮਲ ਕੀਤਾ। ਕੁਲਵਿੰਦਰ ਨੇ ਇਹ ਵੀ ਕਿਹਾ ਕਿ ਅੱਜ ਲੋਕ ਅਰਪਣ ਹੋਣ ਵਾਲੀਆਂ ਕਿਤਾਬਾਂ ਨੂੰ ਦੇਸ-ਵਿਦੇਸ਼ ਵਿੱਚ ਵੱਖ-ਵੱਖ ਸੰਸਥਾਵਾਂ ਨੇ ਮਾਣ-ਸਨਮਾਨ ਦਿੱਤਾ ਹੈ। ਇਸ ਉਪਰੰਤ ਪ੍ਰਧਾਨਗੀ ਮੰਡਲ ਵਿੱਚ ਪ੍ਰਸਿੱਧ ਲੇਖਕ ਅਮਰ ਸੂਫ਼ੀ, ਪ੍ਰੋ. ਸੁਰਿੰਦਰ ਸਿੰਘ ਸੀਰਤ, ਚਰਨਜੀਤ ਸਿੰਘ ਪੰਨੂ, ਸੁਰਿੰਦਰ ਸਿੰਘ ਧਨੋਆ (ਪੰਜਾਬ ਲੋਕ ਰੰਗ) ਅਤੇ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਸ਼ੁਸ਼ੋਭਿਤ ਹੋਏ। ਪ੍ਰੋ. ਸੁਰਿੰਦਰ ਸਿੰਘ ਸੀਰਤ ਦਾ ਕਾਵਿ ਸੰਗ੍ਰਹਿ ਲੋਕ ਅਰਪਣ ਕੀਤਾ ਗਿਆ। ਇਸ ਕਿਤਾਬ ਬਾਰੇ ਡਾ. ਐਮ.ਪੀ.ਸਿੰਘ (ਕਸ਼ਮੀਰ) ਵੱਲੋਂ ਲਿਖਿਆ ਪਰਚਾ ਸ਼ਾਇਰਾ ਸੁਰਜੀਤ ਸਖੀ ਵੱਲੋਂ ਭਾਵ ਪੂਰਤ ਢੰਗ ਨਾਲ਼ ਪੇਸ਼ ਕੀਤਾ ਗਿਆ।

ਚਰਨਜੀਤ ਸਿੰਘ ਪੰਨੂ ਨੇ ਕਿਹਾ ਕਿ ਉਹ ਸੀਰਤ ਨੇ ਪੰਜਾਬੀ ਸਾਹਿਤ ਵਿੱਚ ਆਪਣਾ ਸਥਾਨ ਇੱਕ ਲੰਮੀ ਘਾਲਣਾ ਬਾਅਦ ਹੁਣ ਪ੍ਰਾਪਤ ਕੀਤਾ ਹੈ। ਅਮਰਜੀਤ ਕੌਰ ਪੰਨੂੰ ਨੇ ਸੀਰਤ ਦੀਆਂ ਕਵਿਤਾਵਾਂ ਬਾਰੇ ਆਪਣੇ ਵਿਚਾਰ ਪ੍ਰਗਟਾਉਂਦੇ ਕਿਹਾ ਕਿ ਉਨ੍ਹਾਂ ਨੇ ਇਸ ਕਿਤਾਬ ਦੀਆਂ ਨੌਂ ਕਵਿਤਾਵਾਂ ਪੜ੍ਹੀਆਂ ਹਨ ਜਿਨ੍ਹਾਂ ਵਿੱਚ ਹਮਲਾਵਰਾਂ ਤੇ ਕਾਤਲਾਂ ਦੀ ਗੱਲ ਹੈ, ਯੋਧਿਆਂ ਤੇ ਸੂਰਬੀਰਾਂ ਦੀ ਗੱਲ ਹੈ, ਆਜ਼ਾਦੀ ਖ਼ਾਤਿਰ ਬਲੀਦਾਨਾਂ ਦੀ ਗੱਲ ਹੈ, 1984 ਦੇ ਘੱਲੂਘਾਰੇ ਦੇ ਨਾਲ਼-ਨਾਲ਼ ਔਰਤ ਦੇ ਸਤਿਕਾਰ ਦੀ ਗੱਲ ਹੈ। ਲਾਜ ਨੀਲਮ ਸੈਣੀ ਨੇ ਕਿਹਾ ਕਿ ਸੀਰਤ ਜੀ ਦੀ ਇਹ ਕਿਤਾਬ ਜੀਵਨ ਮੁੱਲਾਂ ਦੀ ਬਾਤ ਪਾਉਂਦੀ ਹੈ। ਨਾਰੀ -ਸ਼ਕਤੀ ਅਤੇ ਬਰਾਬਰਤਾ ਦੀ ਹੋ ਰਹੀ ਜੰਗ ਨੂੰ ਸਮਰਪਣ ਕਵਿਤਾ ਪਾਠਕ ਨੂੰ ਉਂਗਲੀ ਫੜ ਕੇ ਨਾਲ ਤੋਰਦੀ ਹੈ। ਸੀਰਤ ਨੇ ਆਪਣੀ ਸਿਰਜਣ ਪ੍ਰਕਿਰਿਆ ਬਾਰੇ ਗੱਲ ਕਰਦੇ ਹੋਏ ਕਿਹਾ, ਮੇਰੀ ਗ਼ਜ਼ਲ ਸ਼ਾਇਰੀ ਦੀ ਪੁਸਤਕ 'ਅਰੂਪੇ ਅੱਖਰਾਂ ਦਾ ਅਕਸ' 2014 ਵਿੱਚ ਛਪੀ ਸੀ। ਹੁਣ ਤੀਕ ਦੇ ਅੰਤਰਕਾਲ ਵਿੱਚ ਆਦਤਨ ਮੈਂ ਬਹੁਤ ਸਾਰੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਲਿਖੀਆਂ ਹਨ। ਇਸ ਤੋਂ ਬਾਅਦ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦੇ ਕਾਵਿ-ਸੰਗ੍ਰਹਿ ਲੋਕ ਅਰਪਣ ਕੀਤੇ ਗਏ। ਇਨ੍ਹਾਂ ਦੋਵਾਂ ਕਿਤਾਬਾਂ ਉੱਪਰ ਇਕਬਾਲ ਸਿੰਘ ਸਕਰੌਦੀ ਦੇ ਲਿਖੇ ਪਰਚੇ ਸੋਨੂੰ ਮਾਹਲ ਵੱਲੋਂ ਵਿਲੱਖਣ ਅੰਦਾਜ਼ ਵਿੱਚ ਪੇਸ਼ ਕੀਤੇ ਗਏ। ਜ਼ਿਕਰਯੋਗ ਹੈ ਕਿ ਸੋਨੂੰ ਮਾਹਲ ਨੇ ਪ੍ਰੋ. ਸੀਰਤ ਅਤੇ ਬੀਬੀ ਜੀ ਦੇ ਕਾਵਿ ਚਿੱਤਰ ਵੀ ਪੇਸ਼ ਕੀਤੇ। ਸੁਰਿੰਦਰ ਸਿੰਘ ਸੀਰਤ ਨੇ ਕਿਹਾ ਕਿ ਬੀਬੀ ਜੀ ਦੀਆਂ ਕਿਤਾਬਾਂ ਅਧਿਆਤਮਵਾਦ ਨਾਲ਼ ਸੰਬੰਧਿਤ ਹਨ। ਉਨ੍ਹਾਂ ਦਾ ਕਾਵਿ ਸੰਸਾਰ ਮਾਨਵੀ ਮੁੱਲਾਂ ਦਾ ਰਕਸ਼ਕ ਹੋਣ ਦੇ ਨਾਲ਼-ਨਾਲ਼ ਸਥਾਪਿਤ ਮੁੱਲਾਂ ਦੀ ਅਣਹੋਂਦ ਨੂੰ ਨਵੀਨਤਾ ਪ੍ਰਦਾਨ ਕਰਦਾ ਹੈ। ਸਿੱਖ ਸਮਾਜ ਵਿੱਚ ਪਿੱਤਰਸਤਾ ਦੇ ਵਿਰੋਧ ਦੇ ਬਾਵਜੂਦ ਉਹ ਅਮਰੀਕਾ ਵਿੱਚ ਸੈਕਰਾਮੈਂਟੋ ਗੁਰਦੁਆਰੇ ਦੇ ਮੁੱਖ ਗ੍ਰੰਥੀ ਨਿਯੁਕਤ ਹੋਏ। ਦੇਸ ਵਿਦੇਸ਼ ਵਿੱਚ ਵੱਖ-ਵੱਖ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਗਿਆ ਹੈ।

ਬੀਬੀ ਸੁਰਜੀਤ ਕੌਰ ਜੀ ਨੇ ਆਏ ਹੋਏ ਸਭ ਮਹਿਮਾਨਾਂ ਦਾ ਧੰਨਵਾਦ ਕੀਤਾ। ਅਮਰ ਸੂਫ਼ੀ ਨੇ ਇਸ ਸੈਸ਼ਨ ਨੂੰ ਸਮੇਟਦੇ ਹੋਏ ਦੋਵਾਂ ਲੇਖਕਾਂ ਅਤੇ ਵਿਪਸਾਅ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅਮਰੀਕਾ ਵਿੱਚ ਉਨ੍ਹਾਂ ਦੀ ਇਹ ਪਹਿਲੀ ਸਾਹਿਤਕ ਮਿਲਣੀ ਹੈ ਅਤੇ ਉਨ੍ਹਾਂ ਨੂੰ ਇਹ ਉਪਰਾਲਾ ਬਹੁਤ ਚੰਗਾ ਲੱਗਾ।

ਦੂਜੇ ਸੈਸ਼ਨ ਦੀ ਪ੍ਰਧਾਨਗੀ ਸੁਰਜੀਤ ਸਖੀ, ਅਮਰਜੀਤ ਪੰਨੂੰ, ਗੁਲਸ਼ਨ ਦਿਆਲ, ਲਖਵਿੰਦਰ ਲੱਕੀ ਅਤੇ ਹਰਪ੍ਰੀਤ ਕੌਰ ਧੂਤ ਨੇ ਕੀਤੀ। ਜਗਤਾਰ ਗਿੱਲ ਨੇ ਅਮਰ ਸੂਫ਼ੀ ਦੀ ਜਾਣ-ਪਛਾਣ ਕਰਵਾਉਂਦੇ ਕਿਹਾ ਕਿ ਉਹ ਪ੍ਰਸਿੱਧ ਬਹੁ-ਵਿਧਾਈ ਲੇਖਕ ਹਨ ਅਤੇ ਕਈ ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਲੱਕੀ, ਅਮਰ ਸੂਫ਼ੀ, ਜੋਤੀ ਸਿੰਘ, ਹਰਪ੍ਰੀਤ ਕੌਰ ਧੂਤ, ਰਾਂਝਾ ਖਾਨ, ਸੋਨੂੰ ਮਾਹਲ, ਐਸ਼ ਕੁਮ ਐਸ਼ ਅਤੇ ਕੁਲਵਿੰਦਰ ਨੇ ਕਵੀ ਦਰਬਾਰ ਵਿੱਚ ਹਿੱਸਾ ਲਿਆ। ਇਸ ਮੌਕੇ ਵਿਪਸਾਅ ਵੱਲੋਂ ਪ੍ਰੋ. ਸੀਰਤ, ਬੀਬੀ ਸੁਰਜੀਤ ਕੌਰ, ਅਮਰ ਸੂਫ਼ੀ ਅਤੇ ਪੰਜਾਬ ਲੋਕ ਰੰਗ ਦੇ ਸੁਰਿੰਦਰ ਸਿੰਘ ਧਨੋਆ ਅਤੇ ਜਸਵਿੰਦਰ ਕੌਰ ਧਨੋਆ ਨੂੰ ਸਨਮਾਨਿਤ ਕੀਤ ਗਿਆ। ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਹਰਮਿੰਦਰ ਕੌਰ ਆਹਲੂਵਾਲੀਆ, ਮਨਜੀਤ ਪਲੇਹੀ, ਪ੍ਰੋ. ਸੁਖਦੇਵ ਸਿੰਘ, ਪ੍ਰੋ. ਬਲਜਿੰਦਰ ਸਿੰਘ ਸਵੈ, ਕੇਹਰ ਸਿੰਘ, ਰਮਨਦੀਪ ਕੌਰ ਅਤੇ ਜਸਵੰਤ ਸਿੰਘ ਖੰਨਾ ਆਦਿ ਨੇ ਸ਼ਿਰਕਤ ਕੀਤੀ। ਸਟੇਜ ਸੰਚਾਲਨ ਲਾਜ ਨੀਲਮ ਸੈਣੀ ਵੱਲੋਂ ਕੀਤਾ ਗਿਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

**Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਮਰੀਕਾ 'ਚ ਆਤਮ ਹੱਤਿਆ ਦੀ ਰੋਕਥਾਮ ਲਈ ਵ੍ਹਾਈਟ ਹਾਊਸ ਨੇ ਬਣਾਈ ਰਾਸ਼ਟਰੀ ਰਣਨੀਤੀ

ਵਾਸ਼ਿੰਗਟਨ/ਏ.ਟੀ.ਨਿਊਜ਼ : ਵ੍ਹਾਈਟ ਹਾਊਸ ਹੁਣ ਆਤਮ ਹੱਤਿਆ ਦੀ ਰੋਕਥਾਮ ਲਈ ਆਪਣੀ ਨਵੀਂ ਰਾਸ਼ਟਰੀ ਰਣਨੀਤੀ ਬਣਾਈ ਹੈ, ਜਿਸ ਵਿੱਚ ਦੋ ਭਾਰਤੀ-ਅਮਰੀਕੀਆਂ ਨੀਰਾ ਟੰਡਨ ਅਤੇ ਡਾ. ਵਿਵੇਕ ਮੂਰਤੀ-ਮੁੱਖ ਸ਼ਖਸੀਅਤਾਂ ਵਜੋਂ ਸ਼ਾਮਲ ਹਨ। ਡਾ: ਵਿਵੇਕ ਮੂਰਤੀ ਸੰਯੁਕਤ ਰਾਜ ਦੇ ਸਰਜਨ ਜਨਰਲ ਹਨ, ਜਦੋਂ ਕਿ ਟੰਡਨ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਨੂੰ ਘਰੇਲੂ ਨੀਤੀ ਬਾਰੇ ਸਲਾਹ ਦਿੰਦੇ ਹਨ। ਇਹ ਰਣਨੀਤੀ ਓਪੀਔਡ ਮਹਾਮਾਰੀ ਨੂੰ ਖਤਮ ਕਰਨ ਅਤੇ ਮਾਨਸਿਕ ਸਿਹਤ ਨੂੰ ਸੁਧਾਰਨ ਦੇ ਰਾਸ਼ਟਰਪਤੀ ਬਿਡੇਨ ਦੇ ਏਕਤਾ ਏਜੰਡੇ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰੇਗੀ। ਟੰਡਨ ਨੇ ਕਿਹਾ ਕਿ ਪੀੜਤਾਂ ਨੂੰ ਘਟਾਉਣ ਅਤੇ ਖੁਦਕੁਸ਼ੀ ਨੂੰ ਰੋਕਣ ਲਈ ਸਭ ਕੁਝ ਕਰਨਾ ਰਾਸ਼ਟਰਪਤੀ ਬਿਡੇਨ ਦੀਆਂ ਪ੍ਰਮੁੱਖ ਤਰਜੀਹਾਂ ਵਿੱਚੋਂ ਇੱਕ ਹੈ ਅਤੇ ਅਮਰੀਕੀ ਲੋਕਾਂ ਦੀ ਸਿਹਤ ਅਤੇ ਤੰਦਰੁਸਤੀ ਵਿੱਚ ਸੁਧਾਰ ਕਰਨਾ ਇਸ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਟੰਡਨ ਨੇ ਕਿਹਾ ਕਿ ਓਪੀਓਡ ਮਹਾਂਮਾਰੀ ਅਤੇ ਦੇਸ਼ ਦੇ ਮਾਨਸਿਕ ਸਿਹਤ ਸੰਕਟਾਂ ਦਾ ਮੁਕਾਬਲਾ ਕਰਨ ਲਈ, ਬਿਡੇਨ-ਹੈਰਿਸ ਪ੍ਰਸ਼ਾਸਨ ਨੇ ਕਈ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ। ਖ਼ੁਦਕੁਸ਼ੀਆਂ ਦੀ ਮਹਾਂਮਾਰੀ ਜਨਤਕ ਸਿਹਤ ਦੇ ਖੇਤਰ ਵਿੱਚ ਇੱਕ ਵੱਡੀ ਚਿੰਤਾ ਹੈ। 2022 ਵਿੱਚ, ਅਮਰੀਕਾ ਵਿੱਚ ਖੁਦਕੁਸ਼ੀਆਂ ਦੀ ਗਿਣਤੀ 49,000 ਨੂੰ ਪਾਰ ਕਰ ਗਈ ਸੀ। ਵ੍ਹਾਈਟ ਹਾਊਸ ਦੀ ਇੱਕ ਸੂਚਨਾ ਸ਼ੀਟ ਵਿੱਚ ਕਿਹਾ ਗਿਆ ਹੈ ਕਿ ਇਹ ਹਰ



ਗਿਆਰਾਂ ਮਿੰਟਾਂ ਵਿੱਚ ਇੱਕ ਮੌਤ ਦੇ ਬਰਾਬਰ ਹੈ। ਸੰਯੁਕਤ ਰਾਜ ਅਮਰੀਕਾ ਵਿੱਚ ਵੱਧ ਰਹੀ ਖੁਦਕੁਸ਼ੀ ਦਰ ਦਾ ਅਸਰ ਭਾਰਤੀ ਅਮਰੀਕੀਆਂ ਲਈ ਵੀ ਹੈ। ਹਾਲਾਂਕਿ ਕੋਈ ਅਧਿਕਾਰਤ ਅੰਕੜੇ ਉਪਲਬਧ ਨਹੀਂ ਹਨ। ਇਸ ਨੀਤੀ ਤਹਿਤ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਘੱਟ ਸੇਵਾ ਵਾਲੇ ਅਤੇ ਜੋਖਮ ਵਾਲੇ ਭਾਈਚਾਰਿਆਂ ਦੀਆਂ ਚਿੰਤਾਵਾਂ ਨੂੰ ਸੰਬੋਧਿਤ ਕਰਨਗੇ ਅਤੇ ਸਮਾਗਮ ਦੌਰਾਨ ਨਵੀਂ ਯੋਜਨਾ ਪੇਸ਼ ਕਰਨਗੇ। ਰਣਨੀਤੀ ਪਾੜੇ ਨੂੰ ਭਰਨ ਲਈ ਖਾਸ ਸਿਫ਼ਾਰਸ਼ਾਂ ਦਿੰਦੀ ਹੈ। ਇਹ ਯੋਜਨਾ ਪਹਿਲੀ-ਪਹਿਲੀ ਫੈਡਰਲ ਐਕਸ਼ਨ ਪਲਾਨ ਦੇ ਨਾਲ ਹੋਵੇਗੀ, ਜੋ ਕਿ, ਇੱਕ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਦੇ ਅਨੁਸਾਰ, 200 ਤੋਂ ਵੱਧ ਵੱਖਰੀਆਂ ਪਹਿਲਕਦਮੀਆਂ ਦੀ ਸੂਚੀ ਹੈ ਜੋ ਪੂਰੇ ਪ੍ਰਸ਼ਾਸਨ ਵਿੱਚ ਸੰਘੀ ਭਾਈਵਾਲ ਅਗਲੇ ਤਿੰਨ ਸਾਲਾਂ ਵਿੱਚ ਲਾਂਚ ਕਰਨਗੇ ਅਤੇ ਮੁਲਾਂਕਣ ਕਰਨਗੇ। ਪ੍ਰਭਾਵਸ਼ਾਲੀ ਕਮਿਊਨਿਟੀ-ਆਧਾਰਿਤ ਖੁਦਕੁਸ਼ੀ ਰੋਕਥਾਮ ਪ੍ਰੋਗਰਾਮਾਂ ਦਾ ਮੁਲਾਂਕਣ ਕਰਨ, ਕਲੀਨਿਕਲ ਸੈਟਿੰਗਾਂ ਵਿੱਚ ਇੱਕੋ ਸਮੇਂ ਦਵਾਈਆਂ ਦੀ ਵਰਤੋਂ ਅਤੇ ਖੁਦਕੁਸ਼ੀ ਦੇ ਜੋਖਮ ਦੇ ਇਲਾਜ ਦੇ ਤਰੀਕੇ ਲੱਭਣ ਲਈ ਯਤਨ ਕੀਤੇ ਜਾਣਗੇ, ਇੱਕ ਮੋਬਾਈਲ ਸੰਕਟ ਲੋਕੇਟਰ ਨੂੰ ਫੰਡ ਦੇਣ ਲਈ 988 ਸੰਕਟ ਕੇਂਦਰ ਵਰਤ ਸਕਦੇ ਹਨ ਅਤੇ ਖੁਦਕੁਸ਼ੀ ਤੋਂ ਬਚੇ ਲੋਕਾਂ ਨੂੰ ਵਧੇਰੇ ਸਹਾਇਤਾ ਪ੍ਰਦਾਨ ਕਰਨ ਲਈ ਯਤਨ ਕੀਤੇ ਜਾਣਗੇ। ਪ੍ਰਸ਼ਾਸਨ ਦੇ ਇੱਕ ਸੀਨੀਅਰ ਅਧਿਕਾਰੀ ਨੇ ਘੋਸ਼ਣਾ ਕੀਤੀ ਕਿ ਦੇਸ਼ ਦੀ ਖੁਦਕੁਸ਼ੀ ਰੋਕਥਾਮ ਰਣਨੀਤੀ ਵਿੱਚ ਹੁਣ ਇੱਕ ਥੰਮ ਸ਼ਾਮਲ ਹੋਵੇਗਾ,ਜੋ ਇਕੁਇਟੀ ਨੂੰ ਤਰਜੀਹ ਦਿੰਦਾ ਹੈ। ਇਹ ਦੇਖਭਾਲ ਦੀ ਪੂਰੀ ਨਿਰੰਤਰਤਾ ਵਿੱਚ ਕੁਝ ਆਬਾਦੀਆਂ 'ਤੇ ਖੁਦਕੁਸ਼ੀ ਦੇ ਅਸਪਸ਼ਟ ਪ੍ਰਭਾਵ ਨੂੰ ਸੰਬੋਧਿਤ ਕਰਨ ਲਈ ਜ਼ਰੂਰੀ ਹੈ। ਜੇਵੀਅਰ ਬੇਸੇਰਾ, ਯੂਐਸਏ ਦੇ ਸਿਹਤ ਅਤੇ ਮਨੁੱਖੀ ਸੇਵਾਵਾਂ ਦੇ ਸਕੱਤਰ ਦੇ ਅਨੁਸਾਰ, ਖੁਦਕੁਸ਼ੀ ਇੱਕ ਬਹੁਪੱਖੀ ਜਨਤਕ ਸਿਹਤ ਮੁੱਦਾ ਹੈ ਜੋ ਸਾਰੇ ਦੇਸ਼ਾਂ ਵਿੱਚ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ। ਅਮਰੀਕਨਾਂ ਦੀ ਸਿਹਤ ਅਤੇ ਤੰਦਰੁਸਤੀ ਬਿਡੇਨ-ਹੈਰਿਸ ਪ੍ਰਸ਼ਾਸਨ ਲਈ ਨਿਰੰਤਰ ਤਰਜੀਹ ਰਹੀ ਹੈ।

# ਅਮਰੀਕਾ 'ਚ ਹੋਈ ਭਾਰਤੀ ਵਿਦਿਆਰਥੀ ਦੀ ਮੌਤ ਦਾ ਸਬੰਧ ਬਲਿਊ ਵੇਲ ਸੁਸਾਈਡ ਗੇਮ ਨਾਲ ਸੰਭਵ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਪਿਛਲੇ ਮਹੀਨੇ ਮਾਰਚ ਵਿੱਚ ਅਮਰੀਕੀ ਯੂਨੀਵਰਸਿਟੀ ਵਿੱਚ ਪੜ ਰਹੇ ਪਹਿਲੇ ਸਾਲ ਦੇ ਵਿਦਿਆਰਥੀ ਦੀ ਹੋਈ ਮੌਤ ਦਾ ਸਬੰਧ ਸੰਭਾਵੀ ਤੌਰ 'ਤੇ ਆਨ ਲਾਈਨ ਗੇਮ ਬਲਿਊ ਵੇਲ ਚੈਲੰਜ ਜਿਸ ਨੂੰ ਸੂਸਾਈਡ ਗੇਮ ਵੀ ਕਿਹਾ ਜਾਂਦਾ ਹੈ, ਨਾਲ ਹੋ ਸਕਦਾ ਹੈ। 20 ਸਾਲਾ ਵਿਦਿਆਰਥੀ, ਜਿਸ ਦੇ ਪਰਿਵਾਰ ਦੀ ਇੱਛਾ ਅਨੁਸਾਰ ਉਸ ਦਾ ਨਾਂ ਇਥੇ ਨਹੀਂ ਲਿਖਿਆ ਜਾ ਰਿਹਾ, ਯੁਨੀਵਰਸਿਟੀ ਆਫ ਮਾਸਾਚੂਸੈਟਸ ਵਿੱਚ ਪਹਿਲੇ ਸਾਲ ਦਾ ਵਿਦਿਆਰਥੀ ਸੀ ਜੋ ਪਿਛਲੇ ਮਹੀਨੇ 8 ਮਾਰਚ ਨੂੰ ਮ੍ਰਿਤਕ ਹਾਲਤ ਵਿੱਚ ਮਿਲਿਆ ਸੀ। ਬ੍ਰਿਸਟਲ ਕਾਊਂਟੀ ਡਿਸਟ੍ਰਿਕਟ ਅਟਰਾਨੀ ਦੇ ਬੁਲਾਰੇ ਗਰੇਗ ਮਿਲੋਟ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਪ੍ਰਤੱਖ ਆਤਮਹੱਤਿਆ ਨੂੰ ਮੁੱਖ ਰਖ ਕੇ ਕੀਤੀ ਗਈ ਹੈ। ਬਲਿਊ ਵੇਲ ਚੈਲੰਜ ਇੱਕ ਆਨ ਲਾਈਨ ਗੇਮ ਹੈ ਜਿਸ ਵਿੱਚ ਹਿੱਸਾ ਲੈਣ ਵਾਲੇ ਨੂੰ ਜੁਰਅਤ ਵਿਖਾਉਣ ਲਈ ਉਕਸਾਇਆ ਜਾਂਦਾ ਹੈ। ਸਰਕਾਰੀ ਸੂਤਰਾਂ




ਅਨੁਸਾਰ ਭਾਰਤੀ ਵਿਦਿਆਰਥੀ ਦੀ ਚੁਣੌਤੀ 2 ਮਿੰਟ ਲਈ ਸਾਹ ਰੋਕਣ ਦੀ ਸੀ ਜੋ ਉਸ ਦੀ ਮੌਤ ਦਾ ਕਾਰਨ ਬਣੀ ਹੋ ਸਕਦੀ ਹੈ। ਭਾਰਤੀ ਵਿਦਿਆਰਥੀ ਦੀ ਮੌਤ ਆਨ ਲਾਈਨ ਗੇਮ ਨਾਲ ਹੋਣ ਬਾਰੇ ਪੁੱਛੇ ਜਾਣ 'ਤੇ ਮਿਲੋਟ ਨੇ ਕਿਹਾ ਕਿ ਇਸ ਬਾਰੇ ਉਸ ਨੂੰ ਕੋਈ ਜਾਣਕਾਰੀ ਨਹੀਂ ਹੈ। ਮਾਮਲੇ ਦੀ ਜਾਂਚ ਖੁਦਕੁਸ਼ੀ ਦੇ ਨਜ਼ਰੀਏ ਤੋਂ ਹੋਈ ਹੈ। ਮਾਮਲੇ ਨੂੰ ਬੰਦ ਕਰਨ ਤੋਂ ਪਹਿਲਾਂ ਡਾਕਟਰੀ ਜਾਂਚ ਦੀ ਅੰਤਿਮ ਰਿਪੋਰਟ ਦੀ ਉਡੀਕੀ ਕੀਤੀ ਜਾ ਰਹੀ ਹੈ।

# 60 ਸਾਲਾ ਲੇਜੈਂਡਰਾ ਮਾਰੀਸਾ ਨੇ ਰਚਿਆ ਇਤਿਹਾਸ, ਮਿਸ ਅਰਜਨਟੀਨਾ ਮੁਕਾਬਲੇ ਲਈ ਕੀਤਾ ਕੁਆਲੀਫ਼ਾਈ

ਵਾਸ਼ਿੰਗਟਨ/ਏ.ਟੀ.ਨਿਊਜ਼: 60 ਸਾਲਾ ਅਲੇਜਾਂਡਰਾ ਮਾਰਿਸਾ ਰੋਡ੍ਰਿਗਜ਼ ਨੇ ਮਿਸ ਯੂਨੀਵਰਸ ਆਇਰਸ 2024 ਦਾ ਖ਼ਿਤਾਬ ਆਪਣੇ ਨਾਂ ਕਰਕੇ ਇਤਿਹਾਸ ਰਚ ਦਿੱਤਾ। ਪੇਸ਼ੇ ਵਜੋਂ ਵਕੀਲ ਤੇ ਪੱਤਰਕਾਰ ਅਲੇਜਾਂਡਰਾ ਅਰਜਨਟੀਨਾ ਦੇ ਲਾਅ ਪਲਾਟਾ ਦੀ ਰਹਿਣ ਵਾਲੀ ਹੈ। ਰਵਾਇਤੀ ਸੁੰਦਰਤਾ ਮਾਪਦੰਡਾਂ ਨੂੰ ਪਿੱਛੇ ਛੱਡਦਿਆਂ ਰੋਡ੍ਰਿਗਜ਼ 18 ਤੋਂ 73 ਸਾਲ ਦੀ ਉਮਰ ਦੇ 34 ਮੁਕਾਬਲੇਬਾਜ਼ਾਂ ਵਿਚਾਲੇ ਜੇਤੂ ਰਹੀ। ਪਹਿਲੇ ਮੁਕਾਬਲੇ 'ਚ ਸਿਰਫ 18 ਤੋਂ 28 ਸਾਲ ਦੀਆਂ ਔਰਤਾਂ ਹੀ ਹਿੱਸਾ ਲੈ ਸਕਦੀਆਂ ਸਨ ਪਰ ਸਤੰਬਰ 2023 'ਚ ਮਿਸ ਯੂਨੀਵਰਸ ਆਰਗੇਨਾਈਜੇਸ਼ਨ ਨੇ ਇਨ੍ਹਾਂ ਮੁਕਾਬਲਿਆਂ 'ਚ ਹਿੱਸਾ ਲੈਣ ਦੀ ਉਮਰ ਹੱਦ ਹਟਾ ਦਿੱਤਾ ਸੀ।

ਅਲੇਜਾਂਡਰਾ ਰੋਡ੍ਰਿਗਜ਼ ਦੀ ਕਾਮਯਾਬ



ਦਰਸਾਉਂਦੀ ਹੈ ਕਿ ਆਤਮਵਿਸ਼ਵਾਸ ਤੇ ਖਿੱਚ ਉਮਰ ਦੀਆਂ ਰੁਕਾਵਟਾਂ ਨੂੰ ਪਾਰ ਕਰਦੀ ਹੈ। ਅਲੇਜਾਂਡਰਾ ਇਸ ਵੱਕਾਰੀ ਤਾਜ਼ ਨੂੰ ਹਾਸਲ ਕਰਨ ਵਾਲੀ ਆਪਣੀ ਉਮਰ ਦੀ ਪਹਿਲੀ ਮੁਕਾਬਲੇਬਾਜ਼ ਬਣੀ ਗਈ ਹੈ। ਉਨ੍ਹਾਂ ਦੀ ਮਨਮੋਹਣੀ ਮੁਸਕ੍ਰਾਹਟ ਤੇ ਸ਼ਾਂਤ ਸੁਭਾਅ ਸਲੀਕੇ ਨੇ ਜੱਜਾਂ ਤੇ ਦਰਸ਼ਕਾਂ ਦਾ ਜਿੱਤ ਲਿਆ। ਇਸ ਜਿੱਤ ਨਾਲ ਰੋਡ੍ਰਿਗਜ਼ ਮਿਸ ਯੂਨੀਵਰਸ ਅਰਜਨਟੀਨਾ 2004 ਦੇ ਤਾਜ਼ ਲਈ ਮੁਕਾਬਲਾ ਕਰਨ ਲਈ ਦ੍ਰਿੜ੍ਹ ਹੈ। ਰੋਡ੍ਰਿਗਜ਼ ਦੀ ਸ਼ਾਨਦਾਰ ਉਪਲੱਬਧੀ ਨਾਲ ਹੀ ਹੋਰ ਔਰਤਾਂ ਵੀ ਮੁਕਾਬਲੇ ਦੇ ਮੈਦਾਨ 'ਚ ਧੁੰਮਾਂ ਪਾ ਰਹੀਆਂ ਹਨ ਤੇ ਵੱਕਾਰੀ ਖਿਤਾਬਾਂ ਲਈ ਉਮਰ ਦੀਆਂ ਰੁਕਾਵਟਾਂ ਨੂੰ ਪਾਰ ਕਰ ਰਹੀ ਹੈ। ਇੱਕ ਰਿਪੋਰਟ ਅਨੁਸਾਰ, 47 ਸਾਲਾ ਹੈਡੀ ਕਰੂਜ਼ ਆਗਾਮੀ 2024 ਮਕਾਬਲੇ 'ਚ ਡੋਮਿਨਿਕਨ ਗਣਰਾਜ ਦੀ ਪ੍ਰਤੀਨਿਧਤਾ ਕਰਨ ਲਈ ਤਿਆਰ ਹੈ, ਜੋ ਇਸ ਸਾਲ ਦੇ ਅੰਤ 'ਚ ਮੈਕਸੀਕੋ ਸਿਟੀ 'ਚ ਹੋਣ ਵਾਲੀ ਹੈ।

# ਪਾਕਿਸਤਾਨ 'ਚ ਵਧੇਗੀ ਕੁੜੀਆਂ ਦੇ ਵਿਆਹ ਦੀ ਉਮਰ

ਲਾਹੌਰ/ਏ.ਟੀ.ਨਿਊਜ਼ : ਪਾਕਿਸਤਾਨ ਵਿੱਚ ਕੁੜੀਆਂ ਦਾ ਵਿਆਹ ਛੋਟੀ ਉਮਰ ਵਿੱਚ ਹੀ ਕਰ ਦਿੱਤਾ ਜਾਂਦਾ ਹੈ। ਡਾਨ ਦੀ ਰਿਪੋਰਟ ਮੁਤਾਬਕ ਚਾਈਲਡ ਪ੍ਰੋਟੈਕਸ਼ਨ ਵੈਲਫੇਅਰ ਬਿਊਰੋ (ਸੀ.ਪੀ.ਡਬਲਯੂ.ਬੀ.) ਨੇ ਪਾਕਿਸਤਾਨ ਦੀ ਪੰਜਾਬ ਸਰਕਾਰ ਅੱਗੇ ਬਾਲ ਵਿਆਹ ਰੋਕੂ ਬਿੱਲ 2024-25 ਦਾ ਪ੍ਰਸਤਾਵ ਰੱਖਿਆ ਹੈ। ਇਸ ਪ੍ਰਸਤਾਵ ਦਾ ਉਦੇਸ਼ ਲੜਕੀਆਂ ਦੇ ਵਿਆਹ ਦੀ ਘੱਟੋ-ਘੱਟ ਉਮਰ 18 ਸਾਲ ਤੱਕ ਵਧਾਉਣਾ ਹੈ।

ਸੀ.ਪੀ.ਡਬਲਯੂ.ਬੀ. ਦੀ ਚੇਅਰਪਰਸਨ ਸਾਰਾ ਅਹਿਮਦ ਨੇ ਪੰਜਾਬ ਦੇ ਗ੍ਰਹਿ ਸਕੱਤਰ ਨੂਰੁਲ ਅਮੀਨ ਮੈਂਗਲ ਨੂੰ ਬਾਲ ਵਿਆਹ ਦੀ ਹਾਨੀਕਾਰਕ ਪ੍ਰਥਾ ਨਾਲ ਨਜਿੱਠਣ ਦੀ ਫੌਰੀ ਲੋੜ 'ਤੇ ਜ਼ੋਰ ਦਿੱਤਾ ਹੈ। ਅਹਿਮਦ ਨੇ ਪਾਕਿਸਤਾਨ ਡੈਮੋਗ੍ਰਾਫਿਕ ਹੈਲਥ ਸਰਵੇ 2017-18 ਦਾ ਹਵਾਲਾ ਦਿੰਦੇ ਹੋਏ ਖੁਲਾਸਾ ਕੀਤਾ ਕਿ ਪੰਜਾਬ 'ਚ 20 ਤੋਂ 24 ਸਾਲ ਦੀ ਉਮਰ ਦੀਆਂ 18 ਫ਼ੀਸਦੀ ਔਰਤਾਂ ਦਾ ਵਿਆਹ 18 ਸਾਲ ਦੀ ਉਮਰ ਤੋਂ ਪਹਿਲਾਂ ਹੋ ਗਿਆ ਸੀ, ਜਦੋਂ ਕਿ 2 ਫ਼ੀਸਦੀ ਦਾ ਵਿਆਹ 15 ਸਾਲ ਦੀ ਉਮਰ ਤੋਂ ਪਹਿਲਾਂ ਕੀਤਾ ਗਿਆ ਸੀ। ਡਾਨ ਦੀ ਰਿਪੋਰਟ ਮੁਤਾਬਕ ਪ੍ਰੋਵਿੰਸ਼ੀਅਲ ਅਸੈਂਬਲੀ (ਐਮਪੀਏ) ਦੇ ਮੈਂਬਰ ਅਤੇ ਸੀ.ਪੀ.ਡਬਲਯੂ.ਬੀ. ਦੀ ਚੇਅਰਪਰਸਨ ਦੇ ਤੌਰ 'ਤੇ, ਸਾਰਾ ਅਹਿਮਦ ਇਸ ਮਹੱਤਵਪੂਰਨ ਵਿਧਾਨਕ ਯਤਨ ਨੂੰ ਅੱਗੇ ਵਧਾਉਣ ਲਈ ਗ੍ਰਹਿ ਵਿਭਾਗ ਦਾ ਸਮਰਥਨ ਇਕੱਠਾ ਕਰ ਰਹੀ ਹੈ ਪ੍ਰਸਤਾਵਿਤ ਪੰਜਾਬ ਬਾਲ ਵਿਆਹ ਰੋਕੂ ਬਿੱਲ, 2024 1929 ਦੇ ਪ੍ਰਾਚੀਨ ਬਾਲ ਵਿਆਹ ਰੋਕੂ ਕਾਨੂੰਨ ਦੇ ਆਧੁਨਿਕੀਕਰਨ ਵਜੋਂ ਕੰਮ ਕਰਦਾ ਹੈ। ਇਸ



ਦਾ ਮੁੱਖ ਉਦੇਸ਼ ਸੂਬੇ ਦੇ ਅੰਦਰ ਬਾਲ ਵਿਆਹ ਤੋਂ ਪ੍ਰਭਾਵਿਤ ਨੌਜਵਾਨ ਲੜਕੀਆਂ ਦੀ ਸਿਹਤ, ਸੁਰੱਖਿਆ ਅਤੇ ਸਮੁੱਚੀ ਭਲਾਈ ਦੀ ਰੱਖਿਆ ਕਰਨਾ ਹੈ।

# ਲਹਿੰਦੇ ਪੰਜਾਬ ਨੇ ਸ਼ਾਦਮਾਨ ਚੌਕ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਲਈ ਮੰਗਿਆ ਸਮਾਂ

ਲਾਹੌਰ/ਏ.ਟੀ.ਨਿਊਜ਼ : ਪਾਕਿਸਤਾਨ ਦੇ ਪੰਜਾਬ ਸੂਬੇ ਨੇ ਬੀਤੇ ਦਿਨ ਇੱਥੇ ਸ਼ਾਦਮਾਨ ਚੌਕ ਦਾ ਨਾਮ ਆਜ਼ਾਦੀ ਘੁਲਾਟੀਏ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਰੱਖਣ ਦੇ ਮੁੱਦੇ 'ਤੇ ਹਾਈ ਕੋਰਟ ਕੋਲੋਂ ਹੋਰ ਸਮਾਂ ਮੰਗਿਆ ਹੈ। ਲਾਹੌਰ ਹਾਈ ਕੋਰਟ ਦੇ ਜੱਜ ਜਸਟਿਸ ਸ਼ਮਸ ਮਹਿਮੂਦ ਮਿਰਜ਼ਾ ਵੱਲੋਂ 'ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਪਾਕਿਸਤਾਨ ਦੀ ਇਕ ਪਟੀਸ਼ਨ 'ਤੇ ਸੁਣਵਾਈ ਕੀਤੀ ਜਾ ਰਹੀ ਸੀ।



ਪਟੀਸ਼ਨ ਵਿੱਚ ਸ਼ਾਦਮਾਨ ਚੌਕ ਦਾ ਨਾਮ ਬਦਲ ਕੇ ਭਗਤ ਸਿੰਘ ਦੇ ਨਾਮ 'ਤੇ ਰੱਖਣ ਦੇ ਅਦਾਲਤ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਲਈ ਪ੍ਰਾਂਤ ਅਤੇ ਜ਼ਿਲ੍ਹਾ ਸਰਕਾਰਾਂ ਦੇ ਤਿੰਨ ਚੋਟੀ ਦੇ ਅਧਿਕਾਰੀਆਂ ਖ਼ਿਲਾਫ਼ ਮਾਣਹਾਨੀ ਦੀ ਕਾਰਵਾਈ ਦੀ ਮੰਗ ਕੀਤੀ ਗਈ। ਪੰਜਾਬ ਸਰਕਾਰ ਦੇ ਸਹਾਇਕ ਐਡਵੋਕੇਟ ਜਨਰਲ ਇਮਰਾਨ ਖਾਨ ਨੇ ਸੁਣਵਾਈ ਦੌਰਾਨ ਅਦਾਲਤ ਨੂੰ ਕਿਹਾ ਕਿ ਸ਼ਾਦਮਾਨ ਚੌਕ ਦਾ ਨਾਮ ਆਜ਼ਾਦੀ ਘੁਲਾਟੀਏ ਦੇ ਨਾਮ 'ਤੇ ਰੱਖਣ ਦਾ ਨੋਟੀਫਿਕੇਸ਼ਨ ਜਾਰੀ ਕਰਨ ਵਾਸਤੇ ਸਰਕਾਰ ਨੂੰ ਹੋਰ ਸਮਾਂ ਦਿੱਤਾ ਜਾਣਾ ਚਾਹੀਦਾ ਹੈ।ਪਟੀਸ਼ਨਰ ਦੇ ਵਕੀਲ ਖਾਲਿਦ ਜ਼ਮਾ ਕਾਕੜ ਨੇ ਦਲੀਲ ਦਿੱਤੀ ਕਿ ਇਸ ਮਾਮਲੇ ਵਿੱਚ ਪਹਿਲਾਂ ਹੀ ਕਾਫੀ ਦੇਰ ਹੋ ਚੁੱਕੀ ਹੈ। ਹਾਈ ਕੋਰਟ ਨੇ 2018 ਵਿੱਚ ਸਰਕਾਰ ਨੂੰ ਲਾਹੌਰ ਸਥਿਤ ਸ਼ਾਦਮਾਨ ਚੌਕ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਰੱਖਣ ਦਾ ਹੁਕਮ ਦਿੱਤਾ ਸੀ। ਭਗਤ ਸਿੰਘ ਨੂੰ 93 ਸਾਲ ਪਹਿਲਾਂ ਲਾਹੌਰ ਵਿੱਚ ਫਾਂਸੀ ਦਿੱਤੀ ਗਈ ਸੀ। ਖਾਨ ਦੀ ਦਲੀਲ ਨੂੰ ਮਨਜ਼ੂਰ ਕਰ ਲਿਆ ਅਤੇ ਮਾਮਲੇ ਦੀ ਅਗਲੀ ਸੁਣਵਾਈ 7 ਜੂਨ ਤੱਕ ਲਈ ਮੁਲਤਵੀ ਕਰ ਦਿੱਤੀ।

# ਅਮਰੀਕੀ ਯੂਨੀਵਰਸਿਟੀ ਵਿੱਚ ਲੜਕੀ ਦੀ ਗੋਲ਼ੀ ਮਾਰ ਕੇ ਹੱਤਿਆ

ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੀ ਡੇਲਵੇਅਰ ਸਟੇਟ ਯੁਨੀਵਰਸਿਟੀ ਡੋਵਰ ਵਿੱਚ ਇੱਕ ਲੜਕੀ ਦੀ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੀ ਖ਼ਬਰ ਹੈ।

ਲੜਕੀ ਦੀ ਪਛਾਣ ਕੈਮੇ ਮਿਸ਼ੈਲ ਡੇਸਿਲਵਾ (18) ਵਜੋਂ ਹੋਈ ਹੈ। ਡੋਵਰ ਪੁਲਿਸ ਵਿਭਾਗ ਅਨੁਸਾਰ ਡੇਸਿਲਵਾ ਦੇ ਸਰੀਰ ਦੇ ਉਪਰਲੇ ਹਿੱਸੇ ਵਿੱਚ ਗੋਲੀ ਵਜੀ ਸੀ। ਉਸ ਨੂੰ ਇਲਾਜ਼ ਲਈ ਬੇਹੈਲਥ ਹਸਪਤਾਲ ਦੇ ਕੈਂਟ ਕੈਂਪਸ ਵਿੱਚ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਈ। ਉਹ ਯੁਨੀਵਰਸਿਟੀ ਦੀ ਪੰਜੀਕ੍ਰਿਤ ਵਿਦਿਆਰਥੀ ਨਹੀਂ ਸੀ। ਯਨੀਵਰਸਿਟੀ ਦੇ ਪ੍ਰਧਾਨ ਟੋਨੀ ਐਲਨ ਵੱਲੋਂ ਭੇਜੇ ਸੰਦੇਸ਼ ਵਿੱਚ ਕਿਹਾ ਗਿਆ ਹੈ ਕਿ ਉਸ ਦੀ ਮੌਤ ਦੇ ਅਫਸੋਸ ਵਿੱਚ ਯੁਨੀਵਰਸਿਟੀ ਕੈਂਪਸ ਇੱਕ ਦਿਨ ਲਈ ਬੰਦ ਰਿਹਾ।

# ਮੈਂ ਛੇ ਸਾਲ ਦੇ ਬੱਚੇ ਖ਼ਿਲਾਫ਼ ਲੜ ਰਿਹਾ ਹਾਂ: ਬਾਇਡਨ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਵਾਸ਼ਿੰਗਟਨ ਦੇ ਸਿਆਸੀ ਤੇ ਮੀਡੀਆ ਵਰਗ ਵੱਲੋਂ ਰੱਖੇ ਸਾਲਾਨਾ ਰਾਤਰੀ ਭੋਜ ਮੌਕੇ ਆਪਣੇ ਸਿਆਸੀ ਵਿਰੋਧੀ ਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਤਨਜ਼ ਕੱਸਿਆ ਤੇ ਉਨ੍ਹਾਂ ਦੀ ਉਮਰ ਦਾ ਮਜ਼ਾਕ ਉਡਾਉਂਦਿਆਂ ਕਿਹਾ, 'ਮੈਂ ਇੱਕ ਵੱਡਾ ਆਦਮੀ ਹਾਂ ਜੋ ਛੇ ਸਾਲ ਦੇ ਬੱਚੇ ਖ਼ਿਲਾਫ਼ ਲੜ ਰਿਹਾ ਹੈ।'




ਲੰਘੀ ਰਾਤ ਵ੍ਹਾਈਟ ਹਾਊਸ ਕੌਰਸਪੌਂਡੈਂਟ ਐਸੋਸੀਏਸ਼ਨ (ਡਬਲਯੂਐੱਚਸੀਏ) ਦੇ ਰਾਤਰੀ ਭੋਜ ਦੌਰਾਨ 81 ਸਾਲਾ ਬਾਇਡਨ ਨੂੰ 77 ਸਾਲਾ ਟਰੰਪ ਦੀ ਆਲੋਚਨਾ ਜਾਰੀ ਰੱਖਣ ਲਈ ਮੰਚ ਮੁਹੱਈਆ ਕੀਤਾ ਗਿਆ। ਇਹ ਉੱਚ ਪੱਧਰੀ ਪ੍ਰੋਗਰਾਮ ਬਾਇਡਨ ਦੇ ਇਜ਼ਰਾਈਲ-ਹਮਾਸ ਜੰਗ ਨਾਲ ਨਜਿੱਠਣ ਦੇ ਢੰਗ ਦੇ ਵੱਧਦੇ ਵਿਰੋਧ ਦਰਮਿਆਨ ਕਰਵਾਇਆ ਗਿਆ ਹੈ। ਆਪਣੇ ਦਸ ਮਿੰਟ ਦੇ ਭਾਸ਼ਣ ਦੌਰਾਨ ਰਾਸ਼ਟਰਪਤੀ ਨੇ ਟਰੰਪ ਨੂੰ ਨਿਸ਼ਾਨੇ 'ਤੇ ਰੱਖਿਆ ਤੇ ਕਿਹਾ, 'ਬੇਸ਼ੱਕ 2024 ਦੀਆਂ ਚੋਣਾਂ ਸਿਖਰ 'ਤੇ ਹਨ ਅਤੇ ਹਾਂ, ਉਮਰ ਇੱਕ ਮਸਲਾ ਹੈ। ਮੈਂ ਇੱਕ ਵੱਡਾ ਹੋ ਰਿਹਾ ਵਿਅਕਤੀ ਹਾਂ ਜੋ ਛੇ ਸਾਲ ਦੇ ਬੱਚੇ ਖ਼ਿਲਾਫ਼ ਲੜ ਰਿਹਾ ਹੈ।' ਇਸ ਸਮਾਗਮ 'ਚ ਤਿੰਨ ਹਜ਼ਾਰ ਦੇ ਕਰੀਬ ਪੱਤਰਕਾਰ, ਮਸ਼ਹੂਰ ਹਸਤੀਆਂ ਤੇ ਸਿਆਸਤਦਾਨ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਉਮਰ ਹੀ ਇੱਕੋ-ਇੱਕ ਚੀਜ਼ ਹੈ ਜੋ ਸਾਡੇ ਵਿਚਾਲੇ ਇੱਕੋ ਜਿਹੀ ਹੈ। ਬਾਇਡਨ ਨੇ ਆਪਣੀ ਤੇ ਟਰੰਪ ਦੀ ਚੋਣ ਮੁਹਿੰਮ ਵਿਚਾਲੇ ਫਰਕ ਵੀ ਸਾਂਝਾ ਕੀਤਾ।

ਸਟੇਟ ਆਫ ਦਿ ਯੂਨੀਅਨ ਦੇ ਸੰਬੋਧਨ ਤੋਂ ਬਾਅਦ ਬਾਇਡਨ ਦੀ ਮੁਹਿੰਮ ਕਾਫੀ ਤੇਜ਼ ਹੋ ਚੁੱਕੀ ਹੈ। ਜ਼ਿਕਰਯੋਗ ਹੈ ਕਿ ਬਾਇਡਨ ਤੇ ਟਰੰਪ ਦੋਵੇਂ 5 ਨਵੰਬਰ ਦੀ ਰਾਸ਼ਟਰਪਤੀ ਦੇ ਅਹੁਦੇ ਦੀ ਦੌੜ 'ਚ ਆਪੋ-ਆਪਣੀ ਪਾਰਟੀ ਦੀ ਨਾਮਜ਼ਦਗੀ ਹਾਸਲ ਕਰਨ ਲਈ ਲੋੜੀਂਦੇ ਨੁਮਾਇੰਦਿਆਂ ਦੀ ਹਮਾਇਤ ਹਾਸਲ ਕਰ ਚੁੱਕੇ ਹਨ।

# ਦੁਨੀਆਂ ਦੇ ਕਈ ਖੇਤਰਾਂ 'ਚ ਇਕੋ ਸਮੇਂ ਬਹੁਤ ਜ਼ਿਆਦਾ ਗਰਮੀ ਵਧਣਾ ਖ਼ਤਰੇ ਦਾ ਸੰਕੇਤ



ਨਵੀਂ ਦਿੱਲੀ/ਏ.ਟੀ.ਨਿਊਜ਼ : ਦੁਨੀਆਂ ਦੇ ਕਈ ਖੇਤਰਾਂ ਵਿੱਚ ਇਕੋ ਸਮੇਂ ਬਹੁਤ ਜ਼ਿਆਦਾ ਗਰਮੀ ਪੈਣਾ ਇੱਕ ਗਰਮ ਗ੍ਰਹਿ ਦਾ 'ਉਭਰਦਾ ਲੱਛਣ' ਬਣ ਸਕਦਾ ਹੈ, ਜੋ ਖ਼ਤਰੇ ਦਾ ਸੰਕੇਤ ਹੈ। ਇੱਕ ਨਵੇਂ ਅਧਿਐਨ 'ਚ ਇਹ ਗੱਲ ਸਾਹਮਣੇ ਆਈ ਹੈ। ਸਾਲ 2023 ਲਈ ਮੌਸਮ ਅਤੇ ਜਲਵਾਯੂ ਦੀ ਸਮੀਖਿਆ ਕਰਨ ਵਾਲੀ ਨਵੀਂ ਖੋਜ ਇਹ ਵੀ ਕਹਿੰਦੀ ਹੈ ਕਿ ਪਿਛਲੇ ਸਾਲ ਅਨੁਭਵ ਕੀਤੀਆਂ ਗਈਆਂ ਬਹੁਤ ਸਾਰੀਆਂ ਘਟਨਾਵਾਂ ਗਰਮ ਹੁੰਦੀ ਦੁਨੀਆਂ ਬਾਰੇ ਬੀਤੇ ਸਮੇਂ 'ਚ ਕੀਤੀਆਂ ਗਈਆਂ ਭਵਿੱਖਬਾਣੀਆਂ ਨਾਲ ਮੇਲ ਖਾਂਦੀਆਂ ਹਨ। ਖੋਜਕਾਰਾਂ ਨੇ ਕਿਹਾ ਕਿ ਭਵਿੱਖ 'ਚ ਧਰਤੀ ਦੇ ਬਹੁਤ ਜ਼ਿਆਦਾ ਗਰਮ ਹੋਣ 'ਤੇ ਸਾਲ ਦੇ ਸ਼ੁਰੂ 'ਚ ਹੀ ਰਿਕਾਰਡ ਤੋੜ ਗਰਮੀ ਅਤੇ ਚੱਕਰਵਾਤ ਕਾਰਨ ਬਹੁਤ ਜ਼ਿਆਦਾ ਮੀਂਹ ਪੈਣ ਦਾ ਖਦਸ਼ਾ ਹੈ।

ਮੈਗਜ਼ੀਨ 'ਐਡਵਾਂਸ ਇਨ ਐਟਮੌਸਫੈਰਿਕ ਸਾਇੰਸ' 'ਚ ਪ੍ਰਕਾਸ਼ਿਤ ਅਧਿਐਨ ਦੇ ਸਹਿ-ਲੇਖਕ ਰੌਬਿਨ ਕਲਾਰਕ ਨੇ ਕਿਹਾ, "ਅਸੀਂ ਮੌਸਮ ਦੇ ਉਨ੍ਹਾਂ ਹਾਲਾਤਾਂ ਨੂੰ ਦੇਖ ਰਹੇ ਹਾਂ ਜੋ ਆਮ ਤੌਰ 'ਤੇ ਘੱਟ ਵੇਖੇ ਜਾਂਦੇ ਹਨ। ਉਦਾਹਰਣ ਲਈ, ਦੱਖਣ-ਪੱਛਮੀ ਯੂਰਪ, ਬ੍ਰਾਜ਼ੀਲ, ਮੋਰੱਕੋ ਅਤੇ ਦੱਖਣੀ ਅਫਰੀਕਾ 'ਚ 2023 ਦੀ ਬਸੰਤ ਰੁੱਤ 'ਚ ਗਰਮ ਹਵਾ ਵੇਖੀ ਗਈ।" ਉੱਤਰੀ ਅਮਰੀਕਾ, ਦੱਖਣੀ ਯੂਰਪ, ਉੱਤਰੀ ਅਫਰੀਕਾ ਅਤੇ ਏਸ਼ੀਆ ਦੇ ਕਈ ਖੇਤਰਾਂ 'ਚ ਪਿਛਲੇ ਸਾਲ ਜੁਲਾਈ 'ਚ ਇਕੋ ਸਮੇਂ ਰਿਕਾਰਡ ਤੋੜ ਗਰਮੀ ਦੇਖਣ ਨੂੰ ਮਿਲੀ ਸੀ। ਉਨ੍ਹਾਂ ਨੇ ਗੰਭੀਰ ਚੱਕਰਵਾਤਾਂ ਦੇ ਨਾਲ ਬਹੁਤ ਜ਼ਿਆਦਾ ਬਾਰਿਸ਼ ਦੀਆਂ ਘਟਨਾਵਾਂ ਵੀ ਦਰਜ ਕੀਤੀਆਂ, ਜਿਵੇਂ ਕਿ ਲੀਬੀਆ 'ਚ ਪਿਛਲੇ ਸਾਲ ਸਤੰਬਰ ਅਤੇ ਉੱਤਰੀ ਚੀਨ 'ਚ ਦੁਲਾਈ 'ਚ ਹੜ੍ਹ ਆਏ।

ਖੋਜਕਾਰਾਂ ਨੇ ਇਹ ਵੀ ਪਾਇਆ ਕਿ ਪਿਛਲੇ ਸਾਲ ਹਵਾਈ ਅਤੇ ਕੈਨੇਡਾ 'ਚ ਜੰਗਲਾਂ 'ਚ ਲੱਗੀ ਅੱਗ ਵੀ ਭਾਰੀ ਨੁਕਸਾਨ ਪਹੁੰਚਾ ਰਹੀ ਹੈ। ਉਨ੍ਹਾਂ ਕਿਹਾ ਕਿ ਜੰਗਲ ਦੀ ਅੱਗ ਕਾਰਨ ਵਾਤਾਵਰਣ ਵੀ ਬਹੁਤ ਦਬਾਅ 'ਚ ਹੈ। ਉਨ੍ਹਾਂ ਨੇ ਜਲਵਾਯੂ ਤਬਦੀਲੀ ਦੇ ਮਾੜੇ ਨਤੀਜਿਆਂ ਦੇ ਮੱਦੇਨਜ਼ਰ ਬਿਹਤਰ ਤਰੀਕੇ ਨਾਲ ਤਿਆਰ ਰਹਿਣ ਲਈ ਅਗਊਂ ਅੰਦਾਜ਼ੇ ਅਤੇ ਅਗਾਊਂ ਚਿਤਾਵਨੀ ਪ੍ਰਣਾਲੀਆਂ 'ਚ ਸੁਧਾਰ ਲਿਆਉਣ ਦੀ ਅਪੀਲ ਕੀਤੀ।

# ਅਮਰੀਕਾ ਦੇ ਕਈ ਰਾਜਾਂ ਵਿੱਚ ਤੂਫਾਨ ਨੇ ਮਚਾਈ ਤਬਾਹੀ

## 2 ਮੌਤਾਂ, ਕਈ ਘਰ ਹੋਏ ਤਬਾਹ ਤੇ ਹਜ਼ਾਰਾਂ ਘਰਾਂ ਵਿੱਚ ਬਿਜਲੀ ਦੀ ਸਪਲਾਈ ਠੱਪ

ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਨੇਬਰਾਸਕਾ, ਲੋਵਾ, ਟੈਕਸਾਸ ਤੇ ਓਕਲਾਹੋਮਾ ਰਾਜਾਂ ਵਿਚ ਮੌਸਮ ਵਿਚ ਪਿਛਲੇ ਦੋ ਦਿਨਾਂ ਦੌਰਾਨ ਆਈ ਖਤਰਨਾਕ ਤਬਦੀਲੀ ਉਪਰੰਤ ਆਏ ਜਬਰਦਸਤ ਤੂਫਾਨ ਕਾਰਨ ਘੱਟੋ ਘੱਟ ਦੋ ਮੌਤਾਂ ਹੋਣ, ਕਈ ਘਰਾਂ ਨੂੰ ਨੁਕਸਾਨ ਪਹੁੰਚਣ ਤੇ ਹਜ਼ਾਰਾਂ ਘਰਾਂ ਵਿੱਚ ਬਿਜਲੀ ਦੀ ਸਪਲਾਈ ਠੱਪ ਰਹਿਣ ਦੀ ਖ਼ਬਰ ਹੈ। ਮੌਸਮ ਵਿਭਾਗ ਵੱਲੋਂ ਦਿੱਤੀ ਚਿਤਾਵਨੀ ਵਿੱਚ ਟੈਕਸਾਸ, ਨੇਬਰਾਸਕਾ, ਓਕਲਾਹੋਮਾ, ਕੰਸਾਸ, ਮਿਸੂਰੀ ਤੇ ਲੋਵਾ ਵਿੱਚ ਆਮ ਲੋਕਾਂ ਨੂੰ ਤੂਫਾਨ ਤੋਂ ਚੌਕਸ ਰਹਿਣ ਲਈ ਕਿਹਾ ਗਿਆ ਹੈ। ਐਮਰਜੈਂਸੀ ਮੈਨੇਜਮੈਂਟ ਅਧਿਕਾਰੀਆਂ ਨੇ ਹੂਗਸ ਕਾਊਂਟੀ ਵਿੱਚ ਘੱਟੋ ਘੱਟ 2 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ। ਲੋਵਾ ਕਾਊਂਟੀ ਦੇ ਕਸਬੇ ਮੈਰੀਏਟਾ ਵਿੱਚ ਵੀ ਤੂਫਾਨ ਨੇ ਕਾਫ਼ੀ ਨੁਕਸਾਨ ਪਹੁੰਚਾਇਆ ਹੈ। ਡਿਕਸਨ ਕਾਊਂਟੀ ਜਿਥੇ 4 ਮਹੀਨੇ ਪਹਿਲਾਂ ਤੂਫਾਨ ਨੇ ਜਬਰਦਸਤ ਤਬਾਹੀ ਮਚਾਈ ਸੀ ਤੇ 125 ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾਵਾਂ ਚੱਲੀਆਂ ਸਨ, ਵਿੱਚ ਵੀ ਤਾਜ਼ਾ ਤੂਫਾਨ ਆਇਆ ਹੈ। ਮੌਸਮ ਵਿਭਾਗ ਨੇ ਸੋਸ਼ਲ ਮੀਡੀਆ ਉੱਪਰ ਅੱਧੀ ਰਾਤ ਵੇਲੇ ਦਿੱਤੀ ਚਿਤਾਵਨੀ ਵਿੱਚ ਕਿਹਾ ਹੈ ਕਿ ਹਾਲਾਤ ਬਹੁਤ ਗੰਭੀਰ ਹਨ, ਇਸ ਲਈ ਘਰਾਂ ਵਿੱਚ ਜਾਂ ਸੁਰੱਖਿਅਤ ਥਾਂ 'ਤੇ ਪਨਾਹ ਲਈ ਜਾਵੇ। ਟੈਕਸਾਸ ਤੇ ਓਕਲਾਹੋਮਾ ਵਿੱਚ 80000 ਦੇ ਆਸ ਪਾਸ ਘਰਾਂ ਤੇ ਕਾਰੋਬਾਰੀ ਅਦਾਰਿਆਂ ਵਿੱਚ ਬਿਜਲੀ ਦੀ ਸਪਲਾਈ ਠੱਪ ਹੋ ਗਈ ਹੈ ਜਿਸ ਨੂੰ ਬਹਾਲ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਨੇਬਰਾਸਕਾ ਵਿੱਚ ਓਮਾਹਾ ਵਿਖੇ ਮੌਸਮ ਬਾਰੇ ਕੌਮੀ ਸੇਵਾ ਦਫ਼ਤਰ ਨੇ ਕਿਹਾ ਹੈ ਕਿ ਹੋਰ ਤੂਫਾਨ ਆ ਸਕਦੇ ਹਨ। ਸੋਸ਼ਲ ਮੀਡੀਆ ਉੱਪਰ ਦਿੱਤੀ ਚਿਤਾਵਨੀ ਵਿੱਚ ਕੌਮੀ ਸੇਵਾ ਦਫ਼ਤਰ ਨੇ ਕਿਹਾ ਹੈ ਕਿ ਬੇਹੱਦ ਗੰਭੀਰ ਤੂਫਾਨ ਆ ਸਕਦਾ ਹੈ ਇਸ ਲਈ ਮੌਸਮ ਉੱਪਰ ਨਜ਼ਰ ਰੱਖੀ ਜਾਵੇ ਤੇ ਖਾਸ ਤੌਰ 'ਤੇ ਜੇਕਰ ਤੁਸੀਂ ਘਰ ਤੋਂ ਬਾਹਰ ਹੋ ਤਾਂ ਇਸ ਸਬੰਧੀ ਚੌਕਸੀ ਵਰਤਣੀ ਬਹੁਤ ਜ਼ਰੂਰੀ ਹੈ।



# ਪਾਕਿਸਤਾਨ ਤੇ ਇਰਾਨ ਤੋਂ ਕੱਢੇ ਗਏ 2000 ਤੋਂ ਵੱਧ ਅਫ਼ਗਾਨ ਪ੍ਰਵਾਸੀ



ਇਸਲਾਮਾਬਾਦ/ਏ.ਟੀ.ਨਿਊਜ਼: ਪਾਕਿਸਤਾਨ ਅਤੇ ਇਰਾਨ ਦੁਆਰਾ ਕੱਢੇ ਜਾਣ ਤੋਂ ਬਾਅਦ 2000 ਤੋਂ ਵੱਧ ਅਫਗਾਨ ਪ੍ਰਵਾਸੀਆਂ ਨੇ ਰਾਸ਼ਟਰ ਵਿੱਚ ਮੁੜ ਪ੍ਰਵੇਸ਼ ਕੀਤਾ।

ਟੋਲੋ ਨਿਊਜ਼ ਨੇ ਤਾਲਿਬਾਨ ਦੀ ਅਗਵਾਈ ਵਾਲੇ ਸ਼ਰਨਾਰਥੀ ਅਤੇ ਵਾਪਸੀ ਮੰਤਰਾਲੇ ਦੇ ਹਵਾਲੇ ਨਾਲ ਇਹ ਰਿਪੋਰਟ ਦਿੱਤੀ। ਮੰਤਰਾਲੇ ਅਨੁਸਾਰ ਦੇਸ਼ ਦੀ ਪੁਲਿਸ ਦੁਆਰਾ ਕੱਢੇ ਜਾਣ ਤੋਂ ਬਾਅਦ 260 ਅਫਗਾਨ ਪ੍ਰਵਾਸੀ ਪਾਕਿਸਤਾਨ ਤੋਂ ਕਾਬੁਲ ਵਾਪਸ ਪਰਤੇ। ਇਸ ਦੌਰਾਨ ਖਾਮਾ ਪ੍ਰੈਸ ਦੀ ਰਿਪੋਰਟ ਮੁਤਾਬਕ 2,368 ਅਫਗਾਨ ਪ੍ਰਵਾਸੀ ਵੀ ਉਸੇ ਦਿਨ ਇਰਾਨ ਤੋਂ ਅਫਗਾਨਿਸਤਾਨ ਵਿੱਚ ਮੁੜ ਦਾਖਲ ਹੋਏ।

ਪ੍ਰਵਾਸੀ ਨੰਗਰਹਾਰ ਸੂਬੇ ਵਿੱਚ ਤੋਰਖਮ ਸਰਹੱਦੀ ਲਾਂਘੇ ਰਾਹੀਂ ਦੇਸ਼ ਪਰਤੇ। ਅਧਿਕਾਰੀਆਂ ਦਾ ਦਾਅਵਾ ਹੈ ਕਿ ਵਾਪਸ ਆਉਣ ਵਾਲੇ ਲੋਕ ਹੇਰਾਤ ਸੂਬੇ ਵਿੱਚ ਇਸਲਾਮ ਕਲਾ ਸਰਹੱਦੀ ਲਾਂਘੇ ਰਾਹੀਂ ਅਫ਼ਗਾਨਿਸਤਾਨ ਵਿੱਚ ਦਾਖ਼ਲ ਹੋਏ। ਤਾਲਿਬਾਨ ਦੇ ਸ਼ਰਨਾਰਥੀ ਮੰਤਰਾਲੇ ਨੇ ਇਰਾਨ ਤੋਂ ਪ੍ਰਵਾਸੀਆਂ ਦੀ ਵਾਪਸੀ ਦੀ ਘੋਸ਼ਣਾ ਅਜਿਹੇ ਸਮੇਂ ਕੀਤੀ, ਜਦੋਂ ਹਾਲ ਹੀ ਦੇ ਮਹੀਨਿਆਂ ਵਿੱਚ ਇਰਾਨ, ਖਾਸ ਤੌਰ 'ਤੇ ਪਾਕਿਸਤਾਨ ਤੋਂ ਅਫਗਾਨ ਪ੍ਰਵਾਸੀਆਂ ਨੂੰ ਕੱਢਣ ਦਾ ਸਿਲਸਿਲਾ ਤੇਜ਼ ਹੋ ਗਿਆ ਹੈ।

ਇਸ ਤੋਂ ਪਹਿਲਾਂ ਐਮਨੈਸਟੀ ਇੰਟਰਨੈਸ਼ਨਲ ਨੇ ਅਫਗਾਨ ਪ੍ਰਵਾਸੀਆਂ ਨੂੰ ਪਾਕਿਸਤਾਨ ਤੋਂ ਕੱਢਣ ਦੀ ਯੋਜਨਾ ਨੂੰ ਤੁਰੰਤ ਰੱਦ ਕਰਨ ਦੀ ਮੰਗ ਕਰਦੇ ਹੋਏ ਜ਼ੋਰ ਦੇ ਕੇ ਕਿਹਾ ਕਿ ਇਹ ਯੋਜਨਾ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨਾਂ ਅਤੇ ਸ਼ਰਨਾਰਥੀ ਕਾਨੂੰਨਾਂ ਦੇ ਉਲਟ ਹੈ।

(ਬਾਕੀ ਸਫ਼ਾ 30 'ਤੇ)

# ਆਸਟ੍ਰੇਲੀਆਈ ਪ੍ਰਧਾਨ ਮੰਤਰੀ ਨੇ ਘਰੇਲੂ ਹਿੰਸਾ ਤੋਂ ਬਚਣ 'ਚ ਮਦਦ ਲਈ ਔਰਤਾਂ ਲਈ ਨਵੇਂ ਫ਼ੰਡ ਦਾ ਕੀਤਾ ਐਲਾਨ

ਮੈਲਬੌਰਨ/ਏ.ਟੀ.ਨਿਊਜ਼ : ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਔਰਤਾਂ ਨੂੰ ਘਰੇਲੂ ਹਿੰਸਾ ਤੋਂ ਬਚਣ ਵਿੱਚ ਮਦਦ ਲਈ ਨਵੇਂ ਫੰਡ ਦਾ ਐਲਾਨ ਕੀਤਾ। ਨਾਲ ਹੀ ਮੌਜੂਦਾ ਅਤੇ ਸਾਬਕਾ ਪੁਰਸ਼ ਸਾਥੀਆਂ ਦੁਆਰਾ ਕੀਤੇ ਗਏ ਕਤਲੇਆਮ ਵਿੱਚ ਵਾਧੇ ਦੇ ਪ੍ਰਤੀਕਰਮ ਵਜੋਂ ਦੁਰਵਿਹਾਰ ਸੰਬੰਧੀ ਆਨਲਾਈਨ ਸਮੱਗਰੀ 'ਤੇ ਕਾਰਵਾਈ ਕਰਨ ਦਾ ਐਲਾਨ ਕੀਤਾ, ਜਿਸ ਨੂੰ ਉਸ ਨੇ ਇੱਕ ਰਾਸ਼ਟਰੀ ਸੰਕਟ ਦੱਸਿਆ। ਅਲਬਾਨੀਜ਼ ਨੇ ਕਿਹਾ ਕਿ ਉਸਦੀ ਸਰਕਾਰ ਹਿੰਸਾ ਤੋਂ ਬਚਣ ਵਾਲੀਆਂ ਔਰਤਾਂ ਅਤੇ ਬੱਚਿਆਂ ਦੀ ਵਿੱਤੀ ਸਹਾਇਤਾ ਲਈ ਪੰਜ ਸਾਲਾਂ ਵਿੱਚ 925 ਮਿਲੀਅਨ ਆਸਟ੍ਰੇਲੀਅਨ ਡਾਲਰ (599 ਮਿਲੀਅਨ ਅਮਰੀਕੀ ਡਾਲਰ) ਦਾ ਨਿਵੇਸ਼ ਕਰੇਗੀ।




ਸਰਕਾਰ ਨੇ ਉਨ੍ਹਾਂ ਕਾਰਕਾਂ ਨਾਲ ਨਜਿੱਠਣ ਲਈ ਨਵੇਂ ਉਪਾਅ ਵੀ ਪ੍ਰਸਤਾਵਿਤ ਕੀਤੇ ਹਨ ਜੋ ਔਰਤਾਂ ਵਿਰੁੱਧ ਹਿੰਸਾ ਨੂੰ ਵਧਾਉਂਦੇ ਹਨ, ਜਿਵੇਂ ਕਿ ਹਿੰਸਕ ਆਨਲਾਈਨ ਪੋਰਨੋਗ੍ਰਾਫੀ ਅਤੇ ਬੱਚਿਆਂ ਅਤੇ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਦੁਰਵਿਹਾਰਕ ਸਮੱਗਰੀ। ਉਪਾਵਾਂ ਵਿੱਚ ਡੀਪਫੇਕ ਪੋਰਨੋਗ੍ਰਾਫੀ 'ਤੇ ਪਾਬੰਦੀ ਲਗਾਉਣ ਲਈ ਕਾਨੂੰਨ ਅਤੇ ਬੱਚਿਆਂ ਨੂੰ ਹਾਨੀਕਾਰਕ ਆਨਲਾਈਨ ਸਮੱਗਰੀ ਤੋਂ ਬਚਾਉਣ ਲਈ ਹੋਰ ਫੰਡ ਸ਼ਾਮਲ ਹੋਣਗੇ। ਅਲਬਾਨੀਜ਼ ਨੇ ਰਾਜ ਅਤੇ ਸਥਾਨਕ ਅਧਿਕਾਰੀਆਂ ਨਾਲ ਇੱਕ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਕਿਹਾ ਕਿ ਇਹ ਅਸਲ ਵਿੱਚ ਇੱਕ ਰਾਸ਼ਟਰੀ ਸੰਕਟ ਹੈ, ਇਹ ਇੱਕ ਰਾਸ਼ਟਰੀ ਚੁਣੌਤੀ ਹੈ ਅਤੇ ਅਸੀਂ ਰਾਸ਼ਟਰੀ ਏਕਤਾ ਦੀ ਭਾਵਨਾ ਨਾਲ ਇਸਦਾ ਸਾਹਮਣਾ ਕਰ ਰਹੇ ਹਾਂ।

ਇਸ ਸਾਲ ਹੁਣ ਤੱਕ ਕਥਿਤ ਤੌਰ 'ਤੇ ਲਿੰਗ-ਆਧਾਰਿਤ ਹਿੰਸਾ ਦੇ ਕਾਰਨ ਹੋਈਆਂ 27 ਔਰਤਾਂ ਦੀਆਂ ਮੌਤਾਂ ਵੱਲ ਧਿਆਨ ਖਿੱਚਣ ਲਈ ਹਫਤੇ ਦੇ ਅੰਤ ਵਿੱਚ ਆਸਟ੍ਰੇਲੀਆ ਦੇ ਆਲੇ-ਦੁਆਲੇ ਦੇ ਸ਼ਹਿਰਾਂ ਵਿੱਚ ਹਜ਼ਾਰਾਂ ਲੋਕਾਂ ਨੇ ਵਿਰੋਧ ਪ੍ਰਦਰਸ਼ਨ ਕੀਤਾ। ਹੁਣ ਤੱਕ ਮਰਨ ਵਾਲਿਆਂ ਦੀ ਗਿਣਤੀ ਘੱਟੋ-ਘੱਟ 28 ਔਰਤਾਂ ਤੱਕ ਪਹੁੰਚ ਗਈ ਸੀ। ਸਰਕਾਰ ਦੇ ਨੇਤਾ ਪ੍ਰਗਤੀ ਬਾਰੇ ਚਰਚਾ ਕਰਨ ਲਈ ਤਿੰਨ ਮਹੀਨਿਆਂ ਵਿੱਚ ਦੁਬਾਰਾ ਮਿਲਣਗੇ। ਆਸਟ੍ਰੇਲੀਅਨ ਇੰਸਟੀਚਿਊਟ ਆਫ ਕ੍ਰਿਮਿਨੋਲੋਜੀ ਨੇ ਰਿਪੋਰਟ ਦਿੱਤੀ ਕਿ ਜੂਨ 2023 ਤੋਂ ਲੈ ਕੇ 12 ਮਹੀਨਿਆਂ ਵਿੱਚ 34 ਆਸਟ੍ਰੇਲੀਅਨ ਔਰਤਾਂ ਨੂੰ ਇੱਕ ਨਜ਼ਦੀਕੀ ਸਾਥੀ ਦੁਆਰਾ ਮਾਰਿਆ ਗਿਆ ਸੀ।

# ਲੈਸਟਰ ਵਿੱਚ ਲੱਗੇ ਹਿੰਦੂਤਵ ਦੇ ਨਾਅਰੇ

## ਕੀ ਵਿਦੇਸ਼ਾਂ 'ਚ ਫ਼ੈਲ ਰਹੀ ਹੈ ਫ਼ਿਰਕੂ ਨ਼ਫਰਤ ?

### ਮੁਸਲਮਾਨਾਂ ਵੱਲੋਂ ਸਖ਼ਤੀ ਕਰਨ ਦੀ ਮੰਗ

ਲੈਸਟਰ/ਏ.ਟੀ.ਨਿਊਜ਼ : ਇੰਗਲੈਂਡ ਦੇ ਲੈਸਟਰ ਵਿੱਚ ਰਾਮ ਨੌਮੀ ਦੀ ਰੈਲੀ ਦੌਰਾਨ ਹਿੰਦੂਤਵ ਦੇ ਰੰਗ ਇੱਕ ਵਾਰ ਫਿਰ ਦੇਖਣ ਨੂੰ ਮਿਲੇ, ਜਿੱਥੇ 'ਹਿੰਦੂ ਰਾਸ਼ਟਰ' ਦੇ ਜ਼ੋਰਦਾਰ ਸਮਰਥਨ ਨਾਲ ਜੈ ਸ਼੍ਰੀ ਰਾਮ ਦੇ ਨਾਅਰੇ ਲਾਏ ਗਏ।

ਇਸ ਰਾਮ ਨੌਮੀ 'ਤੇ ਭਾਰਤ ਦੇ ਕਈ ਸੂਬਿਆਂ ਵਿੱਚ ਜਲੂਸ ਕੱਢੇ ਗਏ ਸਨ, ਜਿੱਥੇ ਮੁਸਲਿਮ ਵਿਰੋਧੀ ਨਾਅਰੇ ਲਾਏ ਗਏ। ਪੱਛਮੀ ਬੰਗਾਲ ਵਿੱਚ, ਭਾਜਪਾ ਨੇਤਾਵਾਂ 'ਤੇ ਅਜਿਹੇ ਜਲੂਸ ਦੌਰਾਨ ਕਥਿਤ ਤੌਰ 'ਤੇ ਹਥਿਆਰ ਰੱਖਣ ਦਾ ਮਾਮਲਾ ਦਰਜ ਕੀਤਾ ਗਿਆ ਸੀ। ਕਲਕੱਤਾ ਹਾਈ ਕੋਰਟ ਨੇ ਪ੍ਰਬੰਧਕਾਂ, ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਅੰਜਨੀ ਪੁੱਤਰ ਸੈਨਾ ਨੂੰ ਇਨ੍ਹਾਂ ਜਲੂਸਾਂ ਦੇ ਆਯੋਜਨ ਦੀ ਇਜਾਜ਼ਤ ਉਦੋਂ ਹੀ ਦਿੱਤੀ ਸੀ ਜਦੋਂ ਇਹ ਕਿਹਾ ਸੀ ਕਿ ਇਨ੍ਹਾਂ ਜਲੂਸਾਂ ਵਿੱਚ ਕੋਈ ਨ਼ਫਰਤ ਭਰੀ ਭਾਸ਼ਣ ਜਾਂ ਅਣਉਚਿਤ ਗਤੀਵਿਧੀ ਨਹੀਂ ਦੇਖੀ ਜਾਵੇਗੀ। ਹਾਲਾਂਕਿ, ਭਾਰਤ ਤੋਂ ਬਹੁਤ ਦੂਰ ਯੂਨਾਈਟਿਡ ਕਿੰਗਡਮ ਦੇ ਇੱਕ ਸ਼ਹਿਰ ਲੈਸਟਰ ਵਿੱਚ 17 ਅਪ੍ਰੈਲ, 2024 ਨੂੰ ਕੋਸਿੰਗਟਨ ਪਾਰਕ ਦੇ ਨੇੜੇ ਇੱਕ ਅਜਿਹਾ ਜਲੂਸ ਦੇਖਿਆ ਗਿਆ ਸੀ।

ਕਾਰਕੁਨ ਮਾਜਿਦ ਫ੍ਰੀਮੈਨ ਨੇ ਇਸ ਘਟਨਾ ਬਾਰੇ ਐਕਸ 'ਤੇ ਪੋਸਟ ਕੀਤੀ। ਪੂਰੇ ਪ੍ਰੋਗਰਾਮ ਦੌਰਾਨ 'ਅਯੁੱਧਿਆ ਬਸ ਇੱਕ ਝਾਕੀ ਹੈ, ਕਾਸ਼ੀ ਮਥੁਰਾ ਬਾਕੀ ਹੈ' ਵਰਗੇ ਨਾਅਰੇ ਗੂੰਜਦੇ ਰਹੇ। ਇਸੇ ਤਰ੍ਹਾਂ ਪ੍ਰੋਗਰਾਮ ਦੌਰਾਨ 'ਜੈ ਸ਼੍ਰੀ ਰਾਮ' ਅਤੇ 'ਅਸੀਂ ਹਿੰਦੂ ਹਾਂ, ਹਿੰਦੂ ਰਾਸ਼ਟਰ ਸਾਡਾ ਹੈ' ਦੇ ਨਾਅਰੇ ਵੀ ਲਾਏ ਗਏ।

ਫ੍ਰੀਮੈਨ ਇੱਕ ਕਾਰਕੁਨ ਸੀ ਜਿਸਨੇ, ਦਿ ਗਾਰਡੀਅਨ ਦੇ ਅਨੁਸਾਰ, 2022 ਵਿੱਚ ਲੈਸਟਰ ਹਿੰਸਾ ਦੌਰਾਨ ਇੱਕ ਵਿਅਕਤੀ ਨੂੰ ਭੀੜ ਤੋਂ ਬਚਾਇਆ ਸੀ। ਇਸੇ ਤਰ੍ਹਾਂ, ਇੱਕ ਹੋਰ ਉਪਭੋਗਤਾ ਨੇ ਇੱਕ ਲੰਮੀ ਪੋਸਟ ਲਿਖੀ, ਦਲੀਲ ਦਿੱਤੀ ਕਿ ਇਹ ਮੁਸਲਮਾਨ ਸਨ ਜਿਨ੍ਹਾਂ ਨੇ ਬਰਤਾਨੀਆ ਵਿੱਚ ਵੱਡੀ ਮਾਤਰਾ ਵਿੱਚ ਅਪਰਾਧ ਕੀਤਾ ਅਤੇ ਕਾਰਕੁਨ ਉੱਤੇ ਹਿੰਦੂਫੋਬੀਆ ਫੈਲਾਉਣ ਲਈ ਪੁਲਿਸ ਨਾਲ ਮਿਲੀਭੁਗਤ ਕਰਨ ਦਾ ਦੋਸ਼ ਲਗਾਇਆ।



12 ਸਤੰਬਰ, 2022 ਨੂੰ, ਇੰਗਲੈਂਡ ਦੇ ਲੈਸਟਰ ਵਿੱਚ ਮੁਸਲਮਾਨਾਂ ਅਤੇ ਹਿੰਦੂਆਂ ਵਿਚਕਾਰ ਫਿਰਕੂ ਅਸ਼ਾਂਤੀ ਦੇਖੀ ਗਈ। ਸਕਰੋਲ ਦੇ ਅਨੁਸਾਰ, ਹਿੰਸਾ ਇੱਕ ਦੂਰ ਦੇ ਸਰੋਤ ਤੋਂ ਆਈ ਗਲਤ ਸੂਚਨਾ ਦੇ ਕਾਰਨ ਸ਼ੁਰੂ ਹੋਈ, ਜੋ ਕਿ ਸ਼ਹਿਰ ਵਿੱਚ ਫੈਲ ਗਈ ਅਤੇ ਜਲਦੀ ਹੀ ਛੋਟੀ ਘਟਨਾ ਇੱਕ ਵੱਡੀ ਚਿੰਤਾ ਵਿੱਚ ਬਦਲ ਗਈ, ਲਾਠੀਆਂ ਨਾਲ ਲੈਸ ਲੋਕਾਂ ਨੇ ਇੱਕ ਦੂਜੇ 'ਤੇ ਹਮਲਾ ਕੀਤਾ। ਦਿ ਗਾਰਡੀਅਨ ਦੇ ਅਨੁਸਾਰ, ਲਗਭਗ 300 ਨਕਾਬਪੋਸ਼ ਹਿੰਦੂ ਨੌਜਵਾਨਾਂ ਦਾ ਇੱਕ ਮਾਰਚ ਸੀ, ਜੋ ਮੁਸਲਿਮ ਬਹੁਲ ਖੇਤਰ ਵਿੱਚੋਂ ਲਗਭਗ ਦੋ ਮੀਲ ਤੱਕ ਚੱਲਿਆ। ਰਿਪੋਰਟਾਂ ਸੁਝਾਅ ਦਿੰਦੀਆਂ ਹਨ ਕਿ ਝੂਠੀਆਂ ਖ਼ਬਰਾਂ ਦੀ ਸ਼ੁਰੂਆਤ ਸ਼ਾਇਦ ਭਾਰਤ ਵਿੱਚ ਹੋਈ ਸੀ ਅਤੇ ਪੁਲਿਸ ਨੇ ਜਲਦੀ ਹੀ ਗਲਤ ਜਾਣਕਾਰੀ ਨੂੰ ਨਕਾਰ ਦਿੱਤਾ। ਹਾਲਾਂਕਿ, ਦੋਵਾਂ ਭਾਈਚਾਰਿਆਂ ਦੁਆਰਾ ਹਿੰਸਾ ਦੀਆਂ ਰਿਪੋਰਟਾਂ ਨਾਲ ਤਣਾਅ ਵੱਧ ਗਿਆ ਸੀ।

ਲੰਡਨ ਸਕੂਲ ਆਫ ਇਕਨਾਮਿਕਸ ਬਲਾਗ 'ਤੇ ਪ੍ਰਕਾਸ਼ਿਤ ਇੱਕ ਲੇਖ ਵਿੱਚ ਕਿਹਾ ਗਿਆ ਹੈ ਕਿ ਹਿੰਦੂਤਵ ਪਿਛਲੇ ਕੁਝ ਸਾਲਾਂ ਤੋਂ ਬ੍ਰਿਟੇਨ ਵਿੱਚ ਇੱਕ ਤੇਜ਼ੀ ਨਾਲ ਵਧ ਰਿਹਾ ਹੈ, ਖਾਸ ਕਰਕੇ 2022 ਦੀਆਂ ਘਟਨਾਵਾਂ ਤੋਂ ਬਾਅਦ। ਇਹ ਇਸ ਗੱਲ ਨੂੰ ਉਜਾਗਰ ਕਰਦਾ ਹੈ ਕਿ ਹਾਲ ਹੀ ਦੇ ਸਾਲਾਂ ਵਿੱਚ ਹਿੰਦੂਤਵ ਪੱਖੀ ਸੰਗਠਨਾਂ ਦੇ 'ਵਧੇਰੇ ਸਰਗਰਮ' ਹੋਣ ਕਾਰਨ ਅਜਿਹਾ ਸੰਭਵ ਹੋਇਆ ਹੈ। ਉਹ ਦਲੀਲ ਦਿੰਦਾ ਹੈ ਕਿ 2022 ਦੀਆਂ ਘਟਨਾਵਾਂ ਨੇ ਅਜਿਹੀਆਂ ਫਿਰਕੂ ਸੰਸਥਾਵਾਂ ਦੇ ਪ੍ਰਭਾਵ ਤੇ ਯੋਗਦਾਨ ਨੂੰ ਦੇਖਿਆ ਗਿਆ ਹੈ, ਕਿਉਂਕਿ ਹਿੰਦੂਤਵੀ ਸੰਗਠਨਾਂ ਨੇ ਭਾਈਚਾਰਿਆਂ ਵਿਚਕਾਰ ਮੌਜੂਦਾ ਤਣਾਅ ਦਾ ਇਸਤੇਮਾਲ ਆਪਣੇ ਫਾਇਦੇ ਲਈ ਕਰਨਾ ਸ਼ੁਰੂ ਕਰ ਦਿੱਤਾ ਸੀ।

ਮਕਤੂਬ ਮੀਡੀਆ ਦੀ ਇੱਕ ਰਿਪੋਰਟ ਦੇ ਅਨੁਸਾਰ, ਵੱਖ-ਵੱਖ ਸਥਾਨਕ ਮੁਸਲਿਮ ਸੰਗਠਨਾਂ ਨੇ ਹਾਲ ਹੀ ਦੀ ਘਟਨਾ ਨੂੰ ਲੈਕੇ ਮੁਸਲਿਮ ਵਿਰੋਧੀ ਸਾਜਿਸ਼ਾਂ ਬਾਰੇ ਅਧਿਕਾਰੀਆਂ ਨੂੰ ਸ਼ਿਕਾਇਤਾਂ ਸੌਂਪੀਆਂ ਹਨ। ਰਿਪੋਰਟ ਦੇ ਅਨੁਸਾਰ, ਨਜੀਬ ਪਟੇਲ, ਜੋ ਕਿ ਫੈਡਰੇਸ਼ਨ ਆਫ ਮੁਸਲਿਮ ਆਰਗੇਨਾਈਜੇਸ਼ਨਜ਼ ਦੇ ਪ੍ਰਧਾਨ ਹਨ, ਨੇ ਕਿਹਾ, ਲੈਸਟਰਸ਼ਾਇਰ ਪੁਲਿਸ ਕਿਸੇ ਵੀ ਨੁਕਸਾਨਦੇਹ ਫਿਰਕੂ ਵਿਵਹਾਰ ਦੀ ਤੁਰੰਤ ਪਛਾਣ ਕਰੇ ਅਤੇ ਇਸ ਨਾਲ ਨਜਿੱਠਣ ਲਈ ਸਖਤ ਕਦਮ ਚੁੱਕੇ।

# ਕ੍ਰਿਕਟ ਤੋਂ ਬਾਅਦ ਹੁਣ ਮੋਂਟੀ ਪਨੇਸਰ ਸਿਆਸਤ 'ਚ ਦਾਖ਼ਲ

## ਵਰਕਰਜ਼ ਪਾਰਟੀ ਦੇ ਉਮੀਦਵਾਰ ਹੋਣਗੇ, ਲੇਬਰ ਪਾਰਟੀ ਦੇ ਮੌਜੂਦਾ ਸਾਂਸਦ ਵਰਿੰਦਰ ਸ਼ਰਮਾ ਨੂੰ ਦੇਣਗੇ ਟੱਕਰ



ਲੰਡਨ/ਏ.ਟੀ.ਨਿਊਜ਼ : ਇੰਗਲੈਂਡ ਦੇ ਸਾਬਕਾ ਸਪਿਨਰ ਮੋਂਟੀ ਪਨੇਸਰ ਨੇ ਕ੍ਰਿਕਟ ਪਿੱਚ 'ਤੇ ਧਮਾਲ ਮਚਾਉਣ ਤੋਂ ਬਾਅਦ ਹੁਣ ਰਾਜਨੀਤੀ 'ਚ ਆਉਣ ਦਾ ਫੈਸਲਾ ਕੀਤਾ ਹੈ। ਪਨੇਸਰ ਜਾਰਜ ਗੈਲੋਵੇ ਦੀ ਬਰਤਾਨੀਆ ਦੀ ਵਰਕਰਜ਼ ਪਾਰਟੀ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਨੇ ਬਰਤਾਨੀਆ ਦੀਆਂ ਚੋਣਾਂ ਵਿੱਚ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ ਹੈ। ਇੰਗਲੈਂਡ ਲਈ 50 ਟੈਸਟ ਮੈਚਾਂ 'ਚ 167 ਵਿਕਟਾਂ ਲੈਣ ਵਾਲੇ 42 ਸਾਲਾ ਖੱਬੇ ਹੱਥ ਦੇ ਸਪਿਨਰ ਪਨੇਸਰ ਈਲਿੰਗ ਸਾਊਥਾਲ ਤੋਂ ਚੁਣੌਤੀ ਦੇਣਗੇ ਗੈਲੋਵੇ ਵੱਲੋਂ ਸੰਸਦ ਦੇ ਬਾਹਰ 200 ਉਮੀਦਵਾਰਾਂ ਦਾ ਐਲਾਨ ਕਰਨ ਦੀ ਉਮੀਦ ਹੈ, ਜਿਸ ਵਿੱਚ ਇੰਗਲੈਂਡ ਦੇ ਸਾਬਕਾ ਕ੍ਰਿਕਟਰ ਮੋਂਟੀ ਪਨੇਸਰ ਦਾ ਵੀ ਸ਼ਾਮਲ ਹੈ। ਮੋਂਟੀ ਪਨੇਸਰ ਦੇ ਉਮੀਦਵਾਰ ਵਜੋਂ ਐਲਾਨ ਤੋਂ ਬਾਅਦ ਸਾਊਥਾਲ ਵਿੱਚ ਲੇਬਰ ਪਾਰਟੀ ਦੇ ਮੌਜੂਦਾ ਸਾਂਸਦ ਵਰਿੰਦਰ ਸ਼ਰਮਾ ਨੂੰ ਜ਼ਬਰਦਸਤ ਟੱਕਰ ਦੇਣ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀ ਕੀਤਾ ਜਾ ਸਕਦਾ। ਪਨੇਸਰ ਨੇ 'ਦਿ ਟੈਲੀਗ੍ਰਾਫ' ਵਿੱਚ ਇੱਕ ਕਾਲਮ ਵਿੱਚ ਕਿਹਾ, "ਮੇਰਾ ਮੰਨਣਾ ਹੈ ਕਿ ਇੰਗਲੈਂਡ ਦੇ ਕ੍ਰਿਕਟਰ ਦੇ ਤੌਰ 'ਤੇ ਮੇਰਾ ਕਰੀਅਰ ਰਾਜਨੀਤੀ ਵਿੱਚ ਮੇਰੇ ਨਵੇਂ ਜੀਵਨ ਲਈ ਇੱਕ ਵੱਡੀ ਪ੍ਰਾਪਤੀ ਹੋਵੇਗਾ। ਉਨ੍ਹਾਂ ਕਿਹਾ ਕਿ ਮੇਰੇ ਅਜਿਹੇ ਪ੍ਰਸ਼ੰਸਕ ਹਨ ਜੋ ਦੇਸ਼ ਭਰ ਵਿੱਚ ਇੱਕ ਖਿਡਾਰੀ ਦੇ ਰੂਪ ਵਿੱਚ ਮੈਨੂੰ ਪਿਆਰ ਕਰਦੇ ਹਨ ਅਤੇ ਸਮਰਥਨ ਕਰਦੇ ਹਨ। ਜਦੋਂ ਮੈਂ ਕ੍ਰਿਕਟ ਖੇਡਿਆ ਤਾਂ ਉਹ ਮੇਰੇ ਸਮਰਥਨ ਵਿੱਚ ਰਹੇ ਤੇ ਮੇਰਾ ਹੌਂਸਲਾ ਵਧਾਉਂਦੇ ਰਹੇ, ਜਿਸ ਲਈ ਮੈਂ ਸਦਾ ਲਈ ਧੰਨਵਾਦੀ ਹਾਂ ਅਤੇ ਹੁਣ ਮੈਂ ਸਿਆਸਤ ਰਾਹੀਂ ਉਨ੍ਹਾਂ ਦੇ ਜੀਵਨ ਵਿੱਚ ਤਬਦੀਲੀ ਲਿਆ ਕੇ ਉਨ੍ਹਾਂ ਦੀ ਮਦਦ ਕਰਨਾ ਚਾਹੁੰਦਾ ਹਾਂ। ਉਨ੍ਹਾਂ ਕਿਹਾ ਕਿ ਵਰਕਿੰਗ ਕਲਾਸ ਦੇ ਲੋਕਾਂ ਨੂੰ ਇਸ ਸਮੇਂ ਮਦਦ ਦੀ ਸਭ ਤੋਂ ਵੱਧ ਲੋੜ ਹੈ, ਅਜਿਹੇ ਸਮੇਂ ਵਿੱਚ ਜਦੋਂ ਆਰਥਿਕ ਮੰਦੀ ਦਾ ਸੰਕਟ ਹੈ ਅਤੇ ਉੱਚ ਵਿਆਜ ਦਰਾਂ ਬਰਤਾਨੀਆ ਵਿੱਚ ਜੀਵਨ ਦੀ ਗੁਣਵੱਤਾ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ। ਮੇਰਾ ਮੰਨਣਾ ਹੈ ਕਿ ਨਾ ਤਾਂ ਲੇਬਰ ਪਾਰਟੀ ਅਤੇ ਨਾ ਹੀ ਟੋਰੀ ਅਸਲ ਵਿੱਚ ਮਜ਼ਦੂਰ ਜਮਾਤ ਦੀ ਮਦਦ ਕਰ ਰਹੇ ਹਨ ਅਤੇ ਮੈਨੂੰ ਲੱਗਦਾ ਹੈ ਕਿ ਮੈਂ ਇਸ ਪਾੜੇ ਨੂੰ ਪੂਰਾ ਕਰ ਸਕਦਾ ਹਾਂ (ਬਾਕੀ ਸਫ਼ਾ 30 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# 7 ਲੋਕ ਸਭਾ ਹਲਕਿਆਂ ਨੂੰ ਪ੍ਰਭਾਵਿਤ ਕਰੇਗੀ ਡੇਰਿਆਂ ਦੀ ਵੋਟ

## ਡੇਰਾ ਸਿਰਸਾ ਤੇ ਰਾਧਾ ਸਵਾਮੀ ਦੀ ਭਾਜਪਾ ਦੇ ਹੱਕ ਵਿੱਚ ਭੁਗਤਣ ਦੀ ਸੰਭਾਵਨਾ







ਪੰਜਾਬ ਵਿੱਚ ਡੇਰੇ ਕੋਈ ਨਵਾਂ ਵਰਤਾਰਾ ਨਹੀਂ ਹੈ। ਇਹ ਸਿੱਖ ਧਰਮ ਦੀ ਹੋਂਦ ਤੋਂ ਪਹਿਲਾਂ ਦੇ ਵੀ ਹਨ, ਜਿਵੇਂ ਨਾਥਾਂ, ਸਿੱਧ ਤੇ ਯੋਗੀਆਂ ਦੇ ਡੇਰੇ ਹਨ। ਸਿੱਖ ਧਰਮ ਦੇ ਹੋਂਦ ਵਿੱਚ ਆਉਣ ਨਾਲ-ਨਾਲ ਹੀ ਨਵੇਂ ਡੇਰਿਆਂ ਦੇ ਹੋਂਦ ਵਿੱਚ ਆਉਣ ਦਾ ਸਿਲਸਿਲਾ ਵੀ ਸ਼ੁਰੂ ਹੁੰਦਾ ਹੈ। ਇਨ੍ਹਾਂ ਵਿੱਚ ਉਦਾਸੀ, ਨਿਰਮਲੇ, ਨਿਰੰਕਾਰੀ, ਨਾਮਧਾਰੀ ਆਦਿ ਜ਼ਿਕਰਯੋਗ ਹਨ। ਇਸ ਵੇਲੇ ਪੰਜਾਬ ਵਿੱਚ ਇੱਕ ਹਜ਼ਾਰ ਤੋਂ ਵੱਧ ਛੋਟੇ-ਵੱਡੇ ਡੇਰੇ ਹਨ। ਪਰ ਜਾਣਕਾਰ ਮੰਨਦੇ ਹਨ 300 ਦੇ ਕਰੀਬ ਵੱਡੇ ਡੇਰੇ ਹਨ। ਪੰਜਾਬ ਦੇ 12 ਹਜ਼ਾਰ ਤੋਂ ਵੱਧ ਪਿੰਡਾਂ ਵਿੱਚੋਂ ਸ਼ਾਇਦ ਹੀ ਕੋਈ ਪਿੰਡ ਅਜਿਹਾ ਹੋਵੇ ਜਿੱਥੇ ਕੋਈ ਛੋਟਾ-ਮੋਟਾ ਡੇਰਾ ਨਾ ਹੋਵੇ। ਇਨ੍ਹਾਂ ਵਿੱਚ ਸਿੱਖ, ਹਿੰਦੂ, ਸੂਫ਼ੀ ਅਤੇ ਇਸਾਈ ਪਾਦਰੀਆਂ ਦੇ ਨਿੱਜੀ ਡੇਰੇ ਵੀ ਸ਼ਾਮਲ ਹਨ। ਇਨ੍ਹਾਂ ਡੇਰਿਆਂ ਦੇ ਪੈਰੋਕਾਰਾਂ ਦੀ ਗਿਣਤੀ ਲੱਖਾਂ ਵਿੱਚ ਹੈ। ਪੰਜਾਬ ਦੀ ਕੁੱਲ ਆਬਾਦੀ ਦਾ 70 ਫੀਸਦੀ ਹਿੱਸਾ ਕਿਸੇ ਨਾ ਕਿਸੇ ਡੇਰੇ ਵਿੱਚ ਯਕੀਨ ਰੱਖਦਾ ਹੈ। ਪੰਜਾਬ ਵਿੱਚ ਆਨੰਦਪੁਰ ਸਾਹਿਬ ਇਲਾਕਾ ਅਜਿਹਾ ਹੈ ਜਿੱਥੇ ਸਭ ਤੋਂ ਵੱਧ 69 ਡੇਰੇ ਹਨ। ਰਵੀਦਾਸ ਭਾਈਚਾਰੇ ਵਿੱਚ ਸਭ ਤੋਂ ਵੱਧ ਚਰਚਾ ਵਿੱਚ 'ਡੇਰਾ ਸੱਚਖੰਡ ਬੱਲਾਂ' ਹੈ ਜੋ ਪੰਜਾਬ ਦੇ ਦੁਆਬਾ ਇਲਾਕੇ ਵਿੱਚ ਜਲੰਧਰ ਨੇੜੇ ਸਥਿਤ ਹੈ।

ਚੰਡੀਗੜ੍ਹ ਸਥਿਤ ਇੰਸਟੀਚਿਊਟ ਫਾਰ ਡੈਵਲੇਪਮੈਂਟ ਐਂਡ ਕਮਿਊਨਿਕੇਸ਼ਨ ਦੀ ਰਿਸਰਚ ਮੁਤਾਬਕ ਪੰਜਾਬ ਦੀਆਂ ਕੁੱਲ 117 ਸੀਟਾਂ ਵਿਧਾਨ ਸਭਾ ਸੀਟਾਂ ਵਿੱਚੋਂ ਇਹ ਡੇਰੇ 56 ਸੀਟਾਂ ਵਿੱਚ ਅਸਰ ਰੱਖਦੇ ਹਨ ਅਤੇ ਚੋਣ ਨਤੀਜਿਆਂ ਉੱਤੇ ਅਸਰ ਪਾ ਸਕਦੇ ਹਨ। ਲੋਕ ਸਭਾ ਦੀਆਂ ਸੀਟਾਂ ਦੇ ਹਿਸਾਬ ਨਾਲ ਸਮਝੀਏ ਤਾਂ ਇਹ 7 ਸੀਟਾਂ ਉੱਤੇ ਅਸਰ ਪਾ ਸਕਦੇ ਹਨ। ਜ਼ਾਹਿਰ ਹੈ ਕਿ ਇਹੀ ਕਾਰਨ ਹੈ ਕਿ ਚੋਣਾਂ ਆਉਂਦੇ ਹੀ ਸਿਆਸੀ ਦਲ ਦੇ ਨੇਤਾਵਾਂ ਵਿੱਚ ਇਨ੍ਹਾਂ ਡੇਰਿਆਂ ਦਾ ਸਮਰਥਨ ਹਾਸਿਲ ਕਰਨ ਦੀ ਹੋੜ ਲੱਗ ਜਾਂਦੀ ਹੈ।

## ਡੇਰਿਆਂ ਵਿੱਚ ਦਲਿਤ ਭਾਈਚਾਰੇ ਦਾ ਝੁਕਾਅ ਕਿਉਂ ?

ਪੰਜਾਬ ਵਿੱਚ ਕਰੀਬ 32 ਫ਼ੀਸਦੀ ਦਲਿਤ ਵਸੋਂ ਹੈ ਅਤੇ ਡੇਰਿਆਂ ਨਾਲ ਜੁੜੇ ਹੋਏ ਲੋਕ ਜ਼ਿਆਦਾਤਰ ਦਲਿਤ ਭਾਈਚਾਰੇ ਨਾਲ ਸਬੰਧ ਰੱਖਦੇ ਹਨ। ਅਜਿਹਾ ਮੰਨਿਆ ਜਾਂਦਾ ਹੈ ਕਿ ਪੰਜਾਬ ਵਿੱਚ ਡੇਰਿਆਂ ਦੀ ਸ਼ੁਰੂਆਤ ਦਾ ਵੱਡਾ ਕਾਰਨ ਸਮਾਜਿਕ ਭੇਦਭਾਵ ਹੈ ਅਤੇ ਇਹੀ ਕਾਰਨ ਹੈ ਕਿ ਇਨ੍ਹਾਂ ਡੇਰਿਆਂ ਦੇ ਜ਼ਿਆਦਾਤਰ ਸਮਰਥਕ ਸਮਾਜ ਦੇ ਹੇਠਲੇ ਤਬਕੇ ਤੋਂ ਆਉਂਦੇ ਹਨ। ਇਹ ਡੇਰੇ ਲੋਕਾਂ ਨੂੰ ਭਜਨ ਕਰਨ, ਸ਼ਰਾਬ ਛੱਡਣ, ਨਸ਼ਿਆਂ ਤੋਂ ਦੂਰ ਰਹਿਣ ਅਤੇ ਔਰਤਾਂ ਦਾ ਸਨਮਾਨ ਕਰਨ ਵਰਗੇ ਸੰਦੇਸ਼ ਦਿੰਦੇ ਹਨ। ਭਾਵੇਂ ਕਈ ਡੇਰਿਆਂ ਵਿੱਚ ਔਰਤਾਂ ਨਾਲ ਸ਼ੋਸ਼ਣ ਹੋ ਚੁੱਕੇ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਪੱਤਰਕਾਰੀ ਵਿਭਾਗ ਦੇ ਸਾਬਕਾ ਪ੍ਰੋਫੈਸਰ ਨਰਿੰਦਰ ਕਪੂਰ ਦਾ ਮੰਨਣਾ ਹੈ ਕਿ ਸਮਾਜਿਕ ਵਿਤਕਰੇ ਕਾਰਨ ਕੁਝ ਭਾਈਚਾਰਿਆਂ ਦੇ ਲੋਕਾਂ ਨੇ ਡੇਰਿਆਂ ਵੱਲ ਰੁਖ਼ ਕੀਤਾ। ਨਰਿੰਦਰ ਕਪੂਰ ਕਹਿੰਦੇ ਹਨ ਕਿ ਡੇਰੇ ਦੀ ਆਪਣੀ ਸਿਆਸਤ ਹੋ ਸਕਦੀ ਹੈ ਪਰ ਇਹ ਜ਼ਰੂਰੀ ਨਹੀਂ ਕਿ ਪੈਰੋਕਾਰ ਡੇਰੇ ਦੇ ਕਹਿਣ ਉੱਪਰ ਵੋਟ ਪਾ ਦੇਣ।

## ਡੇਰਿਆਂ ਵੱਲ ਸਿਆਸੀ ਲੀਡਰਾਂ ਦੀ ਪਰਕਰਮਾ



ਪਿਛਲੇ ਕਈ ਮਹੀਨਿਆਂ ਤੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਦਿੱਲੀ ਦੇ ਮੁੱਖ ਮੰਤਰੀ ਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ, ਪੰਜਾਬ ਦੇ ਡੇਰਿਆਂ ਦਾ ਦੌਰਾ ਕਰ ਚੁੱਕੇ ਹਨ। ਪੰਜਾਬ ਦੇ ਮਾਲਵਾ ਖੇਤਰ ਨਾਲ ਸੰਬੰਧਿਤ 7 ਲੋਕ ਸਭਾ ਹਲਕਿਆਂ ਫ਼ਿਰੋਜ਼ਪੁਰ, ਫ਼ਰੀਦਕੋਟ, ਬਠਿੰਡਾ, ਸੰਗਰੂਰ,ਪਟਿਆਲਾ, ਫ਼ਤਹਿਗੜ੍ਹ ਸਾਹਿਬ ਵਿੱਚ ਚੋਣ ਸਰਗਰਮੀਆਂ ਜ਼ੋਰ ਫੜ੍ਹ ਰਹੀਆਂ ਹਨ ।ਮਾਲਵੇ ਦੇ ਇਨ੍ਹਾਂ ਸੱਤਾਂ ਹਲਕਿਆਂ ਡੇਰਾ ਸਿਰਸਾ, ਡੇਰਾ ਬਿਆਸ, ਨਿਰੰਕਾਰੀ ਮਿਸ਼ਨ ਤੇ ਨਾਮਧਾਰੀ ਪੰਥ ਦਾ ਚੰਗਾ ਪ੍ਰਭਾਵ ਮੰਨਿਆ ਜਾਂਦਾ ਹੈ । ਡੇਰਾ ਸਿਰਸਾ ਦੇ ਹਰ ਵਿਧਾਨ ਸਭਾ ਹਲਕੇ ਵਿੱਚ 5 ਤੋਂ 8 ਹਜ਼ਾਰ ਤੱਕ ਵੋਟ ਮੰਨੀ ਜਾਂਦੀ ਹੈ । ਹਰ ਲੋਕ ਸਭਾ ਹਲਕੇ ਵਿੱਚ 9 ਵਿਧਾਨ ਸਭਾ ਹਲਕੇ ਹਨ। ਇੰਝ ਡੇਰਾ ਸਿਰਸਾ ਦੀ ਹਰ ਲੋਕ ਸਭਾ ਹਲਕੇ ਵਿੱਚ 40 ਤੋਂ 50 ਹਜ਼ਾਰ ਵੋਟ ਮੰਨੀ ਜਾਂਦੀ ਹੈ। ਇਸ ਤੋਂ ਪਹਿਲਾਂ ਡੇਰੇ ਦੇ ਰਾਜਨੀਤਕ ਵਿੰਗ ਵੱਲੋਂ ਚੋਣਾਂ ਤੋਂ ਇੱਕ ਦਿਨ ਪਹਿਲਾਂ ਰਾਤੋ-ਰਾਤ ਆਪੋ-ਆਪਣੇ ਪੈਰੋਕਾਰਾਂ ਨੂੰ ਸੁਨੇਹੇ ਭੇਜ ਕੇ ਵਿਸ਼ੇਸ਼ ਪਾਰਟੀ ਜਾਂ ਵਿਸ਼ੇਸ਼ ਉਮੀਦਵਾਰ ਨੂੰ ਵੋਟ ਭੁਗਤਾਉਣ ਬਾਰੇ ਸੰਦੇਸ਼ ਜਾਰੀ ਕਰ ਦਿੱਤਾ ਜਾਂਦਾ ਹੈ, ਪਰ ਹੁਣ ਡੇਰੇ ਦਾ ਰਾਜਨੀਤਕ ਵਿੰਗ ਭੰਗ ਕਰ ਦਿੱਤਾ ਗਿਆ ਹੈ । ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਡੇਰਾ ਭਾਜਪਾ ਦੇ ਨੇੜੇ ਹੈ ,ਉਸ ਦੇ ਹੱਕ ਵਿੱਚ ਭੁਗਤੇਗਾ। ਇਸ ਪਿਛੇ ਸਿਆਸੀ ਮਾਹਿਰਾਂ ਵਲੋਂ ਕਾਰਨ ਦੱਸਿਆ ਜਾ ਰਿਹਾ ਹੈ ਕਿ ਭਾਜਪਾ ਡੇਰਾ ਮੁਖੀ ਉੱਪਰ ਦਿਆਲ ਹੈ। ਪੰਜਾਬ ਦੇ ਨਾਲ ਲੱਗਦੇ ਹਰਿਆਣਾ ਵਿੱਚ ਉਮਰ ਕੈਦ ਕੱਟ ਰਹੇ ਡੇਰਾ ਸੌਦਾ ਮੁਖੀ ਰਾਮ ਰਹੀਮ ਨੂੰ ਜਨਵਰੀ 2024 ਤੱਕ 9 ਵਾਰ ਪੈਰੋਲ ਦਿੱਤੀ ਗਈ ਹੈ। ਡੇਰਾ ਮੁਖੀ ਰਾਮ ਰਹੀਮ ਬਲਾਤਕਾਰ ਅਤੇ ਕਤਲ ਦੇ ਮਾਮਲੇ ਵਿੱਚ ਉਮਰ ਕੈਦ ਕੱਟ ਰਿਹਾ ਹੈ। ਭਾਜਪਾ ਅੰਦਰ ਇਸ ਗੱਲ 'ਤੇ ਕਾਫ਼ੀ ਮੰਥਨ ਹੋਇਆ ਹੈ ਕਿ ਜੇ ਪਿੰਡਾਂ ਵਿੱਚ ਕਿਸਾਨ ਜਥੇਬੰਦੀਆਂ ਦੀ ਵਿਰੋਧਤਾ ਕਾਰਨ ਚੋਣ ਪ੍ਰਚਾਰ ਖੁੱਲ੍ਹ ਕੇ ਨਹੀਂ ਹੋ ਰਿਹਾ ਤਾਂ ਡੇਰਾ ਪ੍ਰੇਮੀ ਇਸ ਪੈਣ ਵਾਲੇ ਖਪੇ ਨੂੰ ਪੂਰਨ ਵਿੱਚ ਸਹਾਈ ਹੋ ਸਕਦੇ ਹਨ । ਹੁਣ ਤੱਕ ਦੀਆਂ ਕਨਸੋਆਂ ਅਨੁਸਾਰ ਡੇਰਾ ਸਿਰਸਾ ਦੇ ਪ੍ਰੇਮੀ ਜ਼ਿਆਦਾਤਰ ਪੇਂਡੂ ਹਨ, ਇਸ ਲਈ ਉਹ ਖੁੱਲ੍ਹ ਕੇ ਚੱਲਣ ਦੀ ਥਾਂ ਖ਼ਾਮੋਸ਼ ਰਹਿ ਕੇ ਆਪਣਾ ਰਾਹ ਅਖ਼ਤਿਆਰ ਕਰਨਗੇ । ਅਕਾਲੀ ਦਲ (ਬ) ਤੇ ਅਕਾਲੀ ਦਲ (ਅ) ਦੇ ਉਮੀਦਵਾਰ ਤੇ ਆਗੂ ਇਸ ਡੇਰੇ ਤੋਂ ਦੂਰੀ ਬਣਾ ਕੇ ਚੱਲ ਰਹੇ ਹਨ। ਇਸੇ ਤਰ੍ਹਾਂ ਡੇਰਾ ਬਿਆਸ ਨੇ ਕਦੇ ਵੀ ਖੁੱਲ੍ਹੇ ਤੌਰ 'ਤੇ ਕਿਸੇ ਪਾਰਟੀ ਜਾਂ ਉਮੀਦਵਾਰ ਦਾ ਸਮਰਥਨ ਨਹੀਂ ਕੀਤਾ, ਪਰ ਇਸ ਵਾਰ ਭਾਜਪਾ ਇਸ ਡੇਰੇ ਦੀ ਵੋਟ ਪ੍ਰਤੀ ਵੱਧ ਉਤਸ਼ਾਹਿਤ ਨਜ਼ਰ ਆ ਰਹੀ ਹੈ। ਸੰਘ ਦੇ ਮੁਖੀ ਭਾਗਵਤ ,ਪ੍ਰਧਾਨ ਮੰਤਰੀ ਮੋਦੀ ਤੇ ਅਮਿਤ ਸ਼ਾਹ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਨੂੰ ਕਈ ਵਾਰ ਮਿਲ ਚੁੱਕੇ ਹਨ। 5 ਨਵੰਬਰ 2022 ਨੂੰ ਪ੍ਰਧਾਨ ਮੰਤਰੀ ਮੋਦੀ ਡੇਰਾ 'ਰਾਧਾ ਸੁਆਮੀ ਸਤਸੰਗ ਬਿਆਸ' ਪਹੁੰਚੇ ਸਨ। ਉਨ੍ਹਾਂ ਨੇ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਮੁਲਾਕਾਤ ਕੀਤੀ ਅਤੇ ਡੇਰੇ ਵਿੱਚ ਘੁੰਮ ਕੇ ਉੱਥੇ ਚੱਲ ਰਹੇ ਕਾਰਜਾਂ ਬਾਰੇ ਜਾਣਿਆ। ਇਸ ਡੇਰੇ ਦਾ ਮਾਲਵਾ ਖੇਤਰ ਵਿੱਚ ਵਿਸ਼ੇਸ਼ ਪ੍ਰਭਾਵ ਮੰਨਿਆ ਜਾਂਦਾ ਹੈ । ਡੇਰਾ ਬਿਆਸ ਦੀ ਮਾਲਵੇ ਦੇ ਤਕਰੀਬਨ ਹਰ ਹਲਕੇ 'ਚ 25 ਤੋਂ 30 ਹਜ਼ਾਰ ਵੋਟ ਮੰਨੀ ਜਾਂਦੀ ਹੈ। ਨਾਮਧਾਰੀ ਸੰਪਰਦਾ ਤੇ ਨਿਰੰਕਾਰੀ ਮਿਸ਼ਨ ਦੇ ਪੈਰੋਕਾਰਾਂ ਦੀ ਗਿਣਤੀ ਵੀ ਅਣਗੌਲੀ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਦੋਵਾਂ ਮਿਸ਼ਨਾਂ ਵੱਲੋਂ ਕਦੇ ਕਿਸੇ ਉਮੀਦਵਾਰ ਜਾਂ ਪਾਰਟੀ ਵਿਸ਼ੇਸ਼ ਲਈ ਹੁਣ ਤੱਕ ਕੋਈ ਸੰਦੇਸ਼ ਦੇਣ ਦੀ ਪਰੰਪਰਾ ਨਹੀਂ ਰਹੀ, ਪਰ ਇਨ੍ਹਾਂ ਦਾ ਝੁਕਾਅ ਭਾਜਪਾ ਵੱਲ ਦੱਸਿਆ ਜਾ ਰਿਹਾ ਹੈ।

# ਪ੍ਰਮੁੱਖ ਡੇਰਿਆਂ ਦੀ ਜਾਣਕਾਰੀ





ਡੇਰਾ ਸੱਚਾ ਸੌਦਾ ਦਾ ਪੰਜਾਬ ਦੇ ਨਾਲ ਲੱਗਦੇ ਸੂਬੇ ਹਰਿਆਣਾ ਦੇ ਸਿਰਸਾ ਨਾਲ ਸਬੰਧ ਹੈ। ਸਾਲ 2008 ਦੌਰਾਨ ਸਿਰਸਾ ਦੇ ਡੇਰਾ ਮੁਖੀ ਉਸ ਸਮੇਂ ਵਿਵਾਦਾਂ ਵਿੱਚ ਆ ਗਏ ਸਨ ਜਦੋਂ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਵਾਲਾ ਬਾਣਾ ਧਾਰ ਕੇ 'ਅੰਮ੍ਰਿਤ' ਛਕਾਉਣ ਦਾ ਸਵਾਂਗ ਰਚਿਆ ਸੀ। ਪੰਜਾਬ ਦੇ ਸਿੱਖਾਂ ਨੇ ਇਸ ਦਾ ਤਿੱਖਾ ਵਿਰੋਧ ਕੀਤਾ ਸੀ ਜਿਸ ਕਾਰਨ ਡੇਰਾ ਮੁਖੀ ਦਾ ਵੀ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰਕੇ ਸਮਾਜਿਕ ਬਾਈਕਾਟ ਕਰ ਦਿੱਤਾ ਗਿਆ ਸੀ। ਇਸ ਡੇਰੇ ਦਾ ਮੁਖੀ ਰਾਮ ਰਹੀਮ ਇਸ ਸਮੇਂ ਬਲਾਤਕਾਰ ਅਤੇ ਕਤਲ ਦੇ ਮਾਮਲੇ ਵਿੱਚ ਉਮਰ ਕੈਦ ਕੱਟ ਰਿਹਾ ਹੈ। ਸਾਲ 2017 ਵਿੱਚ ਜਦੋਂ ਸੌਦਾ ਸਾਧ ਨੂੰ ਸਜ਼ਾ ਸੁਣਾਈ ਗਈ ਤਾਂ ਉਸ ਦੇ ਪੈਰੋਕਾਰਾਂ ਵੱਲੋਂ ਪੰਜਾਬ ਅਤੇ ਹਰਿਆਣਾ ਵਿੱਚ ਕਾਫ਼ੀ ਹਿੰਸਾ ਕੀਤੀ ਗਈ, ਜਿਸ ਦੌਰਾਨ 38 ਲੋਕਾਂ ਦੀ ਮੌਤ ਹੋਈ ਸੀ। ਇਸ ਡੇਰੇ ਦੇ ਪੈਰੋਕਾਰਾਂ ਦੇ ਨਾਮ ਸਾਲ 2015 ਵਿੱਚ ਗੁਰੂ ਗ੍ਰੰਥ ਸਾਹਿਬ ਦੀ ਕਥਿਤ ਬੇਅਦਬੀ ਦੇ ਕੇਸਾਂ ਵਿੱਚ ਵੀ ਆਉਂਦੇ ਰਹੇ ਹਨ। ਡੇਰਾ ਸੱਚਾ ਸੌਦਾ ਦਾ ਪ੍ਰਭਾਵ ਪੰਜਾਬ ਦੇ ਮਾਲਵਾ ਇਲਾਕੇ ਦੇ ਜ਼ਿਲ੍ਹਾ ਸੰਗਰੂਰ, ਮਾਨਸਾ, ਬਠਿੰਡਾ, ਫ਼ਿਰੋਜ਼ਪੁਰ ਅਤੇ ਫ਼ਾਜ਼ਿਲਕਾ ਵਗੈਰਾ ਵਿੱਚ ਪਾਇਆ ਜਾਂਦਾ ਹੈ। ਪਰ ਪਿਛਲੇ ਸਮੇਂ ਹੋਈਆਂ ਇਹਨਾਂ ਘਟਨਾਵਾਂ ਤੋਂ ਬਾਅਦ ਡੇਰੇ ਦੇ ਕਾਫ਼ੀ ਪੈਰੋਕਾਰਾਂ ਨੇ ਉੱਥੇ ਜਾਣਾ ਛੱਡ ਦਿੱਤਾ ਸੀ।

ਡੇਰੇ ਵੱਲੋਂ ਸਾਲ 2002 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਦਾ ਸਮਰਥਨ ਕੀਤਾ ਗਿਆ ਸੀ। ਇਸ ਸਾਲ ਕਾਂਗਰਸ ਸੱਤਾ ਵਿੱਚ ਆਈ ਸੀ। ਸਾਲ 2007 ਵਿੱਚ ਵੀ ਡੇਰੇ ਨੇ ਕਾਂਗਰਸ ਦਾ ਸਮਰਥਨ ਕੀਤਾ ਪਰ ਕਾਂਗਰਸ ਹਾਰ ਗਈ ਸੀ।

ਡੇਰਾ ਰਾਧਾ ਸੁਆਮੀ ਬਿਆਸ ਦੀ ਵੈਬ ਸਾਇਟ ਮੁਤਾਬਕ ਇਸ ਦੀ ਸਥਾਪਨਾ 1891 ਵਿੱਚ ਹੋਈ ਅਤੇ ਅੱਜ ਇਸ ਦੇ ਪੈਰੋਕਾਰ 90 ਦੇਸ਼ਾਂ ਵਿੱਚ ਮੌਜੂਦ ਹਨ। ਇਸ ਡੇਰੇ ਦੇ ਪੰਜਾਬ ਅਤੇ ਹਰਿਆਣਾ ਸਣੇ ਸਮੁੱਚੇ ਭਾਰਤ ਦੇ ਲਗਭਗ ਹਰ ਸ਼ਹਿਰ, ਕਸਬੇ ਵਿੱਚ ਸਤਿਸੰਗ ਘਰ ਹਨ, ਜਿਨ੍ਹਾਂ ਵਿੱਚ ਹਰ ਹਫ਼ਤਾਵਾਰੀ ਇਕੱਠ ਹੁੰਦੇ ਹਨ।

ਡੇਰਾ ਸੱਚਖੰਡ ਬੱਲਾਂ ਪੰਜਾਬ ਦੇ ਦੁਆਬਾ ਖ਼ਿੱਤੇ ਦੇ ਵੱਡੇ ਧਾਰਮਿਕ ਡੇਰਿਆਂ ਵਿੱਚੋਂ ਇੱਕ ਹੈ। ਇਸ ਡੇਰੇ ਵਿੱਚ ਦਲਿਤ ਸਮਾਜ ਤੇ ਖ਼ਾਸ ਕਰਕੇ ਰਵਿਦਾਸੀਆ ਭਾਈਚਾਰੇ ਨਾਲ ਸਬੰਧਿਤ ਵੱਡੀ ਗਿਣਤੀ ਲੋਕ ਧਾਰਮਿਕ ਆਸਥਾ ਰੱਖਦੇ ਹਨ। ਇਸ ਦਾ ਮੁੱਖ ਅਸਰ ਜਲੰਧਰ ਅਤੇ ਹੁਸ਼ਿਆਰਪੁਰ ਲੋਕ ਸਭਾ ਸੀਟਾਂ ਉੱਤੇ ਪੈਂਦਾ ਹੈ। ਉੱਤਰ ਪ੍ਰਦੇਸ਼ ਦੇ ਵਾਰਾਣਸੀ ਵਿੱਚ ਇਸ ਦਾ ਵੱਡਾ ਡੇਰਾ ਹੋਣ ਕਰਕੇ ਇਸ ਦੀ ਪੈਂਠ ਪੰਜਾਬ ਤੋਂ ਬਾਹਰ ਵੀ ਰਵੀਦਾਸੀਆਂ ਭਾਈਚਾਰੇ ਵਿੱਚ ਦੇਖੀ ਜਾ ਸਕਦੀ ਹੈ। ਇਹ ਡੇਰਾ ਜਲੰਧਰ ਸ਼ਹਿਰ ਤੋਂ 13 ਕਿਲੋਮੀਟਰ ਬਾਹਰਵਾਰ ਪਠਾਨਕੋਟ ਰੋਡ 'ਤੇ, ਪਿੰਡ ਬੱਲਾਂ ਵਿੱਚ ਨਹਿਰ ਦੇ ਕੰਢੇ ਬਣਿਆ ਹੋਇਆ ਹੈ। ਇਸ ਦੇ ਨਾਲ-ਨਾਲ ਵੱਡੇ ਸਿਆਸੀ ਆਗੂ ਖ਼ਾਸਕਰ ਚੋਣਾਂ ਦੇ ਨੇੜੇ ਜਿਵੇਂ ਡੇਰੇ ਵਿੱਚ ਪਹੁੰਚਦੇ ਹਨ।

ਸੰਤ ਨਿਰੰਕਾਰੀ ਮਿਸ਼ਨ ਦੀ ਸਥਾਪਨਾ ਬੂਟਾ ਸਿੰਘ ਦੁਆਰਾ 1929 ਵਿੱਚ ਕੀਤੀ ਗਈ ਸੀ। ਸਤਿਗੁਰੂ ਬਾਬਾ ਹਰਦੇਵ ਸਿੰਘ ਦੀ ਪੁੱਤਰੀ ਮਾਤਾ ਸੁਦੀਕਸ਼ਾ 17 ਜੁਲਾਈ 2018 ਤੋਂ ਮਿਸ਼ਨ ਦੀ ਛੇਵੀਂ ਅਧਿਆਤਮਿਕ ਮੁਖੀ ਹਨ। ਬਾਬਾ ਬੂਟਾ ਸਿੰਘ ਨੇ ਆਪਣਾ ਅਹੁਦਾ ਸ਼ਹਿਨਸ਼ਾਹ ਬਾਬਾ ਅਵਤਾਰ ਸਿੰਘ ਨੂੰ ਸੌਂਪ ਦਿੱਤਾ ਸੀ। ਵੰਡ ਤੋਂ ਬਾਅਦ ਬਾਬਾ ਅਵਤਾਰ ਸਿੰਘ ਦਿੱਲੀ ਚਲੇ ਗਏ। 1962 ਵਿੱਚ ਉਨ੍ਹਾਂ ਦੇ ਪੁੱਤਰ ਗੁਰਬਚਨ ਸਿੰਘ ਨੇ ਉਨ੍ਹਾਂ ਦੀ ਥਾਂ ਲੈ ਲਈ। ਬਾਬਾ ਗੁਰਬਚਨ ਸਿੰਘ ਦੀ 24 ਅਪ੍ਰੈਲ 1980 ਨੂੰ ਹੱਤਿਆ ਕਰ ਦਿੱਤੀ ਗਈ ਸੀ। ਇਨ੍ਹਾਂ ਦੀ ਸਿਆਸੀ ਸਰਗਰਮੀਆਂ ਜ਼ਿਆਦਾ ਪ੍ਰਭਾਵੀ ਨਹੀਂ ਹਨ ਪਰ ਇਹ ਅੰਦਰਖਾਤੇ ਕਾਫ਼ੀ ਅਸਰ ਰੱਖਦੇ ਹਨ। 1978 ਦੀ ਵਿਸਾਖੀ ਮੌਕੇ ਅੰਮ੍ਰਿਤਸਰ 'ਚ 13 ਸਿੱਖਾਂ ਦੀ ਹੱਤਿਆ ਤੋਂ ਬਾਅਦ ਸ੍ਰੀ ਅਕਾਲ ਤਖਤ ਤੋਂ ਹੁਕਮਨਾਮਾ ਜਾਰੀ ਕਰਕੇ ਨਿਰੰਕਾਰੀਆਂ ਦਾ ਸਮਾਜਿਕ ਬਾਈਕਾਟ ਕਰ ਦਿੱਤਾ ਗਿਆ ਸੀ। ਇਹ ਸੱਦਾ ਅਜੇ ਵੀ ਵਾਪਸ ਨਹੀਂ ਲਿਆ ਗਿਆ ਹਾਲਾਂ ਕਿ ਸਮੇਂ ਦੇ ਗੁਜ਼ਰਨ ਨਾਲ ਇਸ ਸੰਤ ਨਿਰੰਕਾਰੀ ਮੰਡਲ ਤੇ ਸਿੱਖ ਭਾਈਚਾਰੇ ਦਰਮਿਆਨ ਕਸ਼ੀਦਗੀ ਵੀ ਖ਼ਤਮ ਹੋ ਗਈ ਹੈ।

ਦਿਵਿਆ ਜਾਗ੍ਰਿਤੀ ਸੰਸਥਾਨ ਦਾ ਮੁੱਖ ਦਫ਼ਤਰ ਨੂਰ ਮਹਿਲ, ਜਲੰਧਰ ਵਿੱਚ ਹੈ। ਅੱਠ ਵਿਧਾਨ ਸਭਾ ਹਲਕਿਆਂ ਵਿੱਚ ਇਸ ਡੇਰੇ ਦਾ ਪ੍ਰਭਾਵ ਹੈ। ਆਸ਼ੂਤੋਸ਼ ਮਹਾਰਾਜ ਨੇ 1983 ਵਿੱਚ ਨੂਰ ਮਹਿਲ ਵਿੱਚ ਸੰਸਥਾ ਦੀ ਸਥਾਪਨਾ ਕੀਤੀ। ਸੰਸਥਾ ਮੁਤਾਬਕ ਦੇਸ਼-ਵਿਦੇਸ਼ 'ਚ ਉਨ੍ਹਾਂ ਦੇ ਤਿੰਨ ਕਰੋੜ ਫਾਲੋਅਰਜ਼ ਹਨ। ਇਸ ਦੀਆਂ 350 ਸ਼ਾਖਾਵਾਂ ਹਨ, ਜੋ 15 ਦੇਸ਼ਾਂ ਵਿੱਚ ਫੈਲੀਆਂ ਹੋਈਆਂ ਹਨ। ਆਸ਼ੂਤੋਸ਼ ਮਹਾਰਾਜ 29 ਜਨਵਰੀ 2014 ਨੂੰ ਸਮਾਧੀ ਵਿੱਚ ਚਲੇ ਗਏ ਸਨ। ਉਨ੍ਹਾਂ ਦੇ ਪੈਰੋਕਾਰਾਂ ਦਾ ਮੰਨਣਾ ਹੈ ਕਿ ਉਹ ਜਿਉਂਦੇ ਹਨ ਅਤੇ ਸਮਾਧੀ ਜਾਂ ਡੂੰਘੇ ਧਿਆਨ ਦੀ ਅਵਸਥਾ ਵਿੱਚ ਹਨ। ਉਨ੍ਹਾਂ ਦਾ ਸਰੀਰ 1 ਦਸੰਬਰ 2014 ਤੋਂ ਫਰੀਜ਼ਰ ਵਿੱਚ ਰੱਖਿਆ ਹੋਇਆ ਹੈ। ਇਹ ਡੇਰਾ ਜਲੰਧਰ ਤੋਂ ਕਰੀਬ 34 ਕਿਲੋਮੀਟਰ ਦੂਰ ਨੂਰ ਮਹਿਲ ਵਿੱਚ ਹੈ। ਇਹ ਡੇਰਾ ਆਪਣਾ ਕਾਫ਼ੀ ਪ੍ਰਭਾਵ ਰੱਖਦਾ ਹੈ। ਡੇਰੇ ਵਿੱਚ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ, ਹਿਮਾਚਲ ਦੇ ਸਾਬਕਾ ਮੁੱਖ ਮੰਤਰੀ ਜੈ ਰਾਮ ਠਾਕੁਰ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਜਾਂਦੇ ਰਹੇ ਹਨ। ਡੇਰੇ ਦਾ ਅਸਰ ਜਲੰਧਰ ਅਤੇ ਪਟਿਆਲਾ ਦੀਆਂ ਸੀਟਾਂ ਉੱਤੇ ਦੇਖਿਆ ਜਾ ਸਕਦਾ ਹੈ।

ਚੰਡੀਗੜ੍ਹ ਸਥਿਤ ਇੰਸਟੀਚਿਊਟ ਫਾਰ ਡਿਵੈਲਪਮੈਂਟ ਐਂਡ ਕਮਿਊਨਿਕੇਸ਼ਨ ਦੀ ਰਿਸਰਚ ਮੁਤਾਬਕ ਪੰਜਾਬ ਦੀਆਂ ਕੁੱਲ 117 ਸੀਟਾਂ ਵਿਧਾਨ ਸਭਾ ਸੀਟਾਂ ਵਿੱਚੋਂ ਇਹ ਡੇਰੇ 56 ਸੀਟਾਂ ਵਿੱਚ ਅਸਰ ਰੱਖਦੇ ਹਨ ਤੇ ਚੋਣ ਨਤੀਜਿਆਂ ਉੱਤੇ ਅਸਰ ਪਾ ਸਕਦੇ ਹਨ। 1920 ਦੇ ਦਹਾਕੇ ਵਿੱਚ ਹੁਸ਼ਿਆਰਪੁਰ ਤੇ ਜਲੰਧਰ ਇਲਾਕੇ ਵਿੱਚ ਕਈ ਡੇਰੇ ਬਣੇ।

ਡੇਰਿਆਂ ਵਾਂਗ ਕਈ ਸਿੱਖ ਸੰਪਰਦਾਵਾਂ ਵੀ ਸਰਗਰਮ ਹਨ। ਇਨ੍ਹਾਂ ਵਿਚੋਂ ਨਾਨਕਸਰ ਕਲੇਰਾਂ ਕਾਫ਼ੀ ਮਸ਼ਹੂਰ ਹੈ। ਸੰਤ ਈਸ਼ਰ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਇਸ ਦੀ ਵੰਡ ਹੋ ਗਈ ਅਤੇ ਹੁਣ ਇਸ ਦੇ ਤਿੰਨ ਮੁਖੀ ਹਨ ਪਰ ਹੈੱਡਕੁਆਟਰ ਨਾਨਕਸਰ ਕਲੇਰਾਂ ਵਿਚ ਹੀ ਹੈ।

ਮਾਲਵਾ ਖ਼ਿੱਤੇ ਵਿੱਚ ਗੋਨਿਆਣਾ ਮੰਡੀ 'ਚ ਪੈਂਦੀ ਸੇਵਾਪੰਥੀ ਸੰਪਰਦਾ ਦੀ ਵੀ ਮਹੱਤਤਾ ਹੈ। ਮਾਲਵੇ ਦੇ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਅਤੇ ਸੰਤ ਦਲੇਰ ਸਿੰਘ ਖੇੜੀ ਦੇ ਡੇਰਿਆਂ ਦੇ ਪੈਰੋਕਾਰਾਂ ਦੀ ਗਿਣਤੀ ਵੀ ਕਾਫ਼ੀ ਜ਼ਿਆਦਾ ਹੈ। ਮਾਝੇ ਵਿੱਚ ਸੰਤ ਭਿੰਡਰਾਂਵਾਲਿਆਂ ਦੀ ਸੰਪਰਦਾ ਟਕਸਾਲ ਦੀ ਵੀ ਮਹਾਨਤਾ ਹੈ।

**ਦਰਪਣ ਝੂਠ ਨਹੀਂ ਬੋਲਦਾ**

# ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦਾ ਆਈ.ਟੀ. ਵਿੰਗ ਫ਼ੈਲਾਅ ਰਿਹੈ ਜ਼ਹਿਰ

## ਕਿਸਾਨ, ਘੱਟ ਗਿਣਤੀ ਕੌਮਾਂ ਤੇ ਮੁਸਲਮਾਨ ਭਾਈਚਾਰਾ ਭਾਜਪਾ ਦੇ ਨਿਸ਼ਾਨੇ ’ਤੇ

## ਭਾਜਪਾ ਦੇ ਉਮੀਦਵਾਰ ਹੰਸ ਤੇ ਰਿੰਕੂ ਕਿਸਾਨਾਂ ਨੂੰ ਦੱਸ ਰਹੇ ਨੇ ਗੁੰਡੇ ਤੇ ਦਲਿਤ ਵਿਰੋਧੀ

ਲੋਕ ਸਭਾ ਚੋਣਾਂ ਦੇ ਪਹਿਲੇ ਪੜਾਅ ਤੋਂ ਬਾਅਦ ਹਾਰ ਦੇ ਡਰੋਂ ਪ੍ਰਧਾਨ ਮੰਤਰੀ ਨੇ ਇੱਕ ਵਾਰ ਫਿਰ ਘੱਟ ਗਿਣਤੀਆਂ ਵਿਰੁੱਧ ਨਫ਼ਰਤ ਭਰੀਆਂ ਝੂਠੀਆਂ ਖ਼ਬਰਾਂ ਫੈਲਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਨਾਲ ਪੂਰਾ ਗੋਦੀ ਮੀਡੀਆ ਉਨ੍ਹਾਂ ਦੇ ਨਫ਼ਰਤ ਭਰੇ ਪ੍ਰਚਾਰ ਵਿੱਚ ਸ਼ਾਮਲ ਹੋ ਗਿਆ ਹੈ। ਹਾਲ ਹੀ ਵਿੱਚ ਝੂਠੀਆਂ ਖ਼ਬਰਾਂ ਦੇ ਸਰਵੇਖਣ ’ਤੇ ਆਧਾਰਿਤ ਇੱਕ ਰਿਪੋਰਟ ਵਿੱਚ ਝੂਠੀਆਂ ਖ਼ਬਰਾਂ ਫੈਲਾਉਣ ਵਾਲੇ ਦੁਨੀਆਂ ਦੇ ਮੋਹਰੀ ਦੇਸ਼ਾਂ ਦੀ ਸੂਚੀ ਜਾਰੀ ਕੀਤੀ ਗਈ ਸੀ। ਇਸ ਸੂਚੀ ਵਿੱਚ ਭਾਰਤ ਪਹਿਲੇ ਸਥਾਨ ’ਤੇ ਹੈ। ਵਰਨਣਯੋਗ ਹੈ ਕਿ ਭਾਜਪਾ ਆਈ.ਟੀ. ਸੈਲ ਰਾਹੀਂ ਯੋਜਨਾਬੱਧ ਢੰਗ ਨਾਲ ਇਨ੍ਹਾਂ ਝੂਠੀਆਂ ਖ਼ਬਰਾਂ ਨੂੰ ਵੱਡੀ ਪੱਧਰ ਉਪਰ ਹਿੰਸਾ ਫੈਲਾਇਆ ਜਾ ਰਿਹਾ ਹੈ। 16 ਜਨਵਰੀ 2024 ਨੂੰ ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਜ਼ਿਲ੍ਹੇ ਵਿੱਚ ਗਊ ਹੱਤਿਆ ਦਾ ਮਾਮਲਾ ਸਾਹਮਣੇ ਆਇਆ ਸੀ। ਬਜਰੰਗ ਦਲ ਦੇ ਜ਼ਿਲ੍ਹਾ ਮੁਖੀ ਨੇ ਪੁਲਿਸ ਕੋਲ ਰਿਪੋਰਟ ਦਰਜ ਕਰਵਾਈ ਅਤੇ ਦਾਅਵਾ ਕੀਤਾ ਕਿ ਮੁਸਲਮਾਨਾਂ ਨੇ ‘ਕਾਂਬੜ ਪੱਥ’ (ਮੁਰਾਦਾਬਾਦ) ਵਿੱਚ ਗਊ ਹੱਤਿਆ ਕੀਤੀ ਸੀ। ਭਾਜਪਾ ਆਈ ਟੀ ਸੈੱਲ ਵੱਲੋਂ ਪੂਰੇ ਇਲਾਕੇ ਵਿੱਚ ਮੁਸਲਮਾਨਾਂ ਖ਼ਿਲਾਫ਼ ਨਫ਼ਰਤ ਦਾ ਮਾਹੌਲ ਬਣਾਇਆ ਗਿਆ। ਸੋਸ਼ਲ ਮੀਡੀਆ ਰਾਹੀਂ ਲੋਕਾਂ ਨੂੰ ਕਾਫ਼ੀ ਭੜਕਾਇਆ ਗਿਆ ਪਰ ਪੁਲਿਸ ਜਾਂਚ ਤੋਂ ਪਤਾ ਲੱਗਾ ਹੈ ਕਿ ਗਊ ਹੱਤਿਆ ਇਨ੍ਹਾਂ ਬਜਰੰਗ ਦਲ ਦੇ ਲੋਕਾਂ ਵੱਲੋਂ ਹੀ ਕੀਤੀ ਗਈ ਸੀ। ਫੜੇ ਗਏ ਤਿੰਨੇ ਦੋਸ਼ੀ ਬਜਰੰਗ ਦਲ ਨਾਲ ਸਬੰਧਿਤ ਸਨ। ਇਨ੍ਹਾਂ ਦਾ ਮੁੱਖ ਉਦੇਸ਼ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਫਿਰਕੂ ਮਾਹੌਲ ਨੂੰ



ਭੜਕਾਉਣਾ ਸੀ। ਅਜਿਹੇ ਕਿੰਨੇ ਹੀ ਨਫ਼ਰਤੀ ਮਾਮਲੇ ਰੋਜ਼ਾਨਾ ਸਾਹਮਣੇ ਆਉਂਦੇ ਹਨ ਅਤੇ ਇਨ੍ਹਾਂ ਕੇਸਾਂ ਨੂੰ ਆਮ ਕਰਕੇ ਦਬਾ ਦਿੱਤਾ ਜਾਂਦਾ ਹੈ, ਪਰ ਨਫ਼ਰਤ ਫੈਲਾਉਣ ਵਾਲੇ ਅਜਿਹੇ ਲੋਕਾਂ ਖ਼ਿਲਾਫ਼ ਭਾਜਪਾ ਸਰਕਾਰ ਵੱਲੋਂ ਕਾਰਵਾਈ ਕਰਨਾ ਤਾਂ ਦੂਰ ਦੀ ਗੱਲ, ਝੂਠੀਆਂ ਖ਼ਬਰਾਂ ਫੈਲਾਉਣ ਵਾਲੇ ਅਜਿਹੇ ਸਮਾਜ ਵਿਰੋਧੀ ਅਨਸਰਾਂ ਨੂੰ ਸਜ਼ਾਵਾਂ ਦੇਣ ਦੀ ਥਾਂ ਪਾਰਟੀ ਦੇ ਅਹੁਦੇ ਦਿੱਤੇ ਜਾ ਰਹੇ ਹਨ।

ਕੁਝ ਦਿਨ ਪਹਿਲਾਂ ਹੀ ਰਾਸ਼ਟਰੀ ਸਵੈਮ ਸੇਵਕ ਸੰਘ ਨਾਲ ਜੁੜੇ ਤਿੰਨ ਗੁੰਡਿਆਂ ਨੇ ਬਨਾਰਸ ਹਿੰਦੂ ਯੂਨੀਵਰਸਿਟੀ-ਆਈ.ਆਈ.ਟੀ. ਦੀ 20 ਸਾਲਾ ਵਿਦਿਆਰਥਣ ਨੂੰ ਕਥਿਤ ਤੌਰ ਉੱਪਰ ਬਲਾਤਕਾਰ ਦਾ ਸ਼ਿਕਾਰ ਬਣਾਇਆ। ਕਰਨ ਦੋਸ਼ੀ ਪਾਇਆ ਗਿਆ ਸੀ। ਇਨ੍ਹਾਂ ਬਲਾਤਕਾਰੀਆਂ ਨੂੰ ਭਾਜਪਾ ਵੱਲੋਂ ਆਈ.ਟੀ. ਸੈੱਲ ਵਿੱਚ ਵੱਡੀਆਂ ਪੋਸਟਾਂ ਦਿੱਤੀਆਂ ਗਈਆਂ। ਭਾਜਪਾ ਦੀ ਇਹ ਆਈ.ਟੀ ਸੇਲ ਦੀਆਂ ਕਰਤੂਤਾਂ ਦੀ ਸੂਚੀ ਬਹੁਤ ਲੰਬੀ ਹੈ।

ਲੋਕ ਵਿਰੋਧੀ ਖੇਤੀ ਕਾਨੂੰਨਾਂ ਵਿਰੁੱਧ ਕਿਸਾਨਾਂ ਦੇ ਸੰਘਰਸ਼ ਦੌਰਾਨ ਭਾਜਪਾ ਦੇ ਆਈ.ਟੀ. ਸੇਲ ਨੇ ਪੰਜਾਬ ਦੇ ਕਿਸਾਨਾਂ ਅਤੇ ਲੋਕਾਂ ’ਤੇ ਵੱਖਵਾਦੀ, ਅੱਤਵਾਦੀ, ਗੱਦਾਰ, ਗੁੰਡੇ ਆਦਿ ਦੇ ਦੋਸ਼ ਲਗਾ ਕੇ ਬਹੁਤ ਝੂਠਾ ਪ੍ਰਚਾਰ ਕੀਤਾ ਸੀ। ਅਜਿਹਾ ਪ੍ਰਚਾਰ ਖ਼ੁਦ ਹਰਿਆਣਾ ਦੇ ਸਾਬਕਾ ਮੰਤਰੀ ਖੱਟੜ ਕਰ ਚੁੱਕੇ ਹਨ। ਲੋਕ ਸਭਾ ਚੋਣਾਂ ਦੌਰਾਨ ਹੁਣ ਵੀ ਜਾਰੀ ਹੈ।

ਪੰਜਾਬ ਵਿੱਚ ਦਲਿਤ ਉਮੀਦਵਾਰਾਂ ਫ਼ਰੀਦਕੋਟ ਹੰਸ ਰਾਜ ਹੰਸ ਤੇ ਜਲੰਧਰ ਤੋਂ ਰਿੰਕੂ ਸਿੱਖ ਕਿਸਾਨਾਂ ਨੂੰ ਗੁੰਡੇ ਤੇ ਦਲਿਤ ਵਿਰੋਧੀ ਦਸ ਰਹੇ ਹਨ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਦੀ ਸਿੱਖਾਂ ਤੇ ਦਲਿਤਾਂ ਨੂੰ ਆਪਸ ਵਿੱਚ ਲੜਾਉਣ ਦੀ ਸਾਜ਼ਿਸ਼ ਹੈ। ਉਹ ਅਜਿਹੀ ਵੰਡ ਦੀ ਰਾਜਨੀਤੀ ਘੜ ਕੇ ਦਲਿਤ ਪੱਤਾ ਖੇਡ ਕੇ ਦਲਿਤਾਂ ਨੂੰ ਸਿੱਖਾਂ ਵਿਰੁਧ ਕਰਨਾ ਚਾਹੁੰਦੀ ਹੈ। ਕਿਸਾਨਾਂ ਨੇ ਭਾਜਪਾ ਉੱਪਰ ਪਿੰਡਾਂ ਵਿੱਚ ਵੜਨ ਉੱਪਰ ਪਾਬੰਦੀ ਲਗਾਈ ਹੋਈ ਹੈ ਤੇ ਰਾਜਨੀਤਕ ਬਾਈਕਾਟ ਦਾ ਸੱਦਾ ਦਿੱਤਾ ਹੋਇਆ ਹੈ। ਕਿਸਾਨ ਆਗੂਆਂ ਮੁਤਾਬਕ ਉਹ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਸਨ ਪਰ ਪੁਲਿਸ ਨੇ ਜ਼ਬਰਦਸਤੀ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ। ਉਨ੍ਹਾਂ ਕਿਹਾ ਕਿ ਉਹ ਲਗਾਤਾਰ ਭਾਜਪਾ ਆਗੂਆਂ ਤੋਂ ਸਵਾਲਾਂ ਦਾ ਜਵਾਬ ਮੰਗ ਰਹੇ ਹਨ ਪਰ ਅਜੇ ਤੱਕ ਕਿਸੇ ਵੀ ਭਾਜਪਾ ਆਗੂ ਨੇ ਕਿਸਾਨਾਂ ਦੇ ਇੱਕ ਵੀ ਸਵਾਲ ਦਾ ਜਵਾਬ ਨਹੀਂ ਦਿੱਤਾ।

(ਬਾਕੀ ਸਫ਼ਾ 30 ’ਤੇ)

# ਬਠਿੰਡਾ ਲੋਕ ਸਭਾ ਹਲਕਾ ਮਹਾਰਥੀ ਉਮੀਦਵਾਰਾਂ ਕਾਰਨ ਹਾਟ ਸੀਟ ਬਣਿਆ

## ਇਸ ਹਲਕੇ ਤੋਂ 10 ਵਾਰ ਅਕਾਲੀ ਦਲ ਤੇ 4 ਵਾਰ ਕਾਂਗਰਸ ਰਹੀ ਜੇਤੂ

## ਸੁਖਬੀਰ ਸਿੰਘ ਬਾਦਲ ਦੀ ਰਾਜਨੀਤਿਕ ਹੋਂਦ ਬਠਿੰਡਾ ਦੀ ਸੀਟ ਜਿੱਤਣ ਵਿੱਚ

ਪਾਰਲੀਮਾਨੀ ਚੋਣਾਂ ਦੇ ਭਖ਼ੇ ਦੌਰ ਦੌਰਾਨ ਰਾਜਨੀਤੀ ਵਿੱਚ ਦਿਲਚਸਪੀ ਰੱਖਣ ਵਾਲੇ ਲੋਕਾਂ ਦੀਆਂ ਨਜ਼ਰਾਂ ਵੀ.ਆਈ.ਪੀ. ਹਲਕੇ ਬਠਿੰਡਾ ’ਤੇ ਟਿਕੀਆਂ ਹੋਈਆਂ ਹਨ। ਪੰਜਾਬ ਦੀ ਸੱਤਾਧਾਰੀ ਧਿਰ ‘ਆਪ’ ਨੇ ਆਪਣਾ ਉਮੀਦਵਾਰ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਐਲਾਨ ਕੇ ਪਹਿਲਕਦਮੀ ਕਰ ਲਈ ਸੀ। ਯਾਦ ਰਹੇ ਕਿ ਵਿਧਾਨ ਸਭਾ ਹਲਕਾ ਲੰਬੀ ਤੋਂ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਦਰਵੇਸ਼ ਸਿਆਸਤਦਾਨ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਦੇ ਪੁੱਤਰ ਗੁਰਮੀਤ ਸਿੰਘ ਖੁੱਡੀਆਂ ਨੇ ਹਰਾ ਕੇ ਜਿੱਤ ਹਾਸਲ ਕੀਤੀ ਸੀ, ਜਿਨ੍ਹਾਂ ਨੂੰ ਮੌਜੂਦਾ ਭਗਵੰਤ ਮਾਨ ਸਰਕਾਰ ਨੇ ਪੰਜਾਬ ਦਾ ਖੇਤੀਬਾੜੀ ਮੰਤਰੀ ਬਣਾਇਆ ਹੋਇਆ ਹੈ। ਲੋਕ ਸਭਾ ਚੋਣਾਂ ਦਾ ਐਲਾਨ ਹੋਇਆ ਤਾਂ ‘ਆਪ’ ਪਾਰਟੀ ਨੇ ਗੁਰਮੀਤ ਸਿੰਘ ਨੂੰ ਮੁੜ ਤਿੰਨ ਵਾਰ ਬਠਿੰਡਾ ਹਲਕੇ ਤੋਂ ਜੇਤੂ ਰਹੀ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਨਾਲ ਮੁਕਾਬਲਾ ਕਰਨ ਲਈ ਮੈਦਾਨ ਵਿੱਚ ਉਤਾਰ ਦਿੱਤਾ ਹੈ। ਕਾਂਗਰਸ ਵੱਲੋਂ ਜੀਤਮੁਹਿੰਦਰ ਸਿੰਘ ਸਿੱਧੂ ਨੂੰ ਟਿਕਟ ਦਿੱਤੀ ਗਈ ਹੈ, ਜੋ ਧੜੱਲੇਦਾਰ ਆਗੂ ਸਮਝੇ ਜਾਂਦੇ ਹਨ। ਭਾਰਤੀ ਜਨਤਾ ਪਾਰਟੀ ਨੇ ਉੱਚ ਸਰਕਾਰੀ ਅਹੁਦਾ ਛੱਡ ਕੇ ਆਈ ਪਰਮਪਾਲ ਕੌਰ ਸਿੱਧੂ ਜੋ ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਅਤੇ ਗੁਰਪ੍ਰੀਤ ਸਿੰਘ ਮਲੂਕਾ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਦੀ ਧਰਮ ਪਤਨੀ ਹਨ, ਨੂੰ ਉਮੀਦਵਾਰ









ਬਣਾਇਆ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਲੱਖਾ ਸਿਧਾਣਾ ਨੂੰ ਮੈਦਾਨ ਵਿੱਚ ਲਿਆਂਦਾ ਹੈ। ਇਸ ਤਰੀਕੇ ਨਾਲ ਬੀਬਾ ਬਾਦਲ ਨਾਲ ਚੋਣ ਮੈਦਾਨ ਵਿੱਚ ਦਸਤਪੰਜਾ ਲੈਣ ਵਾਸਤੇ ਉੱਤਰੇ ਕਾਂਗਰਸ, ‘ਆਪ’ ਅਤੇ ਭਾਜਪਾ ਦੇ ਉਮੀਦਵਾਰਾਂ ਦਾ ਅਕਾਲੀ ਦਲ ਨਾਲ ਪਿਛੋਕੜ ਕਿਸੇ ਤੋਂ ਲੁਕਿਆ ਨਹੀਂ ਹੈ

ਯਾਦ ਰਹੇ ਕਿ ਬਠਿੰਡਾ ਲੋਕ ਸਭਾ ਹਲਕੇ ’ਤੇ ਜ਼ਿਆਦਾਤਰ ਅਕਾਲੀ ਦਲ ਦਾ ਕਬਜ਼ਾ ਰਿਹਾ ਹੈ ਜਦੋਂ ਕਿ ਕਾਂਗਰਸ, ਸੀ.ਪੀ.ਆਈ. ਤੇ ਸ਼੍ਰੋਮਣੀ ਅਕਾਲੀ ਅੰਮ੍ਰਿਤਸਰ ਦੇ ਉਮੀਦਵਾਰਾਂ ਨੂੰ ਵੀ ਮੌਕਾ ਦਿੱਤਾ ਗਿਆ। ਇਸ ਹਲਕੇ ਤੋਂ 10 ਵਾਰ ਸ਼੍ਰੋਮਣੀ ਅਕਾਲੀ ਦਲ, 4 ਵਾਰ ਕਾਂਗਰਸ, 2 ਵਾਰ ਭਾਰਤੀ ਕਮਿਊਨਿਸਟ ਪਾਰਟੀ ਅਤੇ ਦੋ ਵਾਰ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਜਿੱਤ ਕੇ ਲੋਕ ਸਭਾ ਦੀ ਦਹਿਲੀਜ਼ ਲੰਘੇ ਹਨ। ਦੇਸ਼ ਦੀਆਂ 17 ਵਾਰ ਹੋਈਆਂ ਲੋਕ ਸਭਾ ਵਿੱਚ ਇਸ ਹਲਕੇ ਤੋਂ 19 ਸੰਸਦ ਮੈਂਬਰ ਜਿੱਤੇ ਹਨ। 1952 ਅਤੇ 1957 ਵਿੱਚ ਇਸ ਹਲਕੇ ਤੋਂ ਦੋ-ਦੋ ਲੋਕ ਸਭਾ ਮੈਂਬਰ ਬਣੇ, ਇੱਕ ਜਨਰਲ ਅਤੇ ਇੱਕ ਰਿਜ਼ਰਵ। ਇਸ ਤਰ੍ਹਾਂ ਕਾਂਗਰਸ ਨੇ 4 ਚੋਣਾਂ ਵਿੱਚ ਜਿੱਤ ਹਾਸਲ ਕਰਦਿਆਂ 6 ਮੈਂਬਰ ਪਾਰਲੀਮੈਂਟ ਵਿੱਚ ਭੇਜੇ। ਇਸ ਹਲਕੇ ਤੋਂ 1952 ਅਤੇ 1957 ਵਿੱਚ ਕਾਂਗਰਸ ਦੇ ਹੁਕਮ ਸਿੰਘ ਤੇ ਅਜੀਤ ਸਿੰਘ

(ਬਾਕੀ ਸਫ਼ਾ 30 ’ਤੇ)

# ਬਸਪਾ ਨੇ ਮੰਨਿਆ ਸੀ.ਬੀ.ਆਈ., ਈ.ਡੀ. ਦਾ ਡਰ

## ਬਸਪਾ ਦੇ ਨੇਤਾ ਆਕਾਸ਼ ਆਨੰਦ ਨੇ ਕੀਤਾ ਖ਼ੁਲਾਸਾ

ਬਹੁਜਨ ਸਮਾਜ ਪਾਰਟੀ ਦੇ ਨੇਤਾ ਆਕਾਸ਼ ਆਨੰਦ ਨੇ ਇਮਾਨਦਾਰੀ ਨਾਲ ਮੰਨਿਆ ਹੈ ਕਿ ਉਨ੍ਹਾਂ ਦੀ ਪਾਰਟੀ ਭਾਜਪਾ ’ਤੇ ਜ਼ਿਆਦਾ ਹਮਲਾ ਨਹੀਂ ਕਰ ਰਹੀ ,ਕਿਉਂਕਿ ਉਹ ਈ.ਡੀ. ਅਤੇ ਸੀ.ਬੀ.ਆਈ. ਤੋਂ ਡਰਦੀ ਹੈ। ਆਮ ਤੌਰ ’ਤੇ ਕੋਈ ਵੀ ਇਸ ਨੂੰ ਇਮਾਨਦਾਰੀ ਨਾਲ ਸਵੀਕਾਰ ਨਹੀਂ ਕਰਦਾ ਪਰ ਆਕਾਸ਼ ਆਨੰਦ ਨੇ ਇੱਕ ਅੰਗਰੇਜ਼ੀ ਅਖ਼ਬਾਰ ਨੂੰ ਦਿੱਤੇ ਇੰਟਰਵਿਊ ਵਿੱਚ ਇਹ ਗੱਲ ਖੁੱਲ੍ਹ ਕੇ ਕਹੀ। ਉਨ੍ਹਾਂ ਕਿਹਾ ਕਿ ਹੋਰਨਾਂ ਪਾਰਟੀਆਂ ਕੋਲ ਪੈਸਾ ਤੇ ਸਾਧਨ ਹਨ ਪਰ ਬਸਪਾ ਕੋਲ ਸਿਰਫ਼ ਲੋਕ ਹਨ। ਜੇਕਰ ਬਸਪਾ ਭਾਜਪਾ ’ਤੇ ਬਹੁਤ ਹਮਲਾ ਕਰਦੀ ਹੈ ਅਤੇ ਕੇਂਦਰੀ ਏਜੰਸੀਆਂ ਈ.ਡੀ., ਸੀ.ਬੀ.ਆਈ. ਆਦਿ ਦੀ ਕਾਰਵਾਈ ਸ਼ੁਰੂ ਹੋ ਜਾਂਦੀ ਹੈ ਤਾਂ ਬਸਪਾ ਵਾਲੇ ਕੀ ਕਰਨਗੇ? ਉਹ ਇਸ ਨਾਲ ਕਿਵੇਂ ਨਜਿੱਠਣਗੇ? ਇਸ ਲਈ ਰਣਨੀਤੀ ਅਨੁਸਾਰ ਕੰਮ ਕੀਤਾ ਜਾ ਰਿਹਾ ਹੈ। ਬਸਪਾ ਮੁਖੀ ਮਾਇਆਵਤੀ ਦੇ ਐਲਾਨੇ ਉੱਤਰਾਧਿਕਾਰੀ ਆਕਾਸ਼ ਆਨੰਦ ਨੇ ਵੀ ਚੋਣ ਲੜਨ ਦੀ ਰਣਨੀਤੀ ਦਾ ਖੁਲਾਸਾ ਕੀਤਾ ਅਤੇ ਇਹ ਵੀ ਕਿਹਾ ਕਿ ਲੋੜ ਅਨੁਸਾਰ ਪਾਰਟੀਆਂ ਨੂੰ ਨਿਸ਼ਾਨਾ ਬਣਾਇਆ



ਜਾਵੇਗਾ। ਜ਼ਿਕਰਯੋਗ ਹੈ ਕਿ ਮਾਇਆਵਤੀ ਦਾ ਹਮਲਾ ਜ਼ਿਆਦਾਤਰ ਕਾਂਗਰਸ ਅਤੇ ਸਮਾਜਵਾਦੀ ’ਤੇ ਹੁੰਦਾ ਹੈ ਪਰ ਪਿਛਲੇ ਕੁਝ ਦਿਨਾਂ ਤੋਂ ਉਨ੍ਹਾਂ ਨੇ ਭਾਜਪਾ ’ਤੇ ਵੀ ਨਿਸ਼ਾਨਾ ਸਾਧਣਾ ਸ਼ੁਰੂ ਕਰ ਦਿੱਤਾ ਹੈ। ਪਰ ਆਕਾਸ਼ ਆਨੰਦ ਨੇ ਮੰਨਿਆ ਹੈ ਕਿ ਇਹ ਸੀਮਤ ਹੋਵੇਗਾ ਅਤੇ ਰਣਨੀਤਕ ਹੋਵੇਗਾ। ਮੰਨਿਆ ਜਾ ਰਿਹਾ ਹੈ ਕਿ ਜਿੱਥੇ ਬਸਪਾ ਦੇ ਮੁਸਲਿਮ ਉਮੀਦਵਾਰ ਚੋਣ ਲੜ ਰਹੇ ਹਨ, ਉੱਥੇ ਹੀ ਮਾਇਆਵਤੀ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ’ਤੇ ਨਿਸ਼ਾਨਾ ਸਾਧਣਗੇ। ਜੇਕਰ ਉਹ ਮੁਸਲਿਮ ਉਮੀਦਵਾਰਾਂ ਦੇ ਸਮਰਥਨ ਵਿੱਚ ਮੀਟਿੰਗਾਂ ਵਿੱਚ ਭਾਜਪਾ ’ਤੇ ਹਮਲਾ ਕਰਦੀ ਹੈ, ਤਾਂ ਇਹ ਸਪਾ ਅਤੇ ਕਾਂਗਰਸ ਗਠਜੋੜ ਤੋਂ ਮੁਸਲਿਮ ਵੋਟ ਨੂੰ ਤੋੜ ਦੇਵੇਗੀ, ਤਾਂ ਹੀ ਭਾਜਪਾ ਨੇਤਾਵਾਂ ਨੂੰ ਬੁਰਾ ਨਹੀਂ ਲੱਗੇਗਾ ਕਿ ਮਾਇਆਵਤੀ ਉਨ੍ਹਾਂ ਦੀ ਪਾਰਟੀ ਅਤੇ ਨੇਤਾ ’ਤੇ ਹਮਲਾ ਕਰ ਰਹੀ ਹੈ। ਚੇਤੇ ਰਹੇ ਕਿ ਮਾਇਆਵਤੀ ਨੇ ਚੋਣ ਮੁਹਿੰਮ ਬਹੁਤ ਦੇਰ ਨਾਲ ਸ਼ੁਰੂ ਕੀਤੀ ਸੀ ਅਤੇ ਵਿਧਾਨ ਸਭਾ ਚੋਣਾਂ ਵਿੱਚ ਜਿਸ ਤਰ੍ਹਾਂ ਉਹ ਅਕਿਰਿਆਸ਼ੀਲ ਰਹੀ, ਉਹੀ ਹਾਲ ਲੋਕ ਸਭਾ ਚੋਣਾਂ ਵਿੱਚ ਵੀ ਦੇਖਣ ਨੂੰ ਮਿਲ ਰਿਹਾ ਹੈ। ਹਾਲਾਂ ਕਿ, ਇਸ ਦੇ ਬਾਵਜੂਦ, ਹਾਲ ਹੀ ਵਿੱਚ ਕਰਵਾਏ ਗਏ ਸੀਐਸਡੀਐਸ ਅਤੇ ਲੋਕਨੀਤੀ ਸਰਵੇਖਣ ਵਿੱਚ ਕਿਹਾ ਗਿਆ ਹੈ ਕਿ ਬਸਪਾ ਨੂੰ ਦੇਸ਼ ਭਰ ਵਿੱਚ ਤਿੰਨ ਪ੍ਰਤੀਸ਼ਤ ਵੋਟਾਂ ਮਿਲ ਸਕਦੀਆਂ ਹਨ। ਪਿਛਲੀ ਵਾਰ ਉਨ੍ਹਾਂ ਨੂੰ 3.66 ਫ਼ੀਸਦੀ ਵੋਟਾਂ ਮਿਲੀਆਂ ਸਨ।

# ਦਿੱਲੀ ਕਾਂਗਰਸ ਦੇ ਪ੍ਰਧਾਨ ਅਰਵਿੰਦਰ ਸਿੰਘ ਲਵਲੀ ਵੱਲੋਂ ਅਸਤੀਫ਼ਾ

## 'ਇੰਡੀਆ' ਗੱਠਜੋੜ ਵਿੱਚ ਆਮ ਆਦਮੀ ਪਾਰਟੀ ਦੇ ਰਲੇਵੇਂ ਨੂੰ ਦੱਸਿਆ ਮੁੱਖ ਕਾਰਨ

ਨਵੀਂ ਦਿੱਲੀ/ਏ.ਟੀ.ਨਿਊਜ਼ : ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਨੂੰ ਝਟਕਾ ਦਿੰਦਿਆਂ ਸੀਨੀਅਰ ਆਗੂ ਅਰਵਿੰਦਰ ਸਿੰਘ ਲਵਲੀ ਨੇ ਦਿੱਲੀ ਇਕਾਈ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਸ੍ਰੀ ਲਵਲੀ ਨੇ 'ਇੰਡੀਆ' ਗੱਠਜੋੜ ਦੀ ਭਾਈਵਾਲ ਆਮ ਆਦਮੀ ਪਾਰਟੀ (ਆਪ) ਨਾਲ ਕਾਂਗਰਸ ਦੇ ਗੱਠਜੋੜ ਨੂੰ ਅਸਤੀਫੇ ਦਾ ਮੁੱਖ ਕਾਰਨ ਦੱਸਿਆ ਹੈ। ਦੱਸ ਦੇਈਏ ਕਿ ਕਾਂਗਰਸ ਨੇ ਰਾਜਧਾਨੀ ਦੀਆਂ ਤਿੰਨ ਸੀਟਾਂ ਲਈ ਉਮੀਦਵਾਰਾਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਇੱਕ ਹਫ਼ਤੇ ਤੋਂ ਵੀ ਘੱਟ ਸਮੇਂ ਵਿੱਚ ਕਾਂਗਰਸ ਨੂੰ ਰਾਜਧਾਨੀ ਵਿੱਚ ਇਹ ਦੂਜਾ ਝਟਕਾ ਲੱਗਾ ਹੈ। ਇਸ ਤੋਂ ਪਹਿਲਾਂ ਰਾਜਕੁਮਾਰ ਚੌਹਾਨ ਨੇ ਅਸਤੀਫਾ ਦਿੱਤਾ ਸੀ। ਸ੍ਰੀ ਲਵਲੀ ਨੇ ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਭੇਜੇ



ਅਸਤੀਫ਼ਾ ਪੱਤਰ ਵਿੱਚ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਨਿਯੁਕਤੀ ਅਤੇ ਆਮ ਆਦਮੀ ਪਾਰਟੀ ਨਾਲ ਗੱਠਜੋੜ ਨੂੰ ਨਾਰਾਜ਼ਗੀ ਦਾ ਆਧਾਰ ਬਣਾਇਆ ਹੈ।

ਪੱਤਰ ਵਿੱਚ ਲਵਲੀ ਨੇ ਕਿਹਾ, "ਕਾਂਗਰਸ ਦੀ ਦਿੱਲੀ ਇਕਾਈ 'ਆਪ' ਨਾਲ ਗੱਠਜੋੜ ਦੇ ਵਿਰੁੱਧ ਸੀ, ਜੋ ਹਮੇਸ਼ਾ ਕਾਂਗਰਸ ਪਾਰਟੀ ਦੇ ਖ਼ਿਲਾਫ਼ ਝੂਠੇ, ਮਨਘੜਤ ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾਉਂਦੀ ਆਈ ਹੈ। ਇਸ ਦੇ ਬਾਵਜੂਦ ਪਾਰਟੀ ਨੇ ਦਿੱਲੀ ਵਿੱਚ 'ਆਪ' ਨਾਲ ਗੱਠਜੋੜ ਕਰਨ ਦਾ ਫੈਸਲਾ ਕੀਤਾ ਹੈ।" ਲਵਲੀ ਨੂੰ 2023 ਵਿੱਚ ਦਿੱਲੀ ਕਾਂਗਰਸ ਦਾ ਮੁਖੀ ਨਿਯੁਕਤ ਕੀਤਾ ਗਿਆ ਸੀ। ਖੜਗੇ ਨੂੰ ਲਿਖੇ ਆਪਣੇ ਪੱਤਰ ਵਿੱਚ ਲਵਲੀ ਨੇ ਕਿਹਾ ਕਿ ਦਿੱਲੀ ਕਾਂਗਰਸ ਦੇ ਸੀਨੀਅਰ ਨੇਤਾਵਾਂ ਦੁਆਰਾ ਸਰਬਸੰਮਤੀ ਨਾਲ ਲਏ ਗਏ ਫੈਸਲਿਆਂ ਨੂੰ ਏ.ਆਈ.ਸੀ.ਸੀ. ਦੇ ਜਨਰਲ ਸਕੱਤਰ (ਦਿੱਲੀ ਇੰਚਾਰਜ) ਦੁਆਰਾ ਇੱਕਤਰਫਾ ਤੌਰ 'ਤੇ ਵੀਟੋ ਕਰ ਦਿੱਤਾ ਗਿਆ ਉਨ੍ਹਾਂ ਪੱਤਰ ਵਿੱਚ ਕਿਹਾ, "ਡੀਪੀਸੀਸੀ ਦੇ ਪ੍ਰਧਾਨ ਵਜੋਂ ਮੇਰੀ ਨਿਯੁਕਤੀ ਤੋਂ ਬਾਅਦ ਏਆਈਸੀਸੀ ਜਨਰਲ ਸਕੱਤਰ (ਦਿੱਲੀ ਇੰਚਾਰਜ) ਨੇ ਮੈਨੂੰ ਡੀਪੀਸੀਸੀ ਵਿੱਚ ਕੋਈ ਸੀਨੀਅਰ ਨਿਯੁਕਤੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਡੀਪੀਸੀਸੀ ਦੇ ਮੀਡੀਆ ਮੁਖੀ ਵਜੋਂ ਇੱਕ ਅਨੁਭਵੀ ਨੇਤਾ ਦੀ ਨਿਯੁਕਤੀ ਦੀ ਮੇਰੀ ਬੇਨਤੀ ਨੂੰ ਖਾਰਜ ਕਰ ਦਿੱਤਾ ਗਿਆ। ਏ.ਆਈ.ਸੀ.ਸੀ. ਦੇ ਜਨਰਲ ਸਕੱਤਰ (ਦਿੱਲੀ ਇੰਚਾਰਜ) ਨੇ ਡੀਪੀਸੀਸੀ ਨੂੰ ਸ਼ਹਿਰ ਦੇ ਸਾਰੇ ਬਲਾਕ ਪ੍ਰਧਾਨ ਨਿਯੁਕਤ ਕਰਨ ਦੀ ਇਜਾਜ਼ਤ ਨਹੀਂ ਦਿੱਤੀ, ਨਤੀਜੇ ਵਜੋਂ ਦਿੱਲੀ ਦੇ 150 ਤੋਂ ਵੱਧ ਬਲਾਕਾਂ ਵਿੱਚ ਇਸ ਸਮੇਂ ਬਲਾਕ ਪ੍ਰਧਾਨ ਨਹੀਂ ਹਨ।"

### ਭਾਜਪਾ 'ਚ ਸ਼ਾਮਲ ਨਹੀਂ ਹੋਵਾਂਗਾ: ਲਵਲੀ

ਦਿੱਲੀ ਕਾਂਗਰਸ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਅਰਵਿੰਦਰ ਸਿੰਘ ਲਵਲੀ ਨੇ ਕਿਹਾ ਕਿ ਉਹ ਭਾਜਪਾ ਵਿੱਚ ਸ਼ਾਮਲ ਨਹੀਂ ਹੋ ਰਿਹਾ। 'ਆਪ' ਦੇ ਸੌਰਭ ਭਾਰਦਵਾਜ ਵੱਲੋਂ ਲਵਲੀ 'ਤੇ ਭਾਜਪਾ ਦੀ ਟਿਕਟ 'ਤੇ ਚੋਣ ਲੜਨ ਦੇ ਲਾਏ ਗਏ ਦੋਸ਼ਾਂ 'ਤੇ ਲਵਲੀ ਨੇ ਕਿਹਾ ਕਿ ਜੇਕਰ 'ਆਪ' ਆਗੂ ਨੂੰ ਇੰਨਾ ਹੀ ਪਤਾ ਹੈ ਤਾਂ ਉਹ ਦੂਜੀਆਂ ਪਾਰਟੀਆਂ ਬਾਰੇ ਹੀ ਫੈਸਲਾ ਕਰਨ। ਸ੍ਰੀ ਲਵਲੀ ਨੇ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਉਹ ਕਿਸੇ ਹੋਰ ਪਾਰਟੀ ਜਾਂ ਭਾਜਪਾ ਵਿੱਚ ਸ਼ਾਮਲ ਨਹੀਂ ਹੋਣਗੇ। ਉਨ੍ਹਾਂ ਇਹ ਵੀ ਕਿਹਾ ਕਿ ਕਰੀਬ 35-36 ਸਾਬਕਾ ਕਾਂਗਰਸੀ ਵਿਧਾਇਕ ਉਨ੍ਹਾਂ ਨੂੰ ਮਿਲਣ ਪੁੱਜੇ ਸਨ ਅਤੇ ਉਨ੍ਹਾਂ ਨਾਲ ਆਪਣੇ ਫੈਸਲੇ ਬਾਰੇ ਗੱਲ ਕੀਤੀ। ਸ੍ਰੀ ਲਵਲੀ ਨੇ ਆਪਣੀਆਂ ਭਵਿੱਖ ਦੀਆਂ ਯੋਜਨਾਵਾਂ ਬਾਰੇ ਬਹੁਤ ਕੁਝ ਦੱਸਣ ਤੋਂ ਇਨਕਾਰ ਕਰ ਦਿੱਤਾ ਹੈ। ਉਸਨੇ ਇਹ ਵੀ ਸੰਕੇਤ ਦਿੱਤਾ ਕਿ ਪਾਰਟੀ ਵਿੱਚ ਹਾਲ ਹੀ ਦੇ ਘਟਨਾਕ੍ਰਮ ਤੋਂ ਬਹੁਤ ਸਾਰੇ ਕਾਂਗਰਸੀ ਵਰਕਰ ਨਿਰਾਸ਼ ਹਨ। ਹਾਲਾਂਕਿ ਉਸਨੇ ਕਿਸੇ ਦਾ ਨਾਮ ਲੈਣ ਜਾਂ ਖਾਸ ਤੌਰ 'ਤੇ ਕਿਸੇ 'ਤੇ ਸਿੱਧੀ ਟਿਪਣੀ ਨਹੀਂ ਕੀਤੀ।

# ਭਾਰਤ ਨੇ ਮਸਾਲੇ ਦੇ ਉਤਪਾਦਾਂ 'ਤੇ ਪਾਬੰਦੀ ਲਾਉਣ ਦੇ ਮਾਮਲੇ 'ਚ ਸਿੰਗਾਪੁਰ ਤੇ ਹਾਂਗਕਾਂਗ ਤੋਂ ਮੰਗੀ ਜਾਣਕਾਰੀ

ਨਵੀਂ ਦਿੱਲੀ (ਭਾਸ਼ਾ) - ਦੁਨੀਆ ਵਿਚ ਮਸਾਲਿਆਂ ਦੇ ਸਭ ਤੋਂ ਵੱਡੇ ਉਤਪਾਦਕ, ਖਪਤਕਾਰ ਅਤੇ ਨਿਰਯਾਤਕ ਭਾਰਤ ਨੇ ਸਿੰਗਾਪੁਰ ਅਤੇ ਹਾਂਗਕਾਂਗ ਦੇ ਫੂਡ ਸੇਫਟੀ ਰੈਗੂਲੇਟਰਾਂ ਤੋਂ ਦੋ ਭਾਰਤੀ ਕੰਪਨੀਆਂ ਦੇ ਮਸਾਲੇ ਉਤਪਾਦਾਂ 'ਤੇ ਪਾਬੰਦੀ ਲਗਾਉਣ ਦੇ ਸਬੰਧਤ ਵੇਰਵੇ ਮੰਗੇ ਹਨ। ਸਿੰਗਾਪੁਰ ਅਤੇ ਹਾਂਗਕਾਂਗ ਨੇ ਹਾਲ ਹੀ ਵਿੱਚ ਗੁਣਵੱਤਾ ਸਬੰਧੀ ਚਿੰਤਾਵਾਂ ਦੇ ਕਾਰਨ ਐੱਮ. ਡੀ. ਐੱਚ. ਅਤੇ ਐਵਰੈਸਟ ਕੰਪਨੀਆਂ ਦੇ ਕੁਝ ਮਸਾਲੇ ਉਤਪਾਦਾਂ 'ਤੇ ਪਾਬੰਦੀ ਲਗਾ ਦਿੱਤੀ ਹੈ। ਵਣਜ ਮੰਤਰਾਲੇ ਨੇ ਇਨ੍ਹਾਂ ਦੋਵਾਂ ਦੇਸ਼ਾਂ 'ਚ ਮੌਜੂਦ ਭਾਰਤੀ ਦੂਤਾਵਾਸਾਂ ਨੂੰ ਵੀ ਇਸ ਮਾਮਲੇ 'ਤੇ ਵਿਸਥਾਰਤ ਰਿਪੋਰਟ ਭੇਜਣ ਦੇ ਨਿਰਦੇਸ਼ ਦਿੱਤੇ ਹਨ।

ਮੰਤਰਾਲੇ ਨੇ ਪਾਬੰਦੀ ਦੇ ਘੇਰੇ




ਵਿੱਚ ਆਈਆਂ ਦੋ ਕੰਪਨੀਆਂ - ਐੱਮ. ਡੀ. ਐੱਚ. ਅਤੇ ਐਵਰੈਸਟ ਤੋਂ ਵੀ ਵੇਰਵੇ ਮੰਗੇ ਹਨ। ਉਨ੍ਹਾਂ ਦੇ ਉਤਪਾਦਾਂ 'ਤੇ ਕਥਿਤ ਤੌਰ 'ਤੇ ਮਨਜ਼ੂਰਸ਼ੁਦਾ ਸੀਮਾ ਤੋਂ ਵੱਧ ਕੀਟਨਾਸ਼ਕ 'ਈਥਲੀਨ ਆਕਸਾਈਡ' ਹੋਣ ਕਾਰਨ ਪਾਬੰਦੀ ਲਗਾਈ ਗਈ ਹੈ। ਵਣਜ ਮੰਤਰਾਲੇ ਦੇ ਇਕ ਅਧਿਕਾਰੀ ਨੇ ਕਿਹਾ ਕਿ ਕੰਪਨੀਆਂ ਤੋਂ ਵੇਰਵਿਆਂ ਦੀ ਮੰਗ ਕੀਤੀ ਗਈ ਹੈ। ਭਾਰਤੀ ਮਸਾਲਾ ਉਤਪਾਦਾਂ ਨੂੰ ਰੱਦ ਕਰਨ ਦੇ ਮੂਲ ਕਾਰਨ ਦਾ ਪਤਾ ਲਗਾਇਆ ਜਾਵੇਗਾ ਅਤੇ ਸਬੰਧਤ ਨਿਰਯਾਤਕਾਂ ਨਾਲ ਤਾਲਮੇਲ ਕਰਕੇ ਹੱਲ ਕੀਤਾ ਜਾਵੇਗਾ। ਇਸ ਸਬੰਧ ਵਿਚ ਸਿੰਗਾਪੁਰ ਅਤੇ ਹਾਂਗਕਾਂਗ ਸਥਿਤ ਦੂਤਾਵਾਸਾਂ ਤੋਂ ਤਕਨੀਕੀ ਵੇਰਵੇ, ਵਿਸ਼ਲੇਸ਼ਣਾਤਮਕ ਰਿਪੋਰਟਾਂ ਅਤੇ ਬਰਾਮਦਕਾਰਾਂ ਬਾਰੇ ਵੇਰਵੇ ਮੰਗੇ ਗਏ ਹਨ।

ਇਸ ਤੋਂ ਇਲਾਵਾ ਸਿੰਗਾਪੁਰ ਦੀ ਫੂਡ ਸੇਫਟੀ ਬਾਡੀ ਅਤੇ ਹਾਂਗਕਾਂਗ ਦੇ ਫੂਡ ਐਂਡ ਐਨਵਾਇਰਨਮੈਂਟਲ ਹਾਈਜੀਨ ਵਿਭਾਗ ਤੋਂ ਵੀ ਵੇਰਵੇ ਮੰਗੇ ਗਏ ਹਨ। ਨਿਰਯਾਤ ਮਸਾਲੇ ਉਤਪਾਦਾਂ ਵਿੱਚ ਐਥੀਲੀਨ ਆਕਸਾਈਡ ਦੀ ਲਾਜ਼ਮੀ ਜਾਂਚ ਦੇ ਮੁੱਦੇ 'ਤੇ ਚਰਚਾ ਕਰਨ ਲਈ ਇੱਕ ਉਦਯੋਗ ਸਲਾਹ-ਮਸ਼ਵਰਾ ਵੀ ਤਹਿ ਕੀਤਾ ਗਿਆ ਹੈ। ਇਸ ਦੌਰਾਨ ਭਾਰਤੀ ਮਸਾਲੇ ਬੋਰਡ ਐੱਮ. ਡੀ. ਐੱਚ. ਅਤੇ ਐਵਰੈਸਟ ਦੇ ਚਾਰ ਮਸਾਲੇ-ਬਲੇਂਡ ਉਤਪਾਦਾਂ ਦੀ ਵਿਕਰੀ 'ਤੇ ਪਾਬੰਦੀ ਲਗਾਉਣ 'ਤੇ ਵਿਚਾਰ ਕਰ ਰਿਹਾ ਹੈ। ਹਾਂਗਕਾਂਗ ਦੇ ਫੂਡ ਸੇਫਟੀ ਰੈਗੂਲੇਟਰ ਨੇ ਖਪਤਕਾਰਾਂ ਨੂੰ ਉਤਪਾਦ ਨਾ ਖਰੀਦਣ ਅਤੇ ਵਪਾਰੀਆਂ ਨੂੰ ਉਨ੍ਹਾਂ ਨੂੰ ਨਾ ਵੇਚਣ ਲਈ ਕਿਹਾ ਹੈ, ਜਦਕਿ ਸਿੰਗਾਪੁਰ ਫੂਡ ਏਜੰਸੀ ਨੇ ਉਤਪਾਦਾਂ ਨੂੰ ਵਾਪਸ ਬੁਲਾਉਣ ਦਾ ਆਦੇਸ਼ ਦਿੱਤਾ ਹੈ।

### ਅਮਰੀਕਾ ਨੇ 31 ਫ਼ੀਸਦੀ ਐੱਮ. ਡੀ. ਐੱਚ. ਅਤੇ ਐਵਰੈਸਟ ਮਸਾਲੇ ਵਾਪਸ ਭੇਜੇ

ਨਵੀਂ ਦਿੱਲੀ: ਭਾਰਤੀ ਮਸਾਲਾ ਨਿਰਮਾਤਾਵਾਂ ਐੱਮ. ਡੀ. ਐੱਚ. ਅਤੇ ਐਵਰੈਸਟ ਦੇ ਕੁਝ ਉਤਪਾਦਾਂ ਨੂੰ ਲੈ ਕੇ ਲਗਾਤਾਰ ਚਿੰਤਾ ਪ੍ਰਗਟਾਈ ਜਾ ਰਹੀ ਹੈ। ਐੱਮ. ਡੀ. ਐੱਚ. ਅਤੇ ਐਵਰੈਸਟ ਦੀਆਂ ਮੁਸੀਬਤਾਂ ਲਗਾਤਾਰ ਵੱਧ ਰਹੀਆਂ ਹਨ। ਇਸ ਦਰਮਿਆਨ ਇਨ੍ਹਾਂ ਚਿੰਤਾਵਾਂ ਕਾਰਨ ਸਾਲਮੋਨੇਲਾ ਗੰਦਗੀ ਕਾਰਨ ਸੰਯੁਕਤ ਰਾਜ ਅਮਰੀਕਾ 'ਚ ਮਹਾਸ਼ਿਆਂ ਦੀ ਹੱਟੀ (ਐੱਮ. ਡੀ. ਐੱਚ.) ਪ੍ਰਾਈਵੇਟ ਲਿਮਟਿਡ ਵੱਲੋਂ ਬਰਾਮਦ ਕੀਤੇ ਗਏ ਮਸਾਲਿਆਂ ਨਾਲ ਸਬੰਧਤ ਸ਼ਿਪਮੈਂਟ ਲਈ ਇਨਕਾਰ ਦਰਾਂ 'ਚ ਵਾਧਾ ਦਰਜ ਕੀਤਾ ਗਿਆ ਹੈ। ਇਕ ਰਿਪੋਰਟ ਮੁਤਾਬਕ ਪਿਛਲੇ 6 ਮਹੀਨਿਆਂ 'ਚ ਅਮਰੀਕੀ ਕਸਟਮ ਡਿਊਟੀ ਅਧਿਕਾਰੀਆਂ ਨੇ ਐੱਮ. ਡੀ. ਐੱਚ. ਦੇ 31 ਫ਼ੀਸਦੀ ਮਸਾਲਿਆਂ ਦੀ ਸ਼ਿਪਮੈਂਟ ਨੂੰ ਨਾ-ਮਨਜ਼ੂਰ ਕਰ ਦਿੱਤਾ, ਜਦਕਿ ਪਿਛਲੇ ਸਾਲ ਇਹ 15 ਫ਼ੀਸਦੀ ਸੀ। ਸਾਲਮੋਨੇਲਾ ਗੰਦਗੀ 'ਤੇ ਇਨਕਾਰ ਦਰਾਂ 'ਚ ਵਾਧਾ ਅਜਿਹੇ ਸਮੇਂ 'ਚ ਹੋਇਆ ਹੈ, ਜਦੋਂ ਸਿੰਗਾਪੁਰ ਅਤੇ ਹਾਂਗਕਾਂਗ ਦੋਵਾਂ ਨੇ ਮਸਾਲੇ ਦੇ ਮਿਸ਼ਰਣ 'ਚ ਪਾਏ ਜਾਣ ਵਾਲੇ ਕਥਿਤ ਕਾਰਸੀਨੋਜੈਨਿਕ ਕੀਟਨਾਸ਼ਕਾਂ ਨੂੰ ਲੈ ਕੇ ਐੱਮ. ਡੀ. ਐੱਚ. ਅਤੇ ਐਵਰੈਸਟ ਫੂਡ ਪ੍ਰੋਡਕਟਸ ਪ੍ਰਾਈਵੇਟ ਲਿਮਟਿਡ ਦੀਆਂ ਕੁਝ ਵਸਤਾਂ ਦੀ ਵਿਕਰੀ ਰੋਕ ਦਿੱਤੀ ਸੀ। (ਬਾਕੀ ਸਫ਼ਾ 31 'ਤੇ)

# ਦਿੱਲੀ ਕਮੇਟੀ ਦੇ ਮੈਂਬਰਾਂ ਦੇ ਸਮਰਥਕਾਂ ਸਮੇਤ ਭਾਜਪਾ ਵਿੱਚ ਸ਼ਾਮਲ ਹੋਣ ਕਾਰਨ ਮੱਚੀ ਹਲਚਲ

## ਸਰਨਾ, ਸ਼੍ਰੋਮਣੀ ਕਮੇਟੀ, ਹਵਾਰਾ ਕਮੇਟੀ ਨੇ ਕੀਤਾ ਵਿਰੋਧ

ਨਵੀਂ ਦਿੱਲੀ/ਏ.ਟੀ.ਨਿਊਜ਼ : ਬੀਤੇ ਦਿਨੀਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਸਮੇਤ ਹੋਰ ਵੱਖ ਵੱਖ ਖੇਤਰਾਂ ਨਾਲ ਸਬੰਧਿਤ ਵੱਡੀ ਗਿਣਤੀ ਸਿੱਖ ਭਾਜਪਾ ਵਿੱਚ ਸ਼ਾਮਲ ਹੋਣ ਕਾਰਨ ਪੰਥਕ ਹਲਕਿਆਂ ਵਿੱਚ ਹਲਚਲ ਮਚੀ ਹੋਈ ਹੈ, ਕਿਉਂਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਪਰ ਭਾਜਪਾ ਦਾ ਪ੍ਰਭਾਵ ਸਮਝਿਆ ਜਾ ਰਿਹਾ ਹੈ। ਇਨ੍ਹਾਂ ਮੈਂਬਰਾਂ ਵਿੱਚ ਜ਼ਿਆਦਾਤਰ ਉਹ ਆਗੂ ਸ਼ਾਮਲ ਹਨ ਜੋ ਭਾਜਪਾ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਦੇ ਖੇਮੇ ਦੇ ਹਨ। ਇਨ੍ਹਾਂ ਮੈਂਬਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੋਂ ਚੋਣ ਲੜੀ ਸੀ ਪਰ ਬਾਅਦ ਵਿੱਚ ਦਿੱਲੀ ਦੀ ਸਿੱਖ ਰਾਜਨੀਤੀ ਵਿੱਚ ਆਈਆਂ ਤਬਦੀਲੀਆਂ ਕਰਕੇ ਵੱਖਰੇ ਬਣੇ ਅਕਾਲੀ ਦਲ (ਦਿੱਲੀ ਸਟੇਟ) ਵਿੱਚ ਸ਼ਮੂਲੀਅਤ ਕਰ ਲਈ ਸੀ। ਇਸ ਮੌਕੇ ਘੱਟ ਗਿਣਤੀ ਭਾਈਚਾਰੇ ਦੀ ਮਦਦ ਲਈ ਸਰਕਾਰ ਵੱਲੋਂ ਚੁੱਕੇ ਗਏ ਕਈ ਕਦਮਾਂ



ਦਾ ਹਵਾਲਾ ਦਿੰਦਿਆਂ ਭਾਜਪਾ ਪ੍ਰਧਾਨ ਜੇ ਪੀ ਨੱਢਾ ਨੇ ਕਿਹਾ ਕਿ ਜੇ ਕਿਸੇ ਨੇ ਸੱਚਮੁੱਚ ਭਾਈਚਾਰੇ ਲਈ ਕੰਮ ਕੀਤਾ ਹੈ ਤਾਂ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਨ।

ਉਨ੍ਹਾਂ ਕਿਹਾ ਕਿ ਸਿੱਖਾਂ ਵੱਲੋਂ ਦੇਸ਼ ਲਈ ਪਾਏ ਯੋਗਦਾਨ ਅਤੇ ਕੁਰਬਾਨੀਆਂ ਨੂੰ ਭਾਜਪਾ ਬਹੁਤ ਮੰਨਦੀ ਹੈ ਅਤੇ ਪਾਰਟੀ ਉਨ੍ਹਾਂ ਦੀ ਭਲਾਈ ਲਈ ਕੰਮ ਕਰਦੀ ਰਹੇਗੀ। ਨੱਢਾ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਭਾਜਪਾ ਹੀ ਇੱਕ ਅਜਿਹੀ ਪਾਰਟੀ ਹੈ ਜਿਸ ਰਾਹੀਂ ਦੇਸ਼ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਅੱਗੇ ਵਧਾਇਆ ਜਾ ਸਕਦਾ ਹੈ। ਉਨ੍ਹਾਂ ਮੋਦੀ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ, (ਬਾਕੀ ਸਫ਼ਾ 30 'ਤੇ)

### ਪੰਥਕ ਆਗੂਆਂ ਦਾ ਸਖ਼ਤ ਪ੍ਰਤੀਕਰਮ

ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਦਿੱਲੀ ਕਮੇਟੀ ਦੇ ਸਭ ਤੋਂ ਭ੍ਰਿਸ਼ਟ ਮੈਂਬਰਾਂ ਨੂੰ ਭਾਜਪਾ ਵਿੱਚ ਸ਼ਾਮਲ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ ਅਤੇ ਰਸਮੀ ਤੌਰ 'ਤੇ ਇਹ ਲੋਕ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਚੁਣੇ ਗਏ ਇਨ੍ਹਾਂ ਮੈਂਬਰਾਂ ਨੇ ਪਹਿਲਾਂ ਪਾਰਟੀ ਨਾਲ ਧੋਖਾ ਕੀਤਾ ਅਤੇ ਹੁਣ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਇਨ੍ਹਾਂ ਮੌਕਾਪ੍ਰਸਤਾਂ ਦੀ ਦੁਰਦਸ਼ਾ ਇਸ ਗੱਲ ਤੋਂ ਜ਼ਾਹਰ ਹੁੰਦੀ ਹੈ ਕਿ ਦਿੱਲੀ ਦੀ ਸਿੱਖ ਸੰਗਤ ਇਨ੍ਹਾਂ ਦੇ ਨਾਲ ਬਿਲਕੁਲ ਨਹੀਂ ਹੈ, ਇਸ ਲਈ ਮੀਟਿੰਗ ਵਿੱਚ ਭੀੜ ਇਕੱਠੀ ਕਰਨ ਲਈ ਦਿੱਲੀ ਗੁਰਦੁਆਰਾ ਕਮੇਟੀ ਅਧੀਨ ਚੱਲ ਰਹੇ ਕਾਲਜਾਂ ਅਤੇ ਹੋਰ ਅਦਾਰਿਆਂ ਦੇ ਮੁਲਾਜ਼ਮਾਂ ਅਤੇ ਕਰਮਚਾਰੀਆਂ ਨੂੰ ਜਬਰੀ ਲਿਆਂਦਾ ਗਿਆ।ਉਨ੍ਹਾਂ ਕਿਹਾ ਕਿ ਅੱਜ ਕੱਲ੍ਹ ਇਹ ਪਰੰਪਰਾ ਚੱਲ ਰਹੀ ਹੈ ਕਿ ਭਾਜਪਾ ਦੀ ਵਾਸ਼ਿੰਗ ਮਸ਼ੀਨ ਵਿੱਚ ਕਈ ਭ੍ਰਿਸ਼ਟ ਲੋਕ ਆਪਣੇ ਦਾਗ ਧੋ ਰਹੇ ਹਨ। ਇਸੇ ਤਰ੍ਹਾਂ ਹੁਣ ਦਿੱਲੀ ਕਮੇਟੀ ਦੇ ਭ੍ਰਿਸ਼ਟ ਮੈਂਬਰ ਵੀ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਭਾਜਪਾ ਜਿਸ ਤਰ੍ਹਾਂ ਗੁਰੂ ਘਰਾਂ 'ਤੇ ਕਬਜ਼ਾ ਕਰਨ ਦੀ ਲਗਾਤਾਰ ਕੋਸ਼ਿਸ਼ ਕਰ ਰਹੀ ਹੈ, ਉਹ ਠੀਕ ਨਹੀਂ, ਪਹਿਲਾਂ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਕਮੇਟੀ ਵਿੱਚ ਦਖਲ ਦੇਣ ਦੀ ਕੋਸ਼ਿਸ਼ ਕੀਤੀ ਗਈ ਅਤੇ ਹੁਣ ਦਿੱਲੀ ਕਮੇਟੀ ਵੀ ਭਾਜਪਾ ਦੇ ਅਸਿੱਧੇ ਪ੍ਰਭਾਵ ਹੇਠ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਛੇ ਮੈਂਬਰਾਂ ਵੱਲੋਂ ਭਾਜਪਾ ਦਾ ਪੱਲਾ ਫੜੇ ਜਾਣ 'ਤੇ ਹਵਾਰਾ ਕਮੇਟੀ ਨੇ ਕਿਹਾ ਕਿ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਦਿੱਲੀ ਕਮੇਟੀ ਦੀ ਮੈਂਬਰ (ਬਾਕੀ ਸਫ਼ਾ 30 'ਤੇ)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਇਆ ਨਗਰ ਕੀਰਤਨ



ਅੰਮ੍ਰਿਤਸਰ/ਏ.ਟੀ.ਨਿਊਜ਼ : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਤੱਕ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਅਤੇ ਸਭਾ-ਸੁਸਾਇਟੀਆਂ ਦੇ ਨੁਮਾਇੰਦਿਆਂ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕਰਕੇ ਗੁਰੂ ਸਾਹਿਬ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ। ਨਗਰ ਕੀਰਤਨ ਦੌਰਾਨ ਗਤਕਾ ਪਾਰਟੀਆਂ ਨੇ ਸਿੱਖ ਜੰਗਜੂ ਕਲਾ ਦਾ ਪ੍ਰਗਟਾਵਾ ਕੀਤਾ ਅਤੇ ਬੈਂਡ ਪਾਰਟੀਆਂ ਨੇ ਮਨੋਹਰ ਧੁਨਾਂ ਨਾਲ ਨਗਰ ਕੀਰਤਨ ਦੀ ਸ਼ੋਭਾ ਵਧਾਈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਸੰਗਤਾਂ ਨੂੰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਨੌਵੇਂ ਪਾਤਸ਼ਾਹ ਦਾ ਜੀਵਨ ਅਤੇ ਉਨ੍ਹਾਂ ਦੀ ਸ਼ਹਾਦਤ ਧਰਮ ਦੀ ਰਖਵਾਲੀ ਲਈ ਉਦਾਹਰਣ ਹੈ। ਉਨ੍ਹਾਂ ਸੰਗਤ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ।

ਸ੍ਰੀ ਅਕਾਲ ਤਖ਼ਤ ਤੋਂ ਆਰੰਭ ਹੋਇਆ ਨਗਰ ਕੀਰਤਨ ਸ੍ਰੀ ਗੁਰੂ ਰਾਮਦਾਸ ਜੀ ਨਿਵਾਸ, ਚੌਂਕ ਪਰਾਗਦਾਸ, ਚੌਂਕ ਬਾਬਾ ਸਾਹਿਬ, ਚੌਂਕ ਕਰੋੜੀ, ਰਾਮਸਰ ਰੋਡ, ਬਾਬਾ ਦੀਪ ਸਿੰਘ ਕਲੋਨੀ, ਚੌਂਕ ਮੋਨੀ, ਹਵੇਲੀ ਅੱਬਲਵਾਈਆਂ, ਚੌਂਕ ਜੈ ਸਿੰਘ, ਬਜ਼ਾਰ ਲੁਹਾਰਾਂ, ਚੌਂਕ ਲਛਮਣਸਰ, ਢਾਬ ਬਸਤੀ ਰਾਮ, ਚੌਂਕ ਛੱਤੀ ਖੂਹੀ, ਬਜ਼ਾਰ ਬਾਂਸਾਂ, ਬਜ਼ਾਰ ਪਾਪੜਾਂ, ਬਜ਼ਾਰ ਕਾਠੀਆਂ ਤੇ ਗੁਰੂ ਬਜ਼ਾਰ ਤੋਂ ਹੁੰਦਾ ਹੋਇਆ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਸੰਪੰਨ ਹੋਇਆ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਮਨਜੀਤ ਸਿੰਘ, ਸ. ਗੁਰਨਾਮ ਸਿੰਘ ਜੱਸਲ, ਸ. ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਕੱਤਰ ਸ. ਪ੍ਰਤਾਪ ਸਿੰਘ, ਓਐਸਡੀ ਸ. ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਤੇਜਿੰਦਰ ਸਿੰਘ ਪੱਡਾ, ਸ. ਪ੍ਰੀਤਪਾਲ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਗੁਰਦਿਆਲ ਸਿੰਘ, ਪ੍ਰੋ. ਸੁਖਦੇਵ ਸਿੰਘ, ਸ. ਸ਼ਾਹਬਾਜ਼ ਸਿੰਘ, ਸ. ਹਰਭਜਨ ਸਿੰਘ ਵਕਤਾ, ਸ. ਸੁਖਬੀਰ ਸਿੰਘ, ਸ. ਮਨਜੀਤ ਸਿੰਘ, ਮੈਨੇਜਰ ਸ. ਨਰਿੰਦਰ ਸਿੰਘ, ਸ. ਸਤਿੰਦਰ ਸਿੰਘ, ਵਧੀਕ ਮੈਨੇਜਰ ਸ. ਜਸਪਾਲ ਸਿੰਘ ਢੱਡੇ, ਸ. ਨਿਸ਼ਾਨ ਸਿੰਘ ਜੱਫਰਵਾਲ, ਸ. ਗੁਰਤਿੰਦਰਪਾਲ ਸਿੰਘ ਸਮੇਤ ਵੱਡੀ ਗਿਣਤੀ ਸੰਗਤਾਂ ਮੌਜੂਦ ਸਨ।

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਜਾਏ ਜਲੌਅ



ਅੰਮ੍ਰਿਤਸਰ/ਏ.ਟੀ.ਨਿਊਜ਼: ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਜਲੌਅ ਸਜਾਏ ਗਏ। ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਗੁਰਦੁਆਰਾ ਗੁਰੂ ਕੇ ਮਹਿਲ ਜਨਮ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵਿਖੇ ਪਰਿਵਾਰਾਂ ਸਮੇਤ ਹਾਜ਼ਰੀਆਂ ਭਰੀਆਂ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ।

### ਮਾਮਲਾ ਕਾਂਗਰਸ ਦੇ ਚੋਣ ਨਿਸ਼ਾਨ ਦੀ ਤੁਲਨਾ ਗੁਰੂ ਨਾਨਕ ਦੇ ਪੰਜੇ ਨਾਲ ਕਰਨ ਦਾ

# ਬੁਰੀ ਤਰ੍ਹਾਂ ਵਿਵਾਦ ਵਿੱਚ ਫਸੀ ਕਾਂਗਰਸੀ ਆਗੂ ਅੰਮ੍ਰਿਤਾ ਵੜਿੰਗ

## ਜਥੇਦਾਰ ਅਕਾਲ ਤਖ਼ਤ ਸਾਹਿਬ ਵੱਲੋਂ ਤਾੜਨਾ ਕਰਨ ਤੋਂ ਬਾਅਦ ਮੰਗੀ ਮੁਆਫ਼ੀ



ਬਠਿੰਡਾ/ਏ.ਟੀ.ਨਿਊਜ਼ : ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਨੇ ਚੋਣ ਪ੍ਰਚਾਰ ਕਰਦਿਆਂ ਵਿਵਾਦਤ ਬਿਆਨ ਦਿੱਤਾ ਕਿ ਮੈਂ ਗੁਰੂਆਂ ਦੇ ਪੰਜੇ ਲਈ ਵੋਟ ਮੰਗਣ ਆਈ ਹਾਂ, ਗੁਰੂ ਨਾਨਕ ਦੇਵ ਜੀ ਦਾ ਵੀ ਪੰਜਾ ਸੀ। ਇਸ ਕਰਕੇ ਮੈਂ ਪੰਜੇ ਲਈ ਵੋਟ ਮੰਗਣ ਆਈ ਹਾਂ। ਗੁਰੂਆਂ ਦਾ ਪੰਜਾ ਹੋਣ ਕਰਕੇ ਕਾਂਗਰਸ ਨੇ ਪੰਜਾ ਨਿਸ਼ਾਨ ਚੁਣਿਆ ਹੈ। ਅੰਮ੍ਰਿਤਾ ਵੜਿੰਗ ਨੇ ਕਿਹਾ ਕਿ ਇੱਕ-ਇੱਕ ਵੋਟ ਗੁਰੂ ਨਾਨਕ ਦੇਵ ਜੀ ਦੇ ਪੰਜੇ ਨੂੰ ਜਾਣੀ ਚਾਹੀਦੀ ਹੈ। ਇਸ ਬਿਆਨ ਤੋਂ ਬਾਅਦ ਪੰਜਾਬ ਦੀ ਸਿਆਸਤ ਗਰਮਾਈ ਹੋਈ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਾਂਗਰਸ ਆਗੂ ਅੰਮ੍ਰਿਤਾ ਵੜਿੰਗ ਵੱਲੋਂ ਚੋਣ ਪ੍ਰਚਾਰ ਦੌਰਾਨ ਕਾਂਗਰਸ ਦੇ ਚੋਣ ਨਿਸ਼ਾਨ ਪੰਜੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜਾ ਕਹਿਣ ਦਾ ਸਖਤ ਨੋਟਿਸ ਲੈਂਦਿਆਂ ਸਖ਼ਤ ਤਾੜਨਾ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਸਿਆਸੀ ਆਗੂਆਂ ਵੱਲੋਂ ਰਾਜਨੀਤਕ ਹਿੱਤਾਂ ਲਈ ਗੁਰੂ ਸਾਹਿਬਾਨ ਦੇ ਨਾਵਾਂ ਅਤੇ ਧਾਰਮਿਕ ਚਿੰਨ੍ਹਾਂ ਦੀ ਵਰਤੋਂ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।

ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸਿੱਖ ਇਹ ਕਦੇ ਵੀ ਨਹੀਂ ਭੁੱਲ ਸਕਦੇ ਕਿ ਪੰਜਾ ਉਸ ਕਾਂਗਰਸ ਪਾਰਟੀ ਦਾ ਚੋਣ ਨਿਸ਼ਾਨ ਹੈ ਜਿਸ ਨੇ ਅਬਦਾਲੀਆਂ ਤੋਂ ਬਾਅਦ ਸਿੱਖਾਂ ਦੀ ਭਗਤੀ-ਸ਼ਕਤੀ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਤੋਪਾਂ ਤੇ (**ਬਾਕੀ ਸਫ਼ਾ 30 'ਤੇ**)

## ਅੰਮ੍ਰਿਤਾ ਨੇ ਮੰਗੀ ਮੁਆਫ਼ੀ

ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਚਿਤਾਵਨੀ ਤੋਂ ਬਾਅਦ ਲੁਧਿਆਣਾ ਲੋਕ ਸਭਾ ਸੀਟ ਤੋਂ ਕਾਂਗਰਸ ਦੇ ਉਮੀਦਵਾਰ ਅਮਰਿੰਦਰ ਸਿੰਘ ਦੀ ਪਤਨੀ ਅੰਮ੍ਰਿਤਾ ਵੜਿੰਗ ਨੇ ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁੱਕ 'ਤੇ ਇੱਕ ਵੀਡੀਓ ਸ਼ੇਅਰ ਕਰਕੇ ਗੁਰੂ ਜੀ ਤੋਂ ਗੁਰੂ ਰੂਪੀ ਸਾਧ ਸੰਗਤ ਤੋਂ ਹੱਥ ਜੋੜ ਕੇ ਮੁਆਫੀ ਮੰਗੀ ਹੈ। ਉਨ੍ਹਾਂ ਇਸ ਵੀਡੀਓ ਵਿੱਚ ਕਿਹਾ ਕਿ ਅਣਜਾਣੇ ਵਿੱਚ ਚੋਣ ਪ੍ਰਚਾਰ ਦੌਰਾਨ ਕਹੀ ਗੱਲ 'ਤੇ ਉਹ ਬਹੁਤ ਸ਼ਰਮਿੰਦਾ ਹੈ ਤੇ ਗੁਰੂ ਮਹਾਰਾਜ ਤੇ ਗੁਰੂ ਰੂਪੀ ਸਾਧ ਸੰਗਤ ਤੋਂ ਮਾਫੀ ਮੰਗਦੀ ਹੈ। ਸਭ ਤੋਂ ਪਹਿਲਾਂ ਮੈਂ ਦੋਵੇਂ ਹੱਥ ਜੋੜ ਕੇ ਉਹਨਾਂ ਸਭ ਤੋਂ ਮੁਆਫ਼ੀ ਮੰਗਣੀ ਚਾਹੁੰਦੀ ਹਾਂ ਜਿਹਨਾਂ ਦੀਆਂ ਭਾਵਨਾਵਾਂ ਨੂੰ ਮੇਰੇ ਅਣਜਾਣੇ ਵਿੱਚ ਬੋਲੇ ਗਏ ਬਿਆਨ ਤੋਂ ਠੇਸ ਪਹੁੰਚੀ ਹੈ। ਉਸ ਗੁਰੂ ਸਾਹਿਬ ਤੌਂ ਬਗੈਰ ਅਸੀਂ ਕੁੱਝ ਵੀ ਨਹੀਂ ਹਾਂ ਅਤੇ ਉਹਨਾਂ ਦੀ ਮਹਿਮਾ ਵਿਰੁੱਧ ਅਸੀਂ ਕਦੇ ਵੀ ਕੁੱਝ ਨਹੀਂ ਬੋਲ ਸਕਦੇ। ਮੈਂ ਤਾਂ ਉਸ ਅਕਾਲ ਪੁਰਖ ਦੀ ਇੱਕ ਨਿਮਾਣੀ ਜਿਹੀ ਸੇਵਾਦਾਰ ਹਾਂ, ਮੇਰਾ ਮਕਸਦ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਨਹੀਂ ਸੀ। ਦੂਸਰੇ ਪਾਸੇ ਅਕਾਲੀ ਦਲ ਨੇ ਵੀਡਿਓ ਦੇ ਆਧਾਰ 'ਤੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਹੈ।

# ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਨੇ ਵਿਰਾਸਤੀ ਮਾਰਗ ਵਿੱਚ ਲਗਾਇਆ ਰੋਸ ਧਰਨਾ ਕੀਤਾ ਖ਼ਤਮ

## ਅਕਾਲ ਤਖ਼ਤ ਤੋਂ ਸ਼ੁਰੂ ਕੀਤੀ ਮੁਹਿੰਮ, ਬੀਬੀ ਖਾਲੜਾ ਨੇ ਚੋਣ ਮੁਹਿੰਮ ਸੰਭਾਲੀ



ਅੰਮ੍ਰਿਤਸਰ/ਏ.ਟੀ.ਨਿਊਜ਼ : ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਸਮੇਤ ਹੋਰਨਾਂ ਬੰਦੀਆਂ ਦੀ ਰਿਹਾਈ ਲਈ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਵੱਲੋਂ ਵਿਰਾਸਤੀ ਮਾਰਗ ਵਿੱਚ ਲਗਾਇਆ ਮੋਰਚਾ ਸਵਾ ਦੋ ਮਹੀਨੇ ਬਾਅਦ ਬੀਤੇ ਦਿਨੀਂ ਸਮਾਪਤ ਕਰ ਦਿੱਤਾ ਗਿਆ। ਖਡੂਰ ਸਾਹਿਬ ਹਲਕੇ ਤੋਂ ਅੰਮ੍ਰਿਤਪਾਲ ਸਿੰਘ ਨੂੰ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਾਉਣ ਦੇ ਫ਼ੈਸਲੇ ਤਹਿਤ ਉਨ੍ਹਾਂ ਦੇ ਪਿਤਾ ਤਰਸੇਮ ਸਿੰਘ, ਮਾਤਾ ਬਲਵਿੰਦਰ ਕੌਰ ਹੋਰ ਕਈ ਸਿੱਖ ਆਗੂਆਂ ਤੇ ਸਮਰਥਕਾਂ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜੇ ਤੇ ਅਰਦਾਸ ਕਰਨ ਉਪਰੰਤ ਜੈਕਾਰਿਆਂ ਦੀ ਗੂੰਜ ਵਿੱਚ ਅੰਮ੍ਰਿਤਪਾਲ ਸਿੰਘ ਦੀ ਚੋਣ ਮੁਹਿੰਮ ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ। ਸੰਗਤ ਨੇ ਸ੍ਰੀ ਖਡੂਰ ਸਾਹਿਬ ਨੂੰ ਚਾਲੇ ਪਾਏ। ਸ੍ਰੀ ਖਡੂਰ ਸਾਹਿਬ ਸਤਿਗੁਰੂ ਅਮਰਦਾਸ ਪਾਤਸ਼ਾਹ ਦੇ ਅਸਥਾਨ ਮੇਨ ਗੁਰਦੁਆਰਾ ਖੱਡੀ ਸਾਹਿਬ ਵਿਖੇ ਮੱਥਾ ਟੇਕਿਆ, ਨਾਲ ਹੀ ਗੁਰਦੁਆਰਾ ਸਾਹਿਬ ਮੱਲ ਅਖਾੜਾ ਵਿਖੇ ਵੀ ਨਤਮਸਤਕ ਹੋਏ।

ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਤਰਸੇਮ ਸਿੰਘ ਤੇ ਮਾਤਾ ਬਲਵਿੰਦਰ ਕੌਰ ਨੇ ਵਿਰਾਸਤੀ ਮਾਰਗ ਰੋਸ ਧਰਨੇ ਨੂੰ ਸਮਾਪਤ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਇਸ ਮੋਰਚੇ ਨੂੰ ਸ਼੍ਰੋਮਣੀ ਕਮੇਟੀ ਸਮੇਤ ਹੋਰ ਸਿੱਖ ਸੰਸਥਾਵਾਂ ਵਲੋਂ ਕਾਫ਼ੀ ਸਹਿਯੋਗ ਦਿੱਤਾ ਗਿਆ, ਪਰ ਹੁਣ ਜਿਵੇਂ ਸਭ ਨੂੰ ਪਤਾ ਹੀ ਹੈ ਕਿ ਅੰਮ੍ਰਿਤਪਾਲ ਸਿੰਘ ਖ਼ਡੂਰ ਸਾਹਿਬ ਤੋਂ ਚੋਣ ਲੜ ਰਹੇ ਹਨ, ਇਸ ਲਈ ਉਨ੍ਹਾਂ ਦੀ ਚੋਣਾਂ ਵਿੱਚ ਫ਼ਤਹਿ ਤੇ ਚੜ੍ਹਦੀ ਕਲਾ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਹੁਣ ਤਰਨਤਾਰਨ ਵਿਖੇ ਚੋਣਾਂ ਦੇ ਨਵੇਂ ਮੋਰਚੇ ਲਾਏ ਜਾ ਰਹੇ ਹਨ।

ਇਸ ਮੌਕੇ ਬੀਬੀ ਪਰਮਜੀਤ ਕੌਰ ਖਾਲੜਾ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕੰਵਰ ਚੜ੍ਹਤ ਸਿੰਘ ਵੀ ਹਾਜ਼ਰ ਸਨ। ਸੰਗਤਾਂ ਵੱਲੋਂ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਭਾਈ ਅੰਮ੍ਰਿਤਪਾਲ ਸਿੰਘ ਦੀ ਇਲੈੱਕਸ਼ਨ ਦਾ ਇਲੈੱਕਸ਼ਨ ਇੰਚਾਰਜ ਥਾਪਿਆ। ਇਸ ਦੇ ਨਾਲ ਹੀ ਗੋਇੰਦਵਾਲ ਸਾਹਿਬ ਰੋਡ ਸ੍ਰੀ ਖਡੂਰ ਸਾਹਿਬ ਵਿਖੇ ਚੋਣ ਦਫ਼ਤਰ ਖੋਲ੍ਹਿਆ ਗਿਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

1 ਮਈ ਤੋਂ 7 ਮਈ 2024

## ਸਿੱਖ ਨੌਜਵਾਨਾਂ ਨੂੰ ਬਾਣੀ ਤੇ ਬਾਣੇ ਨਾਲ ਜੋੜਨ ਦੀ ਲੋੜ

ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਬਾਣੀ ਅਤੇ ਬਾਣੇ ਨਾਲ ਜੋੜ ਕੇ ਅਹਿਮ ਰੁਤਬਾ ਬਖਸ਼ਿਸ਼ ਕੀਤਾ। ਬਾਣੀ ਅਤੇ ਬਾਣੇ ਦਾ ਧਾਰਨੀ ਸਿੱਖ ਨੌਜਵਾਨ ਹਜ਼ਾਰਾਂ ਦੀ ਭੀੜ ਵਿੱਚ ਵੀ ਦੂਰੋਂ ਹੀ ਪਹਿਚਾਣਿਆ ਜਾਂਦਾ ਹੈ। ਇਹ ਗੁਰੂ ਜੀ ਦੀ ਸਿੱਖਾਂ ਨੂੰ ਬਹੁਤ ਵੱਡੀ ਦੇਣ ਹੈ। ਪ੍ਰੰਤੂ ਬਹੁਤ ਹੀ ਦੁੱਖ ਨਾਲ ਕਹਿਣਾ/ਲਿਖਣਾ ਪੈ ਰਿਹਾ ਹੈ ਕਿ ਦੁਨੀਆਂ ਦੇ ਸਭ ਤੋਂ ਆਧੁਨਿਕ ਮੰਨੇ ਜਾਂਦੇ ਸਿੱਖ ਧਰਮ ਦੀ ਨੌਜਵਾਨ ਪੀੜ੍ਹੀ ਹੋਲੀ ਹੋਲੀ ਬਾਣੀ ਅਤੇ ਬਾਣੇ ਤੋਂ ਦੂਰ ਹੁੰਦੀ ਜਾ ਰਹੀ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ।

ਇਹ ਵੀ ਇੱਕ ਹਕੀਕਤ ਹੈ ਕਿ ਵੱਡੀ ਗਿਣਤੀ ਸਿੱਖ ਨੌਜਵਾਨ ਪੂਰੀ ਤਰ੍ਹਾਂ ਆਪਣੇ ਧਰਮ ਵਿੱਚ ਪਰਪੱਕ ਹਨ ਅਤੇ ਉਹ ਬਾਣੀ ਅਤੇ ਸਿੱਖੀ ਬਾਣੇ ਨਾਲ ਵੀ ਜੁੜੇ ਹੋਏ ਹਨ। ਦੂਜੇ ਪਾਸੇ ਤਸਵੀਰ ਦਾ ਰੁੱਖ ਕੁਝ ਹੋਰ ਦਿਖਾਈ ਦੇ ਰਿਹਾ ਹੈ। ਪੰਜਾਬ ਸਮੇਤ ਭਾਰਤ ਦੇ ਵੱਖ- ਵੱਖ ਸੂਬਿਆਂ ਅਤੇ ਵਿਦੇਸ਼ਾਂ ਵਿੱਚ ਵੀ ਅਜਿਹੇ ਸਿੱਖ ਨੌਜਵਾਨ ਵੀ ਨਜ਼ਰ ਆ ਜਾਂਦੇ ਹਨ, ਜੋ ਕਿ ਸਿੱਖੀ ਬਾਣੇ ਤੋਂ ਦੂਰ ਹੋ ਚੁੱਕੇ ਹਨ। ਹਾਲ ਤਾਂ ਇਹ ਹੋ ਗਿਆ ਹੈ ਕਿ ਵੱਡੀ ਗਿਣਤੀ ਸਿੱਖ ਨੌਜਵਾਨ ਦਸਤਾਰਾਂ ਸਜਾਉਣ ਦੀ ਥਾਂ ਸਿਰ ਦੇ ਕੇਸ ਕਟਵਾ ਕੇ ਮੋਨੇ ਰੂਪ ਵਿੱਚ ਵਿਚਰ ਰਹੇ ਹਨ। ਜਿਸ ਕਰਕੇ ਉਹਨਾਂ ਨੂੰ ਦੇਖ ਕੇ ਪਤਾ ਹੀ ਨਹੀਂ ਚੱਲਦਾ ਕਿ ਉਹ ਸਿੱਖਾਂ ਦੇ ਪੁੱਤਰ ਹਨ।

ਵਿਦੇਸ਼ਾਂ ਵਿੱਚ ਰਹਿ ਰਹੇ ਸਿੱਖ ਨੌਜਵਾਨ ਤਾਂ ਅਕਸਰ ਕਹਿ ਦਿੰਦੇ ਹਨ ਕਿ ਬੇਗਾਨੇ ਮੁਲਕ ਵਿੱਚ ਆ ਕੇ ਉਹਨਾਂ ਨੂੰ ਉਥੋਂ ਦੀ ਰਹੁ ਰੀਤਾਂ ਅਨੁਸਾਰ ਰਹਿਣਾ ਪੈਂਦਾ ਹੈ ਅਤੇ ਬੇਗਾਨੇ ਮੁਲਕਾਂ ਦੇ ਮੌਸਮ ਕਾਰਨ ਉਹ ਕੇਸਾਂ ਦੀ ਸਾਂਭ ਸੰਭਾਲ ਸਹੀ ਤਰੀਕੇ ਨਾਲ ਨਹੀਂ ਕਰ ਸਕਦੇ। ਇਸ ਤੋਂ ਇਲਾਵਾ ਵਿਦੇਸ਼ਾਂ ਵਿੱਚ ਰਹਿੰਦੇ ਕੁਝ ਸਿੱਖ ਨੌਜਵਾਨ ਇਹ ਵੀ ਕਹਿੰਦੇ ਹਨ ਕਿ ਵਿਦੇਸ਼ਾਂ ਵਿੱਚ ਕਈ ਵਾਰ ਦਸਤਾਰ ਧਾਰੀ ਨੌਜਵਾਨਾਂ ਨੂੰ ਰੁਜ਼ਗਾਰ ਘੱਟ ਮਿਲਦਾ ਹੈ। ਅਸਲ ਵਿੱਚ ਇਹ ਸਭ ਬਹਾਨੇ ਹਨ। ਦੁਨੀਆਂ ਦੇ ਵੱਖ- ਵੱਖ ਮੁਲਕਾਂ ਵਿੱਚ ਵੱਡੀ ਗਿਣਤੀ ਸਿੱਖ ਅਜਿਹੇ ਵੀ ਹਨ ਜੋ ਕਿ ਪੂਰੀ ਤਰਾਂ ਬਾਣੀ ਅਤੇ ਬਾਣੇ ਨਾਲ ਜੁੜੇ ਹੋਏ ਹਨ। ਵੱਡੀ ਗਿਣਤੀ ਸਿੱਖ ਰਹਿਤ ਮਰਿਆਦਾ ਵਿੱਚ ਰਹਿੰਦੇ ਹਨ ਅਤੇ ਨਿੱਤ ਨੇਮੀ ਵੀ ਹਨ।

ਜੇ ਹੁਣ ਪੰਜਾਬ ਸਮੇਤ ਭਾਰਤ ਦੇ ਵੱਖ- ਵੱਖ ਸੂਬਿਆਂ ਵਿੱਚ ਰਹਿੰਦੇ ਸਿੱਖਾਂ ਦੀ ਗੱਲ ਕੀਤੀ ਜਾਵੇ ਤਾਂ ਦੂਜਿਆਂ ਦੀ ਦੇਖਾ-ਦੇਖੀ ਅਨੇਕਾਂ ਸਿੱਖ ਨੌਜਵਾਨ ਸਿਰ ਦੇ ਕੇਸ ਕਟਵਾ ਕੇ ਵਿਚਰ ਰਹੇ ਹਨ। ਉਹਨਾਂ ਸਿੱਖ ਨੌਜਵਾਨਾਂ ਦੀ ਵੀ ਪੰਜਾਬ ਵਿੱਚ ਵੱਡੀ ਗਿਣਤੀ ਹੈ, ਜਿਨ੍ਹਾਂ ਨੇ ਸਿਰ ਦੇ ਕੇਸ ਤਾਂ ਕਟਵਾਏ ਹੋਏ ਹਨ ਪਰ ਉਹ ਸਿਰ ’ਤੇ ਦਸਤਾਰ ਜ਼ਰੂਰ ਸਜਾਉਂਦੇ ਹਨ। ਕੇਸ ਕਟਵਾ ਚੁੱਕੇ ਕਈ ਸਿੱਖ ਨੌਜਵਾਨ ਇਹ ਕਹਿੰਦੇ ਦੇਖੇ ਗਏ ਹਨ ਕਿ ਜੇ ਉਹ ਦਸਤਾਰ ਸਜਾਉਂਦੇ ਹਨ ਤਾਂ ਅਕਸਰ ਪੰਜਾਬ ਪੁਲਿਸ ਦੇ ਮੁਲਾਜ਼ਮ ਉਹਨਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗ ਜਾਂਦੇ ਹਨ। ਜਿਸ ਕਰਕੇ ਪੁਲਿਸ ਦੀ ਕਿਸੇ ਤਰ੍ਹਾਂ ਦੀ ਧੱਕੇਸ਼ਾਹੀ ਤੋਂ ਬਚਣ ਲਈ ਉਹ ਦਸਤਾਰਾਂ ਸਜਾਉਣ ਦੀ ਥਾਂ ਕੇਸ ਕਟਵਾ ਕੇ ਵਿਚਰ ਰਹੇ ਹਨ। ਹੋ ਸਕਦਾ ਹੈ ਕਿ ਉਹਨਾਂ ਦੀ ਗੱਲ ਵੀ ਕੁਝ ਹੱਦ ਤੱਕ ਸਹੀ ਹੋਵੇ। ਅਸਲੀਅਤ ਤਾਂ ਇਹ ਹੈ ਕਿ ਸਿੱਖਾਂ ਦੀ ਦਸਤਾਰ ਤੋਂ ਹਮੇਸ਼ਾ ਹੀ ‘ਸਟੇਟ’ ਨੂੰ ਡਰ ਲੱਗਦਾ ਰਿਹਾ ਹੈ ਅਤੇ ‘ਸਟੇਟ’ ਕਿਸੇ ਨਾ ਕਿਸੇ ਤਰ੍ਹਾਂ ਸਿੱਖਾਂ ਨੂੰ ਦਬਾਉਣ ਦੇ ਯਤਨ ਜ਼ਰੂਰ ਕਰਦੀ ਹੈ ਪਰ ਇਤਿਹਾਸ ਗਵਾਹ ਹੈ ਕਿ ਗੁਰੂ ਜੀ ਖ਼ਾਲਸਾ ਹਰ ਮੁਸੀਬਤ ਵਿਚੋਂ ਪਹਿਲਾਂ ਨਾਲੋਂ ਵੀ ਅਡੋਲ ਅਤੇ ਮਜ਼ਬੂਤ ਹੋ ਕੇ ਨਿਕਲਦਾ ਹੈ।

ਸਿੱਖ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਿੱਖ ਧਰਮ ਅਤੇ ਸਿੱਖਾਂ ਦੀਆਂ ਕੁਰਬਾਨੀਆਂ ਅਤੇ ਸ਼ਹੀਦੀਆਂ ਬਾਰੇ ਪੂਰੇ ਵਿਸਥਾਰ ਵਿੱਚ ਜਾਣਕਾਰੀ ਦੇਣ ਤਾਂ ਕਿ ਸਿੱਖ ਬੱਚੇ ਅਤੇ ਨੌਜਵਾਨ ਵੀ ਆਪਣੇ ਧਰਮ ਅਤੇ ਵਿਰਸੇ ਨੂੰ ਅਪਨਾਉਣ। ਸਿੱਖ ਨੌਜਵਾਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਵੀ ਚੇਤੇ ਕਰਵਾਉਣੀ ਚਾਹੀਦੀ ਹੈ ਜਿਨ੍ਹਾਂ ਨੇ ਧਰਮ ਦੀ ਖਾਤਰ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗੁਰੂ ਜੀ ਨੇ ਸਿੱਖਾਂ ਨੂੰ ਜੋ ਨਿਆਰਾਪਣ ਬਖ਼ਸ਼ਿਆ ਹੈ, ਸਿੱਖ ਨੌਜਵਾਨਾਂ ਨੂੰ ਉਹ ਨਿਆਰਾਪਣ ਸੰਭਾਲ ਕੇ ਰੱਖਣਾ ਚਾਹੀਦਾ ਹੈ ਅਤੇ ਕੇਸਾਧਾਰੀ ਅਤੇ ਦਸਤਾਰ ਧਾਰੀ ਹੋ ਕੇ ਸਿੱਖ ਮਰਿਆਦਾ ਅਨੁਸਾਰ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਨੌਜਵਾਨ ਹੀ ਹਰ ਮੁਲਕ ਦੀ ਆਨ ਤੇ ਸ਼ਾਨ ਹੁੰਦੇ ਹਨ, ਇਸ ਲਈ ਸਿੱਖ ਨੌਜਵਾਨਾਂ ਨੂੰ ਸਿੱਖੀ ਤੋਂ ਦੂਰ ਜਾਣ ਤੋਂ ਰੋਕਣ ਲਈ ਮਾਪਿਆਂ ਦੇ ਨਾਲ ਨਾਲ ਪੰਥਕ ਸੰਸਥਾਵਾਂ ਨੂੰ ਉਪਰਾਲੇ ਕਰਨੇ ਚਾਹੀਦੇ ਹਨ। ਸਿੱਖ ਨੌਜਵਾਨਾਂ ਨੂੰ ਖ਼ੁਦ ਵੀ ਚਾਹੀਦਾ ਹੈ ਕਿ ਉਹ ਆਪਣੇ ਮਹਾਨ ਵਿਰਸੇ ਨੂੰ ਪਹਿਚਾਣਦਿਆਂ ਬਾਣੀ ਅਤੇ ਬਾਣੇ ਦੇ ਧਾਰਨੀ ਹੋਣ। ਇਹ ਹੀ ਅੱਜ ਦੇ ਸਮੇਂ ਦੀ ਲੋੜ ਹੈ ਅਤੇ ਮੰਗ ਵੀ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਪੱਛਮੀ ਏਸ਼ੀਆ ਦਾ ਨਾ ਖ਼ਤਮ ਹੋਣ ਵਾਲਾ ਟਕਰਾਅ

ਦਿੱਵਿਆ ਕੁਮਾਰ ਸੋਤੀ



ਇਜ਼ਰਾਈਲ ਨੇ ਬੀਤੇ ਦਿਨੀਂ ਇਰਾਨ ਵਿੱਚ ਫ਼ੌਜੀ ਕਾਰਵਾਈ ਤਾਂ ਕੀਤੀ ਹੈ ਪਰ ਨਾ ਤਾਂ ਉਹ ਕੁਝ ਖੁੱਲ੍ਹ ਕੇ ਕਹਿ ਰਿਹਾ ਹੈ ਤੇ ਨਾ ਹੀ ਇਰਾਨ ਰਸਮੀ ਤੌਰ ’ਤੇ ਇਹ ਸਵੀਕਾਰਨਾ ਚਾਹੁੰਦਾ ਹੈ ਕਿ ਉਸ ਨੂੰ ਇਜ਼ਰਾਈਲ ਨੇ ਨਿਸ਼ਾਨਾ ਬਣਾਇਆ। ਇਜ਼ਰਾਈਲ-ਇਰਾਨ ਵਿਚਾਲੇ ਟਕਰਾਅ ਦੀ ਜੜ੍ਹ ਹਮਾਸ ਦੁਆਰਾ ਇਜ਼ਰਾਈਲ ’ਤੇ ਬੀਤੇ ਸਾਲ 7 ਅਕਤੂਬਰ ਨੂੰ ਕੀਤਾ ਗਿਆ ਉਹ ਭਿਆਨਕ ਅੱਤਵਾਦੀ ਹਮਲਾ ਹੈ ਜਿਸ ਵਿੱਚ ਇਕ ਹਜ਼ਾਰ ਤੋਂ ਵੱਧ ਇਜ਼ਰਾਈਲੀ ਤੇ ਹੋਰ ਦੇਸ਼ਾਂ ਦੇ ਲੋਕ ਮਾਰੇ ਗਏ ਸਨ।

ਉਸ ਤੋਂ ਬਾਅਦ ਸ਼ੁਰੂ ਹੋਇਆ ਗਾਜ਼ਾ ਦਾ ਸੰਘਰਸ਼ ਇਜ਼ਰਾਈਲ-ਇਰਾਨ ਜੰਗ ਦੇ ਕਗਾਰ ’ਤੇ ਆ ਕੇ ਖੜ੍ਹਾ ਹੋ ਗਿਆ। ਇਹ ਆਸਾਨੀ ਨਾਲ ਨਹੀਂ ਟਲੇਗਾ। ਬੀਤੇ ਦਿਨੀਂ ਇਰਾਨ ਨੇ ਇਜ਼ਰਾਈਲ ’ਤੇ ਲਗਪਗ 185 ਡ੍ਰੋਨ ਅਤੇ 150 ਕਰੂਜ਼ ਤੇ ਬੈਲਿਸਟਿਕ ਮਿਜ਼ਾਈਲਾਂ ਨਾਲ ਹਮਲਾ ਕੀਤਾ ਕਿਉਂਕਿ ਇਜ਼ਰਾਈਲੀ ਸੈਨਾ ਨੇ ਸੀਰੀਆ ਵਿੱਚ ਇਰਾਨੀ ਵਣਜ ਦੂਤਘਰ ਵਿੱਚ ਇਰਾਨੀ ਜਨਰਲਾਂ ਨੂੰ ਨਿਸ਼ਾਨਾ ਬਣਾਇਆ ਸੀ। ਇਸ ਤੋਂ ਬਾਅਦ ਇਰਾਨ ਸਰਕਾਰ ਜੋ ਇਜ਼ਰਾਈਲ ਨੂੰ ਧਰਤੀ ਤੋਂ ਮਿਟਾਉਣ ਦੀਆਂ ਕਸਮਾਂ ਖਾਂਦੀ ਹੈ, ਕੋਲ ਹਮਲੇ ਤੋਂ ਇਲਾਵਾ ਕੋਈ ਬਦਲ ਨਹੀਂ ਬਚਿਆ। ਇਸੇ ਦੌਰਾਨ ਇਜ਼ਰਾਈਲੀ ਫ਼ੌਜ ਨੇ ਗਾਜ਼ਾ ਵਿੱਚ ਹਮਾਸ ਦੇ ਸਿਖ਼ਰਲੇ ਨੇਤਾ ਇਸਮਾਈਲ ਹਾਨੀਆ ਦੇ ਤਿੰਨ ਬੇਟੇ ਢੇਰ ਕਰ ਦਿੱਤੇ, ਇਸ ਲਈ ਵੀ ਇਰਾਨ ਬੌਖਲਾਇਆ ਹੋਇਆ ਹੈ। ਜੇ ਉਹ ਇਜ਼ਰਾਈਲ ਨੂੰ ਨਿਸ਼ਾਨਾ ਨਾ ਬਣਾਉਂਦਾ ਤਾਂ ਪੂਰੇ ਵਿਸ਼ਵ ਵਿੱਚ ਆਪਣੇ ਕੱਟੜਪੰਥੀ ਸਮਰਥਕਾਂ ਦੌਰਾਨ ਸਾਖ਼ ਗੁਆ ਦਿੰਦਾ। ਸੀਰੀਆ ਵਿੱਚ ਇਰਾਨੀ ਦੂਤਘਰ ’ਤੇ ਬੰਬਾਰੀ ਕਰ ਕੇ ਇਜ਼ਰਾਈਲ ਨੇ ਜਿਨ੍ਹਾਂ ਇਰਾਨੀ ਜਨਰਲਾਂ ਨੂੰ ਅੱਤਵਾਦੀ ਸਾਜ਼ਿਸ਼ ਰਚਣ ਦਾ ਜ਼ਿੰਮੇਵਾਰ ਦੱਸਦੇ ਹੋਏ ਮਾਰਿਆ, ਉਨ੍ਹਾਂ ’ਤੇ ਦੂਤਘਰ ਦੇ ਬਾਹਰ ਵੀ ਹਮਲਾ ਕੀਤਾ ਜਾ ਸਕਦਾ ਸੀ ਪਰ ਉਨ੍ਹਾਂ ਨੂੰ ਦੂਤਘਰ ਵਿੱਚ ਹੀ ਨਿਸ਼ਾਨਾ ਬਣਾਇਆ ਗਿਆ। ਇਜ਼ਰਾਈਲ ਚੰਗੀ ਤਰ੍ਹਾਂ ਜਾਣਦਾ ਸੀ ਕਿ ਅਜਿਹਾ ਕਰਨਾ ਕੂਟਨੀਤਕ ਪ੍ਰੋਟੋਕਾਲ ਅਤੇ ਕੌਮਾਂਤਰੀ ਸੰਧੀਆਂ ਦੀ ਉਲੰਘਣਾ ਹੋਵੇਗੀ। ਫਿਰ ਵੀ ਉਸ ਨੇ ਸੰਭਵ ਤੌਰ ’ਤੇ ਅਜਿਹਾ ਇਸ ਲਈ ਕੀਤਾ ਕਿਉਂਕਿ 7 ਅਕਤੂਬਰ ਦੇ ਅੱਤਵਾਦੀ ਹਮਲੇ ਤੋਂ ਬਾਅਦ ਉਸ ਨੇ ਠਾਣ ਲਿਆ ਸੀ ਕਿ ਸਹੀ ਸਮੇਂ ’ਤੇ ਹਮਾਸ ਦੀ ਹਰਕਤ ਲਈ ਇਰਾਨ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ। ਇਰਾਨ ਦਹਾਕਿਆਂ ਤੋਂ ਹਮਾਸ ਤੇ ਹਿਜ਼ਬੁੱਲਾ ਵਰਗੇ ਅੱਤਵਾਦੀ ਸੰਗਠਨਾਂ ਜ਼ਰੀਏ ਇਜ਼ਰਾਈਲ ’ਤੇ ਹਮਲੇ ਕਰਵਾਉਂਦਾ ਆਇਆ ਹੈ-ਠੀਕ ਉਸੇ ਤਰ੍ਹਾਂ ਹੀ ਜਿਵੇਂ ਪਾਕਿਸਤਾਨੀ ਫ਼ੌਜ ਲਸ਼ਕਰ, ਜੈਸ਼ ਵਰਗੇ ਸੰਗਠਨਾਂ ਰਾਹੀਂ ਭਾਰਤ ’ਤੇ ਅੱਤਵਾਦੀ ਹਮਲੇ ਕਰਵਾਉਂਦੀ ਆ ਰਹੀ ਹੈ। ਹਾਲੇ ਤੱਕ ਇਜ਼ਰਾਈਲ ਇਰਾਨ ਸਮਰਥਕ ਅੱਤਵਾਦੀ ਸੰਗਠਨਾਂ ’ਤੇ ਹੀ ਜਵਾਬੀ ਕਾਰਵਾਈ ਕਰਦਾ ਸੀ, ਨਾ ਕਿ ਉਨ੍ਹਾਂ ਦੇ ਆਕਾ ਇਰਾਨ ’ਤੇ।

ਹਮਾਸ ਦੇ ਅੱਤਵਾਦੀ ਹਮਲੇ ਤੋਂ ਬਾਅਦ ਇਜ਼ਰਾਈਲ ਦਾ ਵਿਚਾਰ ਬਦਲਿਆ। ਸਾਬਕਾ ਇਜ਼ਰਾਈਲੀ ਪੀਐੱਮ ਨਫਤਾਲੀ ਬੈਨੇਟ ਦਾ ਕਹਿਣਾ ਸੀ ਕਿ ਸਾਡੇ ਕੋਲੋਂ ਇਹ ਗ਼ਲਤੀ ਹੋਈ ਕਿ ਅਸੀਂ ਅੱਤਵਾਦ ਰੂਹੀ ਆਕਟੋਪਸ ਦੇ ਪੈਰਾਂ ਅਰਥਾਤ ਹਮਾਸ, ਹਿਜ਼ਬੁੱਲਾ ਨਾਲ ਲੜਦੇ ਰਹੇ ਪਰ ਉਸ ਦੇ ਸਿਰ ਅਰਥਾਤ ਇਰਾਨ ਨੂੰ ਕੁਚਲਣ ਦੀ ਕਦੇ ਕੋਸ਼ਿਸ਼ ਨਹੀਂ ਕੀਤੀ। ਸੀਰੀਆ ਵਿੱਚ ਆਪਣੇ ਦੂਤਘਰ ’ਤੇ ਇਜ਼ਰਾਈਲੀ ਹਮਲੇ ਤੋਂ ਬਾਅਦ ਇਰਾਨ ਕੋਲ ਵੀ ਇਹ ਬਦਲ ਸੀ ਕਿ ਉਹ ਕਿਸੇ ਹੋਰ ਦੇਸ਼ ਵਿੱਚ ਉਸ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦਾ ਪਰ ਇਰਾਨ ਦੇ ਕੱਟੜਪੰਥੀ ਸ਼ਾਸਕ ਇਜ਼ਰਾਈਲ ਨੂੰ ਨਕਸ਼ੇ ਤੋਂ ਮਿਟਾਉਣ ਦੇ ਸੁਪਨੇ ਆਪਣੇ ਸਮਰਥਕਾਂ ਨੂੰ ਦਿਖਾ ਰਹੇ ਸਨ, ਇਸੇ ਲਈ ਉਨ੍ਹਾਂ ਕੋਲ ਉਸ ’ਤੇ ਸਿੱਧੇ ਹਮਲੇ ਤੋਂ ਇਲਾਵਾ ਹੋਰ ਉਪਾਅ ਨਹੀਂ ਸੀ। ਇਜ਼ਰਾਈਲ ’ਤੇ ਇਰਾਨ ਦੇ ਹਮਲੇ ਨੇ ਉਸ ਦੇ ਮਿਜ਼ਾਈਲਾਂ ਦੇ ਪ੍ਰੋਗਰਾਮ ਦੀ ਕਮਜ਼ੋਰੀ ਹੀ ਉਜਾਗਰ ਕੀਤੀ। ਇਜ਼ਰਾਈਲ ’ਤੇ ਦਾਗ਼ੀਆਂ ਗਈਆਂ 150 ਮਿਜ਼ਾਈਲਾਂ ’ਚੋਂ ਮਹਿਜ਼ ਸੱਤ ਹੀ ਨਿਸ਼ਾਨੇ ’ਤੇ ਲੱਗੀਆਂ। ਹਮਲੇ ਦੇ ਸਮੇਂ ਇਜ਼ਰਾਈਲ ਦੀ ਸੁਰੱਖਿਆ ਵਿੱਚ ਅਮਰੀਕਾ, ਬ੍ਰਿਟੇਨ ਅਤੇ ਫਰਾਂਸ ਦੀਆਂ ਫ਼ੌਜਾਂ ਇਕੱਠੀਆਂ ਕੰਮ ਕਰ ਰਹੀਆਂ ਸਨ। ਅੱਧੀਆਂ ਨਾਲੋਂ ਜ਼ਿਆਦਾ ਇਰਾਨੀ ਮਿਜ਼ਾਈਲਾਂ ਨੂੰ ਸੁੱਟਣ ਦੀ ਜ਼ਰੂਰਤ ਹੀ ਨਹੀਂ ਪਈ ਕਿਉਂਕਿ ਉਹ ਇਜ਼ਰਾਈਲੀ ਸਰਹੱਦ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਹੀ ਡਿੱਗ ਗਈਆਂ।



ਜੋ ਸੱਤ ਮਿਜ਼ਾਈਲਾਂ ਟੀਚੇ ਤੱਕ ਪੁੱਜੀਆਂ, ਉਂਝ ਵੀ ਇਜ਼ਰਾਈਲ ਦੇ ਇੱਕ ਫ਼ੌਜੀ ਹਵਾਈ ਅੱਡੇ ਦਾ ਮਾਮੂਲੀ ਨੁਕਸਾਨ ਕਰ ਸਕੀਆਂ। ਇਸ ਦੇ ਬਾਅਦ ਵੀ ਇਸ ਹਮਲੇ ਨੇ ਇਜ਼ਰਾਈਲੀ ਜਨਤਾ ਦੇ ਸਾਹਮਣੇ ਇਰਾਨੀ ਖ਼ਤਰੇ ਨੂੰ ਮੂਰਤ ਰੂਪ ਦੇ ਦਿੱਤਾ ਤੇ ਦੋਵਾਂ ਦੇਸ਼ਾਂ ਵਿਚਾਲੇ ਹਮਲਾ ਰੋਕੂ ਸਮਰੱਥਾ ਦਾ ਸੰਤੁਲਨ ਹੀ ਗੜਬੜ ਕਰ ਦਿੱਤਾ। ਜੇ ਇਜ਼ਰਾਈਲ ਇਸ ਹਮਲੇ ਦਾ ਜਵਾਬ ਨਾ ਦਿੰਦਾ ਤਾਂ ਭਵਿੱਖ ਲਈ ਸੰਕੇਤ ਜਾਂਦਾ ਕਿ ਇਰਾਨ ਸਿੱਧਾ ਉਸ ’ਤੇ ਬੰਬਾਰੀ ਕਰ ਸਕਦਾ ਹੈ ਅਤੇ ਫਿਰ ਵੀ ਉਸ ਦਾ ਕੁਝ ਨਹੀਂ ਵਿਗੜੇਗਾ। ਇਸ ਸਮੇਂ ਪੱਛਮੀ ਏਸ਼ੀਆ ਵਿੱਚ ਤਣਾਅ ਕਾਰਨ ਅਮਰੀਕਾ, ਬ੍ਰਿਟੇਨ, ਫਰਾਂਸ ਆਦਿ ਦੀਆਂ ਫ਼ੌਜਾਂ ਤਾਇਨਾਤ ਹਨ ਅਤੇ ਈਰਾਨੀ ਹਮਲੇ ਨੂੰ ਨਾਕਾਮ ਕਰਨ ਵਿਚ ਉਨ੍ਹਾਂ ਨੇ ਇਜ਼ਰਾਈਲ ਦੀ ਪੂਰੀ ਸਹਾਇਤਾ ਕੀਤੀ ਪਰ ਇਹ ਸਥਿਤੀ ਹਮੇਸ਼ਾ ਨਹੀਂ ਰਹੇਗੀ, ਇਸ ਲਈ ਇਜ਼ਰਾਈਲ ਲਈ ਇਰਾਨ ’ਤੇ ਜਵਾਬੀ ਕਾਰਵਾਈ ਕਰ ਕੇ ਸ਼ਕਤੀ ਸੰਤੁਲਨ ਬਹਾਲ ਕਰਨਾ ਜ਼ਰੂਰੀ ਸੀ ਤਾਂ ਕਿ ਭਵਿੱਖ ਵਿੱਚ ਇਰਾਨੀ ਹਮਲੇ ਨਿਯਮਤ ਨਾ ਹੋ ਜਾਣ। ਖ਼ਾਸ ਗੱਲ ਇਹ ਹੈ ਕਿ ਇਜ਼ਰਾਈਲ ਨੇ ਇਰਾਨ ’ਤੇ ਹਮਲਾ ਉਸ ਦੇ ਸਰਬਉੱਚ ਨੇਤਾ ਅਯਾਤੁੱਲਾ ਅਲੀ ਖਾਮਨੇਈ ਦੇ ਜਨਮ ਦਿਨ ਮੌਕੇ ਕੀਤਾ।

ਇੱਕ ਤਰ੍ਹਾਂ ਨਾਲ ਇਜ਼ਰਾਈਲ ਅਤੇ ਇਰਾਨ ਨੇ ਇਤਿਹਾਸ ਵਿੱਚ ਪਹਿਲੀ ਵਾਰ ਇੱਕ-ਦੂਜੇ ’ਤੇ ਸਿੱਧੇ ਫ਼ੌਜੀ ਹਮਲੇ ਕੀਤੇ। ਇਜ਼ਰਾਈਲ ਅੰਦਰ ਇੱਕ ਧੜਾ ਹੈ ਜੋ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਸਮਾਪਤ ਕਰਨਾ ਚਾਹੁੰਦਾ ਹੈ ਕਿਉਂਕਿ ਜੇ ਉਹ ਪਰਮਾਣੂ ਬੰਬ ਬਣਾਉਣ ਵਿੱਚ ਸਫਲ ਹੋ ਗਿਆ ਤਾਂ ਉਹ ਪਾਕਿਸਤਾਨ ਦੀ ਤਰ੍ਹਾਂ ਪਰਮਾਣੂ ਜੰਗ ਦੀ ਧਮਕੀ ਦੀ ਆੜ ਵਿੱਚ ਇਜ਼ਰਾਈਲ ਵਿਰੁੱਧ ਵਿਆਪਕ ਅੱਤਵਾਦੀ ਜੰਗ ਜਾਰੀ ਰੱਖ ਸਕਦਾ ਹੈ। ਇਸ ਧੜੇ ਨੂੰ ਸਾਊਦੀ ਅਰਬ ਸਮੇਤ ਕਈ ਸੁੰਨੀ ਮੁਲਕਾਂ ਦਾ ਮੌਨ ਸਮਰਥਨ ਹੈ। ਉਹ ਨਹੀਂ ਚਾਹੁੰਦੇ ਕਿ ਸ਼ੀਆ ਦੇਸ਼ ਈਰਾਨ ਕੋਲ ਪਰਮਾਣੂ ਬੰਬ ਹੋਣ। ਜਾਰਡਨ ਦੀ ਹਵਾਈ ਫ਼ੌਜ ਨੇ ਤਾਂ ਇਰਾਨੀ ਹਮਲੇ ਨੂੰ ਨਾਕਾਮ ਕਰਨ ਵਿੱਚ ਇਜ਼ਰਾਈਲ ਦੀ ਮਦਦ ਵੀ ਕੀਤੀ। ਮੰਨਿਆ ਜਾਂਦਾ ਹੈ ਕਿ ਇਜ਼ਰਾਈਲੀ ਖ਼ੁਫ਼ੀਆ ਏਜੰਸੀਆਂ ਲੰਬੇ ਸਮੇਂ ਤੋਂ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਰੋਕਣ ਲਈ ਇਰਾਨੀ ਵਿਗਿਆਨੀਆਂ ਨੂੰ ਨਿਸ਼ਾਨਾ ਬਣਾਉਣ ਦੇ ਨਾਲ-ਨਾਲ ਹੋਰ ਤਬਾਹਕੁੰਨ ਕਾਰਵਾਈਆਂ ਕਰਦੀਆਂ ਆਈਆਂ ਹਨ। ਇਰਾਨ ਦੇ ਹਮਲੇ ਦੇ ਜਵਾਬ ਵਿੱਚ ਇਜ਼ਰਾਈਲ ਨੇ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਸਿੱਧਾ ਨਿਸ਼ਾਨਾ ਤਾਂ ਨਹੀਂ ਬਣਾਇਆ ਪਰ ਉਨ੍ਹਾਂ ਸ਼ਹਿਰਾਂ ਦੇ ਫ਼ੌਜੀ ਟਿਕਾਣਿਆਂ ’ਤੇ ਕਾਰਵਾਈ ਕੀਤੀ ਜਿੱਥੇ ਉਸ ਦੇ ਪਰਮਾਣੂ ਪਲਾਂਟ ਵੀ ਹਨ। ਇਰਾਨੀ ਸੂਤਰ ਇਸ ਹਮਲੇ ਨੂੰ ਇਕ ਛੋਟਾ ਅਤੇ ਅਸਫਲ ਡ੍ਰੋਨ ਹਮਲਾ ਕਰਾਰ ਦੇ ਰਹੇ ਹਨ ਕਿਉਂਕਿ ਸੱਚ ਸਵੀਕਾਰਨ ’ਤੇ ਇਰਾਨ ਨੂੰ ਫਿਰ ਤੋਂ ਇਜ਼ਰਾਈਲ ’ਤੇ ਹਮਲੇ ਕਰਨੇ ਹੋਣਗੇ ਜੋ ਪਹਿਲਾਂ ਦੀ ਤਰ੍ਹਾਂ ਹੀ ਨਾਕਾਮ ਕਰ ਦਿੱਤੇ ਜਾਣਗੇ ਅਤੇ ਉਸ ਦੀ ਕਮਜ਼ੋਰੀ ਪੋਲ

ਮੁੜ ਖੁੱਲ੍ਹ ਜਾਵੇਗੀ। ਇਰਾਨ ਦਾ ਵਿਵਹਾਰ ਬਾਲਾਕੋਟ ਵਿੱਚ ਭਾਰਤ ਦੇ ਹਮਲੇ ਤੋਂ ਬਾਅਦ ਪਾਕਿਸਤਾਨ ਵਰਗਾ ਹੈ। ਇਜ਼ਰਾਈਲ ਨੇ ਸ਼ਾਇਦ ਇਸੇ ਲਈ ਇਰਾਨ ’ਤੇ ਹਮਲਿਆਂ ਦੀ ਜ਼ਿੰਮੇਵਾਰੀ ਨਹੀਂ ਲਈ ਕਿਉਂਕਿ ਅਜਿਹਾ ਕਰਨਾ ਰੂਸੀ ਹਵਾਈ ਫ਼ੌਜ ਨੂੰ ਇਰਾਨ ਵਿੱਚ ਆਉਣ ਦਾ ਬਹਾਨਾ ਦੇ ਸਕਦਾ ਸੀ ਜਿਵੇਂ ਕਿ ਸੀਰੀਆ ਵਿੱਚ ਦੇਖਿਆ ਜਾ ਚੁੱਕਾ ਹੈ ਅਤੇ ਅਮਰੀਕਾ ਅਜਿਹਾ ਨਹੀਂ ਚਾਹੁੰਦਾ।

ਪੱਛਮੀ ਏਸ਼ੀਆ ’ਚ ਇਰਾਨ-ਇਜ਼ਰਾਈਲ ਦਾ ਟਕਰਾਅ ਪਹਿਲਾਂ ਹੀ ਯੂਕਰੇਨ ਵਿੱਚ ਅਮਰੀਕਾ ਸਮਰਥਿਤ ਫ਼ੌਜੀ ਮੁਹਿੰਮ ਦੀ ਧਾਰ ਖੁੰਢੀ ਕਰ ਰਿਹਾ ਹੈ। ਅਜਿਹੇ ’ਚ ਇਨ੍ਹਾਂ ਦੋਵਾਂ ਦੇਸ਼ਾਂ ਦਾ ਟਕਰਾਅ ਹੌਲੀ-ਹੌਲੀ ਤੇਜ਼ੀ ਫੜਨ ਤੇ ਵਿਸ਼ਵ ਸ਼ਾਂਤੀ ਨੂੰ ਸੰਕਟ ਵਿੱਚ ਪਾਉਣ ਵਾਲਾ ਹੋ ਸਕਦਾ ਹੈ ਜਿਸ ਦੀ ਮਾਰ ਹੇਠ ਦੇਰ-ਸਵੇਰ ਇਰਾਨੀ ਪਰਮਾਣੂ ਪ੍ਰੋਗਰਾਮ ਵੀ ਆ ਸਕਦਾ ਹੈ। ਇਹ ਸਾਫ਼ ਹੈ ਕਿ ਪੱਛਮੀ ਏਸ਼ੀਆ ਵਿੱਚ ਕਿਉਂਕਿ ਅਮਨ-ਅਮਾਨ ਦੇ ਆਸਾਰ ਨਹੀਂ ਹਨ, ਇਸ ਲਈ ਭਾਰਤ ਨੂੰ ਬਹੁਤ ਚੌਕਸ ਰਹਿਣਾ ਹੋਵੇਗਾ। ਸਾਲ 2006 ’ਚ ਜਦੋਂ ਇਜ਼ਰਾਈਲ ਤੇ ਲੈਬਨਾਨ ਵਿਚਾਲੇ ਜੰਗ ਚੱਲ ਰਹੀ ਸੀ, ਤਦ ਸੰਯੁਕਤ ਰਾਸ਼ਟਰ ’ਚ ਪਾਸ ਹੋਏ ਇਕ ਸਮਝੌਤੇ ਦੇ ਆਧਾਰ ’ਤੇ ਅਮਰੀਕਾ ਤੇ ਫਰਾਂਸ ਨੇ ਦਖ਼ਲ ਦਿੱਤਾ ਸੀ, ਤਦ ਜਾ ਕੇ ਹਿੰਸਾ ਦਾ ਉਹ ਦੌਰ ਖ਼ਤਮ ਹੋਇਆ ਸੀ। ਅਜਿਹੇ ਕੁਝ ਉੱਦਮ ਇਸ ਵਾਰ ਵੀ ਸੰਯੁਕਤ ਰਾਸ਼ਟਰ ਤੇ ਅਮਰੀਕਾ ਜਿਹੇ ਦੁਨੀਆ ਦੇ ਮਜ਼ਬੂਤ ਦੇਸ਼ਾਂ ਨੂੰ ਕਰਨੇ ਹੋਣਗੇ, ਨਹੀਂ ਤਾਂ ਮਨੁੱਖਤਾ ਦਾ ਘਾਣ ਲਗਾਤਾਰ ਹੁੰਦਾ ਰਹੇਗਾ।

# ਭਾਜਪਾ ਦੀ ਫ਼ਿਰਕੂ ਨੀਤੀ ਬਨਾਮ ਵਿਰੋਧੀ ਧਿਰਾਂ ਦੇ ਵਿੱਤੀ ਸਾਧਨਾਂ ਉੱਪਰ ਹਮਲਾ

ਨਿਤਿਨ ਚਕਰਵਰਤੀ

ਇਸ ਲੇਖਕ ਨੂੰ 1951-52 'ਚ ਹੋਈ ਪਹਿਲੀ ਲੋਕ ਸਭਾ ਚੋਣ ਤੋਂ ਬਾਅਦ ਤੋਂ ਸਾਰੀਆਂ ਲੋਕ ਸਭਾ ਚੋਣਾਂ ਨੂੰ ਦੇਖਣ ਦਾ ਸੁਭਾਗ ਮਿਲਿਆ ਹੈ ਸ਼ੁਰੂਆਤ 'ਚ 10 ਸਾਲ ਦੀ ਉਮਰ 'ਚ ਕਲਕੱਤਾ 'ਚ ਇੱਕ ਖੱਬੇਪੱਖੀ ਪਾਰਟੀ ਦੇ ਸੋਇਮ ਸੇਵਕ ਦੇ ਰੂਪ ਵਿੱਚ। ਇੱਕ ਵਰਕਰ ਦੇ ਰੂਪ 'ਚ ਇਹ ਪੜਾਅ 1969 ਤੱਕ ਕਾਲਜ ਅਤੇ ਯੂਨੀਵਰਸਿਟੀ ਦੇ ਦਿਨਾਂ ਤੱਕ ਜਾਰੀ ਰਿਹਾ। ਫਿਰ 1969 ਤੋਂ ਹੁਣ ਤੱਕ ਦੀ ਭੂਮਿਕਾ ਇੱਕ ਪੱਤਰਕਾਰ ਵਜੋਂ ਲੋਕ ਸਭਾ ਚੋਣਾਂ 'ਤੇ ਨਜ਼ਰ ਰੱਖਣ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਵੱਡੀ ਪੱਧਰ 'ਤੇ ਚੋਣ ਮੁਹਿੰਮ ਨੂੰ ਕਵਰ ਕਰਨ ਦੀ ਰਹੀ ਹੈ। ਇਸ ਵਾਰ ਵੀ, 82 ਸਾਲ ਦੀ ਉਮਰ ਵਿੱਚ, ਮੈਂ ਤਾਮਿਲਨਾਡੂ ਅਤੇ ਪੁਡੂਚੇਰੀ ਦੀ ਯਾਤਰਾ ਕੀਤੀ ਹੈ ਅਤੇ ਉਸ ਤੋਂ ਬਾਅਦ ਪੱਛਮੀ ਜ਼ਿਲ੍ਹਿਆਂ ਨੂੰ ਕਵਰ ਕਰਦੇ ਹੋਏ ਉੱਤਰ ਪ੍ਰਦੇਸ਼ ਦੀ ਯਾਤਰਾ ਕੀਤੀ ਹੈ। ਮੈਂ ਕੁਝ ਦਾਅਵੇ ਦੇ ਨਾਲ ਕਹਿ ਸਕਦਾ ਹਾਂ ਕਿ 2024 ਦੀਆਂ ਲੋਕ ਸਭਾ ਚੋਣਾਂ ਅਜਿਹੀਆਂ ਹੋਣ ਜਾ ਰਹੀਆਂ ਹਨ, ਜਿਨ੍ਹਾਂ 'ਚ ਸੱਤਾਧਾਰੀ ਪਾਰਟੀ ਭਾਜਪਾ ਦੀ ਤੁਲਨਾ 'ਚ ਵਿਰੋਧੀ ਪਾਰਟੀਆਂ ਲਈ ਚੋਣ ਮੈਦਾਨ 'ਚ ਸਭ ਤੋਂ ਖਰਾਬ ਅਸਾਵੇਂ ਅਵਸਰਾਂ ਦੀ ਸਥਿਤੀ ਹੈ। ਇੱਥੋਂ ਤੱਕ ਕਿ 2019 ਦੀਆਂ ਲੋਕ ਸਭਾ ਚੋਣਾਂ 'ਚ ਵੀ ਸਮਾਨ ਅਵਸਰਾਂ ਦੇ ਮਾਮਲੇ 'ਚ ਵਿਰੋਧੀ ਪਾਰਟੀਆਂ ਬਿਹਤਰ ਸਥਿਤੀ 'ਚ ਸਨ।

ਸੱਤਾਧਾਰੀ ਸ਼ਾਸਨ ਜਿਨ੍ਹਾਂ ਤਿੰਨ ਤਰੀਕਿਆਂ ਨਾਲ ਵਿਰੋਧੀ ਪਾਰਟੀਆਂ ਦੇ ਸਮਾਨ ਅਵਸਰਾਂ ਨੂੰ ਖ਼ਤਮ ਕਰ ਰਿਹਾ ਹੈ, ਉਨ੍ਹਾਂ ਵਿੱਚ ਪਹਿਲਾ ਹੈ ਵਿਰੋਧੀ ਪਾਰਟੀਆਂ ਦੇ ਵਿੱਤੀ ਸਾਧਨਾਂ ਨੂੰ ਨਿਚੋੜਨਾ। ਕਾਂਗਰਸ ਪਾਰਟੀ ਨੂੰ ਇਸ ਲਈ ਮੁੱਖ ਨਿਸ਼ਾਨਾ ਬਣਾਇਆ ਗਿਆ ਹੈ। ਦੂਜਾ ਹੈ ਵਿਰੋਧੀ ਲੋਕਾਂ ਖ਼ਿਲਾਫ਼ ਕੇਂਦਰੀ ਏਜੰਸੀਆਂ, ਜਿਵੇਂ ਈ.ਡੀ., ਸੀ.ਬੀ.ਆਈ. ਅਤੇ ਆਮਦਨ ਕਰ ਵਿਭਾਗ ਦੀ ਦੁਰਵਰਤੋਂ ਕਰਦੇ ਹੋਏ ਮਹੱਤਵਪੂਰਨ ਵਿਰੋਧੀ ਆਗੂਆਂ ਅਤੇ ਉਨ੍ਹਾਂ ਨੂੰ ਧਨ ਦੇਣ ਵਾਲੇ ਦਾਤਾਵਾਂ ਦੇ ਵਿਰੁੱਧ ਕਾਰਵਾਈ ਕਰਨਾ। ਤੀਜਾ ਹੈ ਪ੍ਰਧਾਨ ਮੰਤਰੀ ਅਤੇ ਭਾਜਪਾ ਦੇ ਵਿਚਾਰਾਂ ਦਾ ਪ੍ਰਚਾਰ ਕਰਨ ਲਈ ਮੀਡੀਆ, ਖ਼ਾਸਕਰ ਟੀ.ਵੀ. ਚੈਨਲਾਂ 'ਤੇ ਪੂਰੀ ਤਰ੍ਹਾਂ ਕੰਟਰੋਲ ਕਰਨਾ, ਜੋ ਨਾਲ-ਨਾਲ ਵਿਰੋਧੀਆਂ ਦੇ ਪ੍ਰੋਗਰਾਮਾਂ ਅਤੇ ਵਿਚਾਰਾਂ ਨੂੰ ਬੁਰੀ ਤਰ੍ਹਾਂ ਨਾਲ ਦਿਖਾਉਣ ਦਾ ਕੰਮ ਵੀ ਕਰਨ। ਇਹ ਰਣਨੀਤੀ ਹੈ ਅਤੇ ਇਸ ਦਾ ਅਮਲ 2019 ਦੀਆਂ ਚੋਣਾਂ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੂਜੇ ਕਾਰਜਕਾਲ ਦੇ ਆਰੰਭ ਵਿੱਚ ਸ਼ੁਰੂ ਹੋ ਗਿਆ ਸੀ।

ਅਜੇ, ਵੱਡੀ ਆਬਾਦੀ ਵਾਲੇ ਦੋ ਹੋਰ ਦੇਸ਼ਾਂ ਦੱਖਣੀ ਅਫ਼ਰੀਕਾ ਅਤੇ ਮੈਕਸੀਕੋ 'ਚ ਵੀ ਕੌਮੀ ਚੋਣ ਮੁਹਿੰਮ ਚੱਲ ਰਹੀ ਹੈ। ਦੱਖਣੀ ਅਫ਼ਰੀਕਾ 'ਚ 29 ਮਈ ਨੂੰ ਅਤੇ ਮੈਕਸੀਕੋ 'ਚ 2 ਜੂਨ ਨੂੰ ਵੋਟਾਂ ਪੈਣ ਜਾ ਰਹੀਆਂ ਹਨ। ਤਿੰਨ ਮਹਾਂਦੀਪਾਂ ਏਸ਼ੀਆ, ਅਫ਼ਰੀਕਾ ਅਤੇ ਲੈਟਿਨ ਅਮਰੀਕਾ ਦੀ ਨੁਮਾਇੰਦਗੀ ਕਰਨ ਵਾਲੇ ਤਿੰਨਾਂ ਦੇਸ਼ਾਂ 'ਚ ਚੋਣ ਨਤੀਜੇ ਇੱਕ ਹੀ ਹਫ਼ਤੇ 'ਚ ਸਾਹਮਣੇ ਆਉਣਗੇ। ਇਨ੍ਹਾਂ ਦੋਵਾਂ ਦੇਸ਼ਾਂ 'ਚ ਮੁਹਿੰਮ ਸਿਖ਼ਰਾਂ 'ਤੇ ਹੈ, ਪਰ ਕਿਤੇ ਵੀ ਵਿਰੋਧੀ ਪਾਰਟੀਆਂ ਨੇ ਉਨ੍ਹਾਂ ਦੇ ਖ਼ਿਲਾਫ਼ ਸੱਤਾਧਾਰੀ ਸ਼ਾਸਨ ਦੁਆਰਾ ਕਿਸੇ ਛਾਪੇ ਦਾ ਦੋਸ਼ ਨਹੀਂ ਲਗਾਇਆ। ਦੱਖਣੀ ਅਫ਼ਰੀਕਾ 'ਚ ਅਫ਼ਰੀਕਨ ਨੈਸ਼ਨਲ ਕਾਂਗਰਸ ਦੇ ਮੌਜੂਦਾ ਪ੍ਰਧਾਨ ਸਿਰਿਲਰਾਮਾਫ਼ੋਸਾ ਨੂੰ ਰੂੜੀਵਾਦੀ ਵਿਰੋਧੀ ਧਿਰ ਕੋਲੋਂ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ



ਰਿਹਾ ਹੈ, ਪਰ ਉਹ ਲੋਕਤੰਤਰਿਕ ਖੇਡ ਦੇ ਨਿਯਮਾਂ ਤਹਿਤ ਪ੍ਰਚਾਰ ਕਰ ਰਹੇ ਹਨ। ਮੈਕਸੀਕੋ 'ਚ ਵੀ ਇਹੋ ਹਾਲਤ ਹੈ। ਖੱਬੇਪੱਖੀ ਰਾਸ਼ਟਰਪਤੀ ਓਬ੍ਰਾਡੋਰ, ਜਿਨ੍ਹਾਂ ਨੂੰ ਏ.ਐੱਮ.ਐੱਲ.ਓ. ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਸੰਵਿਧਾਨ ਅਨੁਸਾਰ ਨਵੇਂ ਰਾਸ਼ਟਰਪਤੀ ਦੇ ਅਹੁਦੇ ਦੇ ਉਮੀਦਵਾਰ ਨੂੰ ਰਸਤਾ ਦੇਣ ਲਈ ਅਹੁਦਾ ਛੱਡ ਰਹੇ ਹਨ। ਏ.ਐੱਮ.ਐੱਲ.ਓ. ਦੀ ਸਵੀਕਾਰਤਾ ਆਪਣੇ ਸਿਖ਼ਰਾਂ 'ਤੇ ਹੈ। ਗੱਠਜੋੜ ਮੋਰੇਨਾ ਆਰਾਮ ਨਾਲ ਜਿੱਤਣ ਦੀ ਸਥਿਤੀ 'ਚ ਹੈ। ਵਿਰੋਧੀ ਪਾਰਟੀਆਂ ਨੂੰ ਵੱਡੀ ਪੂੰਜੀ ਦਾ ਸਮਰਥਨ ਹਾਸਿਲ ਹੈ, ਪਰ ਉਨ੍ਹਾਂ ਨੇ ਕਦੇ ਵੀ ਏ.ਐੱਮ.ਐੱਲ.ਓ. ਸਰਕਾਰ ਦੁਆਰਾ ਕਿਸੇ ਵੀ ਗ਼ੈਰ-ਜਮਹੂਰੀ ਕਦਮ ਚੁੱਕੇ ਜਾਣ ਦੀ ਸ਼ਿਕਾਇਤ ਨਹੀਂ ਕੀਤੀ।

ਭਾਰਤੀ ਲੋਕ ਸਭਾ ਚੋਣਾਂ ਅਤੇ ਭਾਰਤ ਵਿੱਚ ਲੋਕਤੰਤਰਿਕ ਸੂਚਕ ਅੰਕ 'ਚ ਗਿਰਾਵਟ ਬਾਰੇ ਪੱਛਮ ਦੇ ਨਾਲ-ਨਾਲ ਬ੍ਰਿਕਸ ਦੇ ਮੈਂਬਰਾਂ ਵਿੱਚ ਵੀ ਚਰਚਾ ਹੋ ਰਹੀ ਹੈ। 7 ਅਕਤੂਬਰ ਦੀ ਜੰਗ ਤੋਂ ਬਾਅਦ ਨਰਿੰਦਰ ਮੋਦੀ ਨੂੰ ਸ਼ੁਰੂ 'ਚ ਉਨ੍ਹਾਂ ਦੇ ਇਜ਼ਰਾਈਲ ਸਮਰਥਕ ਰੁਖ ਲਈ ਬ੍ਰਿਕਸ ਮੈਂਬਰਾਂ ਕੋਲੋਂ ਫ਼ਿਟਕਾਰ ਮਿਲੀ ਸੀ। ਹੁਣ, ਉਨ੍ਹਾਂ ਦੇ ਅਭਿਆਨ ਭਾਸ਼ਨਾਂ ਅਤੇ ਈ.ਡੀ. ਦੁਆਰਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਨਾਲ-ਨਾਲ ਚੋਣਾਂ ਤੋਂ ਪਹਿਲਾਂ ਕਾਂਗਰਸ ਪਾਰਟੀ ਦੀ ਸੰਪਤੀ ਨੂੰ ਨਿਚੋੜਨ ਨੂੰ ਬ੍ਰਿਕਸ ਦੇਸ਼ਾਂ ਦੇ ਸਿਆਸੀ ਆਗੂਆਂ ਵੱਲੋਂ ਤ੍ਰਿਸਕਾਰ ਨਾਲ ਦੇਖਿਆ ਜਾ ਰਿਹਾ ਹੈ। ਭਾਰਤ ਨੂੰ 'ਲੋਕਤੰਤਰ ਦੀ ਜਣਨੀ' ਕਹਿਣ ਵਾਲੇ ਪ੍ਰਧਾਨ ਮੰਤਰੀ ਮੋਦੀ ਨੂੰ ਇੱਕ ਅਜਿਹੇ ਨੇਤਾ ਵਜੋਂ ਦੇਖਿਆ ਜਾ ਰਿਹਾ ਹੈ, ਜੋ ਵਿਰੋਧੀ ਧਿਰ ਦੇ ਜਮਹੂਰੀ ਅਧਿਕਾਰਾਂ 'ਤੇ ਲਗਾਮ ਲਗਾ ਰਿਹਾ ਹੈ। ਕਈ ਪੱਛਮੀ ਰਾਜਨੀਤਕ ਵਿਸ਼ਲੇਸ਼ਕ ਕਹਿ ਰਹੇ ਹਨ ਕਿ 2024 ਦੀਆਂ ਲੋਕ ਸਭਾ ਚੋਣਾਂ ਭਾਰਤ ਵਿੱਚ ਆਖ਼ਰੀ ਸੁਤੰਤਰ ਚੋਣਾਂ ਹੋ ਸਕਦੀਆਂ ਹਨ। ਭਾਵੇਂ ਇਹ ਸਹੀ ਨਹੀਂ ਹੈ, ਪਰ ਯਕੀਨੀ ਤੌਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੁਬਾਰਾ ਆਉਣ ਨਾਲ ਸੱਤਾਵਾਦੀ ਰੁਝਾਨ ਮਜ਼ਬੂਤ ਹੋਣਗੇ ਅਤੇ ਭਾਜਪਾ ਤੇ ਸੰਘ ਪਰਿਵਾਰ ਨੂੰ ਹਿੰਦੂ ਰਾਸ਼ਟਰ ਲਈ ਉਤਸ਼ਾਹ ਮਿਲ ਸਕਦਾ ਹੈ, ਪਰ ਇਹ ਸੌਖਾ ਕੰਮ ਨਹੀਂ ਹੋਵੇਗਾ। ਭਾਰਤੀ ਲੋਕਾਂ ਕੋਲ ਲੋਕਤੰਤਰ ਦੇ ਪੱਖ ਵਿੱਚ ਆਪਣੀ ਪਸੰਦ ਦੀ ਵਰਤੋਂ ਕਰਨ ਦੀ ਅੰਤਰਦ੍ਰਿਸ਼ਟੀ ਹੈ। ਉਨ੍ਹਾਂ ਨੇ ਇਸ ਨੂੰ 1977 ਦੀਆਂ ਲੋਕ ਸਭਾ ਚੋਣਾਂ ਦੌਰਾਨ ਵੀ ਦਿਖਾਇਆ ਸੀ। ਬਹੁਤ ਕੁਝ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਵਿਰੋਧੀ 'ਇੰਡੀਆ' ਗੱਠਜੋੜ ਭਾਜਪਾ ਦੇ ਖ਼ਿਲਾਫ਼ ਕਿੰਨੇ ਪ੍ਰਭਾਵੀ ਢੰਗ ਨਾਲ ਲੜਦਾ ਹੈ। ਉਨ੍ਹਾਂ ਨੇ ਇਸ ਵਾਰ 'ਕਰੋ ਜਾਂ ਮਰੋ' ਦੇ ਨਾਅਰੇ ਨਾਲ ਲੜਨਾ ਹੈ। ਖ਼ਾਸਕਰ ਇਹ ਗੱਲ ਕਾਂਗਰਸ 'ਤੇ ਲਾਗੂ ਹੁੰਦੀ ਹੈ, ਜੋ ਹਿੰਦੀ ਪੱਟੀ ਦੇ ਜ਼ਿਆਦਾਤਰ ਰਾਜਾਂ 'ਚ ਭਾਜਪਾ ਦੀ ਮੁੱਖ ਵਿਰੋਧੀ ਪਾਰਟੀ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੇ ਰੱਥ ਨੂੰ ਰੋਕਣ ਦੀ ਜ਼ਿੰਮੇਵਾਰੀ ਕਾਂਗਰਸ 'ਤੇ ਹੈ।

ਇਹ ਵੀ ਭੱਖਦਾ ਸੁਆਲ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਰਤ 'ਚ ਭਾਜਪਾ ਦਾ ਰੱਥ ਇੰਨਾ ਬੁਲੰਦ ਕਿਉਂ ਹੈ ਅਤੇ ਪ੍ਰਧਾਨ ਮੰਤਰੀ ਇਸ ਵਾਰ ਐੱਨ.ਡੀ.ਏ. ਲਈ 400 ਪਾਰ ਅਤੇ ਭਾਜਪਾ ਲਈ 370 ਪਾਰ ਦਾ ਨਾਅਰਾ ਦੇ ਰਹੇ ਹਨ। ਭਾਜਪਾ ਦੀ ਪ੍ਰਚਾਰ ਮਸ਼ੀਨ ਵਲੋਂ ਵੱਡੇ ਕੌਮੀ ਮੀਡੀਆ ਘਰਾਣਿਆਂ ਦੀ ਸਹਾਇਤਾ ਨਾਲ ਇਹ ਨਾਅਰਾ ਲਗਾਤਾਰ ਫ਼ੈਲਾਇਆ ਜਾ ਰਿਹਾ ਹੈ। ਭਾਜਪਾ ਕੋਲ ਵਿਸ਼ਾਲ ਵਿੱਤੀ ਸਾਧਨ, ਜਥੇਬੰਦਕ ਆਰ.ਐੱਸ.ਐੱਸ. ਸੰਗਠਨ ਅਤੇ ਪ੍ਰਵਾਸੀ ਭਾਰਤੀਆਂ ਦਾ ਵੱਡਾ ਸਮਰਥਨ ਹੈ, ਜਿਨ੍ਹਾਂ ਵਿਚੋਂ ਬਹੁਤ ਸਾਰੇ ਭਾਜਪਾ ਦੇ ਚੋਣ ਫ਼ੰਡ 'ਚ ਸਰਗਰਮ ਯੋਗਦਾਨਕਰਤਾ ਹਨ। ਇਸ ਦੇ ਉਲਟ, ਕਾਂਗਰਸ ਨੂੰ 'ਇੰਡੀਆ' ਗੱਠਜੋੜ ਪਾਰਟੀਆਂ 'ਚ ਸਭ ਤੋਂ ਵੱਧ ਨੁਕਸਾਨਦੇਹ ਸਥਿਤੀ 'ਚ ਰੱਖਿਆ ਗਿਆ ਹੈ। ਹਿੰਦੀ ਪੱਟੀ ਵਿੱਚ ਆਪਣੀ ਮੁੱਖ ਵਿਰੋਧੀ ਪਾਰਟੀ ਨੂੰ ਵਿੱਤੀ ਸਾਧਨਾਂ ਪੱਖੋਂ ਅਪਾਹਜ ਬਣਾਉਣ ਦੇ ਇੱਕ ਹਿੱਸੇ ਦੇ ਰੂਪ 'ਚ ਸੱਤਾਧਾਰੀ ਸ਼ਾਸਨ ਵੱਲੋਂ ਧਨ ਪ੍ਰਾਪਤ ਕਰਨ ਦੇ ਪਾਰਟੀ ਦੇ ਆਮ ਮਾਧਿਅਮਾਂ ਨੂੰ ਬੰਦ ਕਰ ਦਿੱਤਾ ਗਿਆ ਹੈ। ਕਾਂਗਰਸ ਕੋਲ ਕਈ ਰਾਜਾਂ 'ਚ ਧਨ ਦੀ ਕਮੀ ਹੈ ਅਤੇ ਪ੍ਰਤੀ ਲੋਕ ਸਭਾ ਖੇਤਰ 'ਚ ਖਰਚ ਕਰਨ ਦੇ ਮਾਮਲੇ 'ਚ ਉਸ ਦੀ ਸਮਰੱਥਾ ਔਸਤਨ ਭਾਜਪਾ ਦੀ ਤੁਲਨਾ 'ਚ 10ਵਾਂ ਹਿੱਸਾ ਹੈ। ਇਨ੍ਹੀਂ ਦਿਨੀਂ ਚੋਣਾਂ 'ਚ ਡਿਜੀਟਲ ਮੀਡੀਆ ਅਤੇ ਸੋਸ਼ਲ ਮੀਡੀਆ ਦੇ ਹੋਰ ਪਲੇਟਫਾਰਮ ਵੱਡੀ ਭੂਮਿਕਾ ਨਿਭਾਅ ਰਹੇ ਹਨ। ਪਾਰਟੀ ਨੂੰ ਭਾਰੀ ਫ਼ੰਡ ਦੀ ਜ਼ਰੂਰਤ ਹੈ। ਕਾਂਗਰਸ ਇਸ ਖੇਤਰ 'ਚ ਭਾਜਪਾ ਦਾ ਮੁਕਾਬਲਾ ਕਰਨ ਦੀ ਸਥਿਤੀ 'ਚ ਨਹੀਂ ਹੈ।

ਇਹ 2024 ਦੀਆਂ ਲੋਕ ਸਭਾ ਚੋਣਾਂ ਦੀ ਜਮਹੂਰੀ ਪ੍ਰਕਿਰਿਆ ਲਈ ਸਭ ਤੋਂ ਵੱਡਾ ਝਟਕਾ ਹੈ। ਭਾਜਪਾ ਵੱਲੋਂ ਸਮਾਨ ਅਵਸਰਾਂ ਨੂੰ ਖ਼ਤਮ ਕਰਨ ਅਤੇ ਮੁੱਖ ਵਿਰੋਧੀ ਪਾਰਟੀ ਨੂੰ ਆਰਥਿਕ ਰੂਪ ਨਾਲ ਅਪਾਹਜ ਬਣਾਉਣ ਲਈ ਸੱਤਾਧਾਰੀ ਸਰਕਾਰ ਅਤੇ ਉਸ ਦੀਆਂ ਏਜੰਸੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਟੀ.ਐੱਮ.ਸੀ., ਡੀ.ਐੱਮ.ਕੇ., ਐੱਸ.ਪੀ. ਅਤੇ ਆਰ.ਜੇ.ਡੀ. ਵਰਗੀਆਂ ਹੋਰ ਖੇਤਰੀ ਪਾਰਟੀਆਂ ਸੀਮਤ ਸੀਟਾਂ 'ਤੇ ਲੜ ਰਹੀਆਂ ਹਨ। ਉਹ ਧਨ ਦੀ ਵਿਵਸਥਾ ਕਰ ਰਹੀਆਂ ਹਨ, ਪਰ ਕਾਂਗਰਸ ਲਈ ਪਾਰਟੀ ਵੱਲੋਂ ਲੜੀਆਂ 300 ਤੋਂ ਵੱਧ ਚੋਣ ਸੀਟਾਂ ਲਈ ਧਨ ਦੀ ਸਪਲਾਈ ਕਰਨਾ ਇੱਕ ਮੁਸ਼ਕਿਲ ਕੰਮ ਬਣ ਗਿਆ ਹੈ। ਇਹੀ ਉਹ ਕਮਜ਼ੋਰੀ ਹੈ, ਜਿਸ ਨੂੰ ਸੱਤਾਧਾਰੀ ਭਾਜਪਾ 2024 ਦੀਆਂ ਲੋਕ ਸਭਾ ਚੋਣਾਂ 'ਚ ਭੁਨਾਉਣ ਦੀ ਕੋਸ਼ਿਸ਼ ਕਰ ਰਹੀ ਹੈ। **(ਬਾਕੀ ਸਫ਼ਾ 31 'ਤੇ)**

# ਫ਼ਿਰਕੂ ਸਿਆਸਤ ਤੋਂ ਭਾਰਤੀ ਸਮਾਜ ਨੂੰ ਮੁਕਤ ਹੋਣ ਦੀ ਲੋੜ



ਨੀਰਾ ਚੰਢੋਕ

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਭਾਜਪਾ ਜੇਕਰ ਆਮ ਚੋਣਾਂ ਜਿੱਤਦੀ ਹੈ ਤਾਂ ਨਾਗਰਿਕਤਾ ਸੋਧ ਕਾਨੂੰਨ (ਸੀਏਏ) ਦੇ ਨਿਯਮਾਂ ਦਾ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ ਹੁਣ ਕੌਮੀ ਨਾਗਰਿਕ ਰਜਿਸਟਰ (ਐੱਨਆਰਸੀ) ਨੂੰ ਲਾਗੂ ਕਰਨ ਦੀ ਵਾਰੀ ਆਵੇਗੀ। ਭਾਰਤ 'ਚ ਸ਼ਰਨ ਚਾਹੁੰਦੇ ਗ਼ੈਰ-ਮੁਸਲਮਾਨਾਂ ਨੂੰ ਆਸਰਾ ਮਿਲ ਜਾਵੇਗਾ ਜਦੋਂਕਿ ਜਿਨ੍ਹਾਂ ਮੁਸਲਿਮ ਪਰਵਾਸੀਆਂ/ਸ਼ਰਨਾਰਥੀਆਂ ਕੋਲ ਢੁੱਕਵੇਂ ਦਸਤਾਵੇਜ਼ ਨਹੀਂ ਹੋਣਗੇ, ਉਨ੍ਹਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਏਗਾ। ਹਾਲਾਂਕਿ ਸਰਕਾਰ ਦਾਅਵਾ ਕਰ ਰਹੀ ਹੈ ਕਿ ਸੀਏਏ ਕਿਸੇ ਭਾਰਤੀ ਦੀ ਨਾਗਰਿਕਤਾ ਨਹੀਂ ਖੋਹੇਗਾ। ਸੀਏਏ ਦੇ ਨਿਯਮਾਂ 'ਤੇ ਰੋਕ ਮੰਗਦੀਆਂ ਪਟੀਸ਼ਨਾਂ ਦਾ ਜਵਾਬ ਦੇਣ ਲਈ ਸੁਪਰੀਮ ਕੋਰਟ ਨੇ ਸਰਕਾਰ ਨੂੰ ਤਿੰਨ ਹਫ਼ਤਿਆਂ ਦਾ ਸਮਾਂ ਦਿੱਤਾ ਹੈ। ਇਨ੍ਹਾਂ ਅਰਜ਼ੀਆਂ 'ਚ ਕਾਨੂੰਨ ਦੀ ਸੰਵਿਧਾਨਿਕ ਪ੍ਰਮਾਣਿਕਤਾ ਨੂੰ ਚੁਣੌਤੀ ਦਿੱਤੀ ਗਈ ਹੈ।

ਮੁਸਲਿਮ ਸਮੂਹਾਂ 'ਚ ਬਣੇ ਭੈਅ ਤੇ ਖ਼ਦਸ਼ਿਆਂ ਵਿਚੋਂ ਅਜੋਕੇ ਭਾਰਤ ਦਾ ਮਾਯੂਸ ਅਕਸ ਝਲਕਦਾ ਹੈ। ਆਪਣੀ ਕਿਤਾਬ 'ਬਿਓਂਡ ਤੁਰਕ ਐਂਡ ਹਿੰਦੂ' ਦੀ ਜਾਣ-ਪਛਾਣ 'ਚ ਡੇਵਿਡ ਗਿਲਮਾਰਟਿਨ ਤੇ ਬਰੂਸ ਲਾਰੈਂਸ ਸਵਾਲ ਕਰਦੇ ਹਨ, 'ਮੁਸਲਮਾਨ ਹਜ਼ਾਰ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਦੱਖਣੀ ਏਸ਼ੀਆ ਦਾ ਅਨਿੱਖੜਵਾਂ ਅੰਗ ਰਹੇ ਹਨ। ਫ਼ਿਰ ਉਨ੍ਹਾਂ ਨੂੰ ਮੂਲ ਵਾਸੀਆਂ ਵਜੋਂ ਪਰਿਭਾਸ਼ਿਤ ਕਰਨ 'ਚ ਐਨੀ ਔਖ ਕਿਉਂ ਮਹਿਸੂਸ ਕੀਤੀ ਜਾ ਰਹੀ ਹੈ?' ਇਹ ਦਿਲ ਤੋੜਨ ਵਾਲਾ ਹੈ ਕਿਉਂਕਿ ਭਾਸ਼ਾਵਾਂ, ਰਵਾਇਤਾਂ, ਇਬਾਦਤ ਦੇ ਤਰੀਕਿਆਂ, ਖਾਣ-ਪੀਣ, ਆਦਤਾਂ ਤੇ ਮਾਨਸਿਕਤਾਵਾਂ ਦਾ ਰਲੇਵਾਂ ਸਾਡੀ ਸਾਂਝੀ ਵਿਰਾਸਤ ਹੈ। ਹਿੰਦੂ-ਇਸਲਾਮਿਕ ਰਲੇਵੇਂ ਨੇ ਸਾਡੇ ਸ਼ਬਦਾਂ, ਕਾਵਿ, ਕਲਾ, ਸੁੰਦਰਤਾ ਤੇ ਕਲਾਤਮਕਤਾ ਅਤੇ ਸੋਚ ਨੂੰ ਆਕਾਰ ਦਿੱਤਾ ਹੈ। ਇੱਕ ਸੱਭਿਆਚਾਰ ਨੂੰ ਦੂਜੇ ਤੋਂ ਵੱਖ ਕਰਨਾ ਤੇ ਉਸ ਨੂੰ 'ਵਿਦੇਸ਼ੀ' ਗਰਦਾਨ ਦੇਣਾ ਮੁਸ਼ਕਿਲ ਹੈ। ਕਿਸੇ ਸੱਭਿਆਚਾਰ ਨੂੰ ਬੇਗ਼ਾਨਾ ਬਣਾ ਕੇ ਪੇਸ਼ ਕਰਨ ਦੀ ਕੋਈ ਵੀ ਕੋਸ਼ਿਸ਼ ਇਤਿਹਾਸਕ ਤੇ ਬੌਧਿਕ ਤੌਰ 'ਤੇ ਬੇਈਮਾਨੀ ਹੈ। ਗੁਣੀ ਕਲਾਕਾਰ ਸਈਦ ਹੈਦਰ ਰਜ਼ਾ ਨੇ ਗਾਂਧੀ ਦੇ ਸਹਿਣਸ਼ੀਲਤਾ ਤੇ ਵਿਆਪਕਤਾ ਦੇ ਫ਼ਲਸਫ਼ੇ ਦੀ ਵਰਤੋਂ ਕਰਦਿਆਂ ਸ਼ਾਨਦਾਰ ਤਸਵੀਰਾਂ ਬਣਾਈਆਂ। ਉਨ੍ਹਾਂ ਦਾ ਕਾਰਜ ਦੂਜਿਆਂ ਦੇ ਦਰਦ ਪ੍ਰਤੀ ਸੰਵੇਦਨਾ, ਪ੍ਰਾਰਥਨਾ, ਸੱਚ ਤੇ ਅਮਨ-ਸ਼ਾਂਤੀ ਦੁਆਲੇ ਘੁੰਮਦਾ ਸੀ। ਉਨ੍ਹਾਂ ਦੀ ਜੀਵਨੀ ਲਿਖਣ ਵਾਲੀ ਯਸ਼ੋਧਰਾ ਡਾਲਮੀਆ ਮੁਤਾਬਕ, ਰਜ਼ਾ ਨੇ ਕਲਾਤਮਕ ਊਰਜਾ ਪੈਦਾ ਕਰਨ ਲਈ ਕਈ ਧਰਮਾਂ ਤੋਂ ਪ੍ਰੇਰਨਾ ਲਈ। 'ਸਨਮਤੀ' ਨਾਂ ਦੀ ਉਨ੍ਹਾਂ ਦੀ ਰਚਨਾ ਵਿਚ, ਕੇਂਦਰ 'ਚ ਗਹਿਰੇ ਚੱਕਰ (ਗੋਲੇ) ਵਿਚੋਂ ਅਧਿਆਤਮਕ ਰੂਪ ਝਲਕਦਾ ਹੈ, ਤੇ ਇਹ ਗਾਂਧੀ ਦੀ ਮਨਪਸੰਦ ਪ੍ਰਾਰਥਨਾ ਦੀ ਤਰਜਮਾਨੀ ਵੀ ਕਰਦਾ ਹੈ, ਜੋ ਕਹਿੰਦੀ ਹੈ ਕਿ ਅੱਲ੍ਹਾ ਤੇ ਈਸ਼ਵਰ ਇਕੋ ਰੱਬ ਦੇ ਦੋ ਨਾਂ ਹਨ। ਖ਼ੁਦ ਵੀ ਰੱਬ 'ਚ ਭਰੋਸਾ ਰੱਖਣ ਵਾਲੇ ਰਜ਼ਾ ਅਕਸਰ ਗਿਰਜਾਘਰਾਂ, ਮੰਦਰਾਂ ਤੇ ਮਸਜਿਦਾਂ ਵਿਚ ਜਾਂਦੇ, ਤੇ ਚਿੰਤਨ ਕਰਦੇ। ਸੋਚੋ, ਜੇਕਰ ਰਜ਼ਾ ਨੇ ਆਪਣੇ ਧਰਮ ਤੋਂ ਅਗਾਂਹ ਜਾ ਕੇ ਹੋਰਨਾਂ ਧਰਮਾਂ ਤੇ ਸ਼ਾਂਤੀਪੂਰਨ ਸਹਿ-ਹੋਂਦ ਬਾਰੇ ਗਾਂਧੀ ਦੇ ਸੁਨੇਹੇ 'ਤੇ ਗ਼ੌਰ ਨਾ ਕੀਤਾ ਹੁੰਦਾ ਕਲਾ ਦਾ ਫ਼ਲਸਫ਼ਾ ਕਿੰਨਾ ਮਾੜਾ ਤੇ ਪੱਛੜਿਆ ਹੋਇਆ ਹੁੰਦਾ। ਡਾਲਮੀਆ ਨੇ ਲਿਖਿਆ ਕਿ ਅਜੋਕੇ ਭਾਰਤ 'ਚ ਇਹ ਸਮਝ ਗੁਆਚ ਗਈ ਹੈ।

ਅੱਜ ਧਾਰਮਿਕ ਸੱਜੇਪੱਖੀਆਂ ਨੇ 'ਕੇਵਲ ਹਿੰਦੂ' ਦਾ ਖੋਖਲਾ ਰਾਗ ਅਲਾਪ ਕੇ ਭਾਰਤੀ ਸਭਿਅਤਾ 'ਚ ਇਸਲਾਮਿਕ ਸੱਭਿਆਚਾਰਾਂ ਦੇ ਯੋਗਦਾਨ ਨੂੰ ਧੁੰਦਲਾ ਕਰ ਦਿੱਤਾ ਹੈ। ਇੱਥੇ ਇਹ ਭੁਲਾ ਦਿੱਤਾ ਗਿਆ ਹੈ ਕਿ ਕਿਸੇ ਦੀ ਹਿੰਦੂ ਅਤੇ ਮੁਸਲਮਾਨ ਵਜੋਂ ਸ਼ਨਾਖ਼ਤ ਕਰਨੀ, ਇਕ ਆਧੁਨਿਕ ਪ੍ਰਾਜੈਕਟ ਦਾ ਹਿੱਸਾ ਸੀ। ਬਸਤੀਵਾਦੀ ਯੁੱਗ ਤੋਂ ਪਹਿਲਾਂ ਦੇ ਭਾਰਤ ਵਿਚ ਲੋਕ ਆਪਣੀ ਜਾਣ-ਪਛਾਣ ਇਕ ਖੇਤਰ, ਇਕ ਜਾਤੀ ਜਾਂ ਇਕ ਭਾਸ਼ਾਈ ਸਮੂਹ ਦੇ ਬਾਸ਼ਿੰਦੇ ਵਜੋਂ ਕਰਵਾਉਂਦੇਸਨ। ਬਸਤੀਵਾਦੀ ਯੁੱਗ ਦੌਰਾਨ, ਹਿੰਦੁਵਾਦ ਨੂੰ ਬੱਝਵੇਂ ਢੰਗ ਨਾਲ ਪੇਸ਼ ਕੀਤਾ ਗਿਆ ਤੇ ਇਕ ਪੱਕੀ ਪਰਿਭਾਸ਼ਾ ਦਿੱਤੀ ਗਈ ਜਿਸ ਵਿਚ ਅਧਿਆਤਮ, ਉੱਪਰਲੀਆਂ ਜਾਤੀਆਂ, ਸੰਸਕ੍ਰਿਤੀਕਰਨ ਤੇ ਸਾਰ-ਤੱਤ ਨੂੰ ਥਾਂ ਮਿਲੀ। ਇਸਲਾਮ ਵੀ ਇਸੇ ਪ੍ਰਕਿਰਿਆ ਵਿਚੋਂ ਲੰਘਿਆ। ਵਿਆਪਕ ਪਛਾਣਾਂ ਉਸਰਨ ਕਾਰਨ ਸਾਂਝੀਆਂ ਸਮਾਜਿਕ ਰਵਾਇਤਾਂ ਤੇ ਰੋਜ਼ਮੱਰ੍ਹਾ ਦੀਆਂ ਭਾਸ਼ਾਵਾਂ ਹਾਸ਼ੀਏ 'ਤੇ ਧੱਕੀਆਂ ਗਈਆਂ। ਸਾਂਝੇ ਲੋਕ ਗੀਤ, ਕਥਾ, ਕਹਾਣੀਆਂ, ਵਿਸ਼ਵਾਸ, ਪ੍ਰਥਾਵਾਂ ਤੇ ਭਾਸ਼ਾਵਾਂ ਨੂੰ ਵਿਸਾਰ ਕੇ ਪਾਸੇ ਕਰ ਦਿੱਤਾ ਗਿਆ।

ਉਂਝ, ਹਾਲੇ ਵੀ ਬਹੁਤ ਕੁਝ ਹੈ ਜੋ ਦੋਵਾਂ ਫ਼ਿਰਕਿਆ ਨੂੰ ਜੋੜਦਾ ਹੈ। ਜਵਾਹਰ ਲਾਲ ਨਹਿਰੂ ਨੇ ਲਿਖਿਆ ਸੀ ਕਿ ਫ਼ਾਰਸੀ ਦੇ ਦਬਦਬੇ ਪਿੱਛੇ ਧਰਮ ਦੀ ਕੋਈ ਭੂਮਿਕਾ ਨਹੀਂ ਹੈ, ਤੇ ਇਸ ਨਾਲ ਸਬੰਧਿਤ ਭਾਸ਼ਾ ਅਤੇ ਰਵਾਇਤਾਂ ਹਜ਼ਾਰਾਂ ਸਾਲਾਂ ਦੇ ਸਮੇਂ ਦੌਰਾਨ ਭਾਰਤ ਆਈਆਂ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਉੱਤਰੀ ਭਾਰਤ 'ਤੇ ਆਪਣੀ ਛਾਪ ਛੱਡੀ। ਪੂਰਬ ਦਾ ਫ਼ਰਾਂਸ ਮੰਨਿਆ ਜਾਂਦਾ ਫ਼ਾਰਸ (ਇਰਾਨ) ਆਪਣੇ ਸੱਭਿਆਚਾਰ ਤੇ ਭਾਸ਼ਾ ਨੂੰ ਗੁਆਂਢੀਆਂ ਤੱਕ ਫ਼ੈਲਾ ਰਿਹਾ ਸੀ। ਅਦਾਲਤ, ਰਿਕਾਰਡ ਰੱਖਣ, ਕਾਵਿ ਤੇ ਸਾਹਿਤ, ਉੱਚ ਵਰਗ ਅਤੇ ਸ਼ਾਸਤਰੀ ਵਿੱਦਿਆ ਦੀ ਭਾਸ਼ਾ ਫ਼ਾਰਸੀ ਸੀ। ਬੰਗਾਲੀ ਨਵਚੇਤਨਾ ਦੇ ਮੋਢੀ ਰਾਜਾ ਰਾਮ ਮੋਹਨ ਰਾਏ ਨੇ ਜਦੋਂ ਆਪਣਾ ਪਹਿਲਾ ਸਾਹਿਤਕ ਕਾਰਜ 'ਤੁਹਫ਼ਤ-ਉਲ-ਮੁਵਾਹਿਦੀਨ' ਪ੍ਰਕਾਸ਼ਿਤ ਕੀਤਾ ਤਾਂ ਉਨ੍ਹਾਂ ਇਸ ਦਾ ਵਿਸ਼ਾ-ਵਸਤੂ ਫ਼ਾਰਸੀ ਵਿੱਚ ਅਤੇ ਭੂਮਿਕਾ ਅਰਬੀ ਵਿੱਚ ਲਿਖੀ। ਇਸਲਾਮਿਕ ਰਾਜ ਦੌਰਾਨ ਪ੍ਰਫੁੱਲਿਤ ਹੋਈਆਂ ਭਗਤੀ ਤੇ ਸੂਫ਼ੀ ਲਹਿਰਾਂ ਨੂੰ ਹੀ ਲੈ ਲਓ। ਉਨ੍ਹਾਂ ਧਾਰਮਿਕ ਰਹੁ-ਰੀਤਾਂ ਤੇ ਧਰਮ ਗੁਰੂਆਂ ਨੂੰ ਖਾਰਜ ਕੀਤਾ, ਬਰਾਬਰਤਾ ਦਾ ਪ੍ਰਚਾਰ ਕੀਤਾ ਤੇ ਬ੍ਰਹਮ 'ਚ ਲੀਨ ਹੋਣ ਦੀ ਇੱਛਾ ਪ੍ਰਗਟ ਕੀਤੀ। ਸਾਧੂ-ਸੰਤਾਂ ਨੇ ਸਾਨੂੰ ਦਿਖਾਇਆ ਕਿ ਇਸਲਾਮ ਤੇ ਹਿੰਦੂ ਧਰਮ ਦੀਆਂ ਦਾਰਸ਼ਨਿਕ ਨੀਂਹਾਂ ਇਕੋ ਹੀ ਸਨ। 'ਸੂਫ਼ੀ ਪੋਇਮਜ਼: ਏ ਮਿਡੀਵਲ ਐਂਥੋਲੌਜੀ' ਜਿਸ ਦਾ ਸੰਕਲਨ ਤੇ ਤਰਜਮਾ ਮਾਰਟਿਨ ਲਿੰਗਜ਼ ਨੇ ਕੀਤਾ ਹੈ, ਦਾ ਕਹਿਣਾ ਹੈ ਕਿ ਸਰਬ-ਉਚ ਹਸਤੀ ਬਾਰੇ ਹਿੰਦੂ ਧਰਮ ਦੇ ਭਾਵ ਵਰਗੇ ਭਾਵ ਹੋਰਨਾਂ ਧਰਮਾਂ ਵਿਚ ਵੀ ਮਿਲਦੇ ਹਨ। ਇਸਲਾਮ 'ਚ, ਜਿੱਥੇ ਸੂਫ਼ੀਵਾਦ ਸਭ ਤੋਂ ਗਹਿਰਾ ਪਹਿਲੂ ਹੈ, ਉੱਥੇ ਸੱਚ ਨੂੰ ਮਨਸੂਰ ਅਲ-ਹਲਾਜ ਨੇ ਸ਼ਾਇਰੀ 'ਚ ਪਰੋਇਆ ਹੈ: 'ਮੈਂ ਆਪਣੇ ਸਰਤਾਜ ਨੂੰ ਦਿਲ ਦੀ ਅੱਖ ਨਾਲ ਦੇਖਿਆ/ਮੈਂ ਕਿਹਾ: 'ਤੂੰ ਹੈ ਕੌਣ?' ਉਸ ਨੇ ਉੱਤਰ ਦਿੱਤਾ, 'ਤੂੰ ਹੀ ਤੂੰ''

ਵੱਖ-ਵੱਖ ਪਛਾਣ ਤੇ ਮੁਕਾਬਲੇ ਦਾ ਰਾਸ਼ਟਰਵਾਦ ਬਸਤੀਵਾਦੀ ਆਧੁਨਿਕਤਾ ਦੀ ਦੇਣ ਹਨ। ਇਸ ਨਾਲ ਅਲੱਗ-ਅਲੱਗ ਪਛਾਣਾਂ ਵਿਚਾਲੇ ਧੁੰਦਲੀਆਂ ਰੇਖਾਵਾਂ ਗੂੜ੍ਹੀਆਂ ਹੋਈਆਂ ਤੇ ਇਕ-ਦੂਜੇ ਦੇ ਵਿਰੋਧੀ ਧੜੇ ਪੈਦਾ ਕੀਤੇ ਗਏ। ਇਹ ਸ਼ਰਮ ਦੀ ਗੱਲ ਹੈ ਕਿ ਕਿਉਂਕਿ ਦੂਜੇ ਸੱਭਿਆਚਾਰਾਂ ਪ੍ਰਤੀ ਸੰਵੇਦਨਸ਼ੀਲਤਾ ਨਾਲ ਚੇਤਨਾ ਡੂੰਘੀ ਹੁੰਦੀ ਹੈ ਤੇ ਸਾਡੀ ਕਲਪਨਾ ਨੂੰ ਖੰਭ ਲੱਗਦੇ ਹਨ। ਅਸੀਂ ਆਜ਼ਾਦ ਹਾਂ ਕਿਉਂਕਿ ਅਸੀਂ ਉਨ੍ਹਾਂ ਬੰਧਨਾਂ ਤੋਂ ਉੱਪਰ ਉੱਠੇ ਹਾਂ ਜੋ ਸਾਨੂੰ ਦਬਾ ਰਹੇ ਸਨ, ਜਿਵੇਂ ਕਿ ਸੂਫ਼ੀ ਕਵੀ ਬੁੱਲ੍ਹੇ ਸ਼ਾਹ ਨੇ ਕੀਤਾ ਸੀ। ਉਨ੍ਹਾਂ ਚੇਤਿਆਂ 'ਚ ਵਸਣ ਵਾਲੇ ਸ਼ਬਦ ਕਹੇ: "ਬੁੱਲ੍ਹਾ ਕੀ ਜਾਣਾ ਮੈਂ ਕੌਣ... ਨਾ ਮੈਂ ਭੇਦ ਮਜ਼ਹਬ ਦਾ ਪਾਇਆ/ਨਾ ਮੈਂ ਆਦਮ ਹੱਵਾ ਜਾਇਆ/ਨਾ ਕੋਈ ਆਪਣਾ ਨਾਮ ਧਰਾਇਆ। ਦੂਜੇ ਪਾਸੇ, ਅਸੀਂ ਆਪਣੇ ਆਪ ਨੂੰ ਕਈ ਸੱਭਿਆਤਾਵਾਂ ਦਾ ਸੁਮੇਲ ਮੰਨਦੇ ਹਾਂ। ਉਰਦੂ ਦੇ ਸ਼ਾਇਰ ਹੁਸੈਨ ਹੈਦਰੀ ਨੇ ਲਿਖਿਆ: 'ਮੇਰੇ ਏਕ ਨਹੀਂ, ਸੌ ਚਿਹਰੇ ਹੈਂ/ਸੌ ਰੰਗ ਕੇ ਹੈਂ ਕਿਰਦਾਰ ਮੇਰੇ/ਸੌ ਕਲਮ ਸੇ ਲਿਖੀ ਕਹਾਨੀ ਹੂੰ/ਮੈਂ ਜਿਤਨਾ ਮੁਸਲਮਾਨ ਹੂੰ ਭਾਈ/ਮੈਂ ਉਤਨਾ ਹਿੰਦੁਸਤਾਨੀ ਹੂੰ।' ਅਸੀਂ ਉਹ ਭਾਰਤ ਚਾਹੁੰਦੇ ਹਾਂ ਜੋ ਸਾਨੂੰ 'ਕੁਝ ਹੋਣ ਜਾਂ ਨਾ ਹੋਣ' ਦੀ ਆਜ਼ਾਦੀ ਦੇਵੇ। ਜੋ ਕਿ ਅਸੀਂ ਉਦੋਂ ਹੀ ਹਾਸਿਲ ਕਰ ਸਕਦੇ ਹਾਂ ਜਦੋਂ ਅਸੀਂ ਘੜੀਆਂ ਗਈਆਂ ਭੇਦ-ਭਾਵ ਦੀਆਂ ਜੰਜੀਰਾਂ ਤੋਂ ਮੁਕਤ ਹੋਵਾਂਗੇ ਤੇ ਮੰਨਾਂਗੇ ਕਿ ਸਾਡੇ ਸਾਥੀ ਨਾਗਰਿਕ ਸਾਡੀ ਸਾਂਝੀ ਵਿਰਾਸਤ ਦਾ ਹਿੱਸਾ ਹਨ।

# ਦਲ ਬਦਲੂ ਅਤੇ ਦਲ ਬਦਲ ਵਿਰੋਧੀ ਕਾਨੂੰਨ



ਗੁਰਮੀਤ ਸਿੰਘ ਪਲਾਹੀ
9815802070

ਦੇਸ਼ ਵਿੱਚ ਦਲ ਬਦਲਣ ਦੀ ਖੇਡ 60 ਸਾਲ ਪੁਰਾਣੀ ਹੈ। ਅਸਲ ਵਿੱਚ ਦਲ ਬਦਲ 'ਸਿਆਸੀ ਦਿਲ' ਬਦਲਣ ਦੀ ਨਿਵੇਕਲੀ ਖੇਡ ਹੈ। ਇਹ ਕਦੇ ਇੱਕ ਪਾਰਟੀ ਵਿੱਚ ਆਦਰ-ਮਾਣ-ਸਨਮਾਨ ਨਾ ਮਿਲਣ ਤੋਂ ਨਿਰਾਸ਼ ਹੋਣ ਉਤੇ ਹੁੰਦਾ ਹੈ ਅਤੇ ਕਦੇ 'ਮਨ ਦੀ ਅਵਾਜ਼' ਸੁਨਣ 'ਤੇ। ਤਾਕਤ ਦੀ ਹਵਾ ਜਿਸ ਪਾਸੇ ਵੱਲ ਵੱਗਦੀ ਹੈ, ਦਲ ਬਦਲ ਵੀ ਉਸ ਪਾਰਟੀ ਵੱਲ ਵੱਧ ਹੁੰਦਾ ਹੈ। ਭਾਰਤ ਵਿੱਚ ਇਹ ਕਿਸੇ ਵੇਲੇ ਕਾਂਗਰਸ ਵੱਲ ਵੱਧ ਹੁੰਦਾ ਸੀ, ਹੁਣ ਭਾਜਪਾ ਵੱਲ ਜਿਆਦਾ ਹੈ।

ਦੇਸ਼ ਦੇ ਚੋਣ ਮਹਾਂਕੁੰਭ ਦਾ ਦ੍ਰਿਸ਼ ਇਸ ਵਰ੍ਹੇ ਨਿਰਾਲਾ ਹੈ। ਥੋਕ ਦੇ ਭਾਅ ਹੋ ਰਿਹਾ ਦਲ ਬਦਲ ਲੋਕਾਂ ਨੂੰ ਹੈਰਾਨ-ਪ੍ਰੇਸ਼ਾਨ ਕਰ ਰਿਹਾ ਹੈ। ਇੱਕ ਵਿਸ਼ਲੇਸ਼ਣ ਅਨੁਸਾਰ ਸਾਲ 2024 ਦੀਆਂ ਚੋਣਾਂ 'ਚ ਭਾਜਪਾ ਦਾ ਹਰ ਚੌਥਾ ਉਮੀਦਵਾਰ ਦਲ ਬਦਲੂ ਹੈ। ਭਾਜਪਾ ਹੁਣ ਤੱਕ 417 ਉਮੀਦਵਾਰ ਐਲਾਨ ਚੁੱਕੀ ਹੈ। ਇਹਨਾ ਵਿਚੋਂ 116 (28 ਫੀਸਦੀ ) ਉਹ ਉਮੀਦਵਾਰ ਹਨ, ਜੋ ਸਿਆਸੀ ਧਿਰ ਬਦਲ ਕੇ ਭਾਜਪਾ ਵੱਲ ਆਏ ਹਨ। ਇਹਨਾਂ 116 ਵਿਚੋਂ 37 ਕਾਂਗਰਸ ਵਿਚੋਂ ਆਏ ਹਨ।

ਇਸੇ ਤਰ੍ਹਾਂ 2016 ਤੋਂ 2020 ਦੇ ਦੌਰਾਨ ਐਮ.ਪੀ. ਅਤੇ ਐਮ ਐਲ ਏ ਵਿਚੋਂ ਸਿਆਸੀ ਧਿਰਾਂ ਬਦਲਣ ਦੀ ਰਿਪੋਰਟ ਸਾਹਮਣੇ ਆਈ ਸੀ, ਜਿਸ ਅਨੁਸਾਰ 405 ਵਿਧਾਇਕਾਂ ਅਤੇ 16 ਪਾਰਲੀਮੈਂਟ ਦੇ ਮੈਂਬਰਾਂ ਨੇ ਪਾਰਟੀ ਬਦਲੀ ਸੀ। ਦਲ ਬਦਲ ਕਰਨ ਵਾਲੇ 182 ਵਿਧਾਇਕ ਅਤੇ 10 ਐਮ.ਪੀ, ਭਾਜਪਾ 'ਚ ਸ਼ਾਮਲ ਹੋਏ।

ਜਦੋਂ ਕਦੇ ਕਾਂਗਰਸ ਦਾ ਸੂਰਜ ਚਮਕਦਾ ਸੀ, ਉਸ ਵੇਲੇ ਕਾਂਗਰਸ ਨੂੰ ਇਸ ਦਾ ਫਾਇਦਾ ਹੋਇਆ। ਸਾਲ 1957 ਤੋਂ 1967 ਦਰਮਿਆਨ 419 ਵਿਧਾਇਕ ਕਾਂਗਰਸ ਵਿੱਚ ਸ਼ਾਮਲ ਹੋਏ ਸਨ।

ਦਲ ਬਦਲ ਦੇ ਰੌਚਕ ਕਿੱਸਿਆਂ ਦਾ ਵਰਨਣ ਕਰਨਾ ਬਹੁਤ ਹੀ ਜ਼ਰੂਰੀ ਹੈ। ਮਹਾਂਰਾਸ਼ਟਰ ਵਿੱਚ 7 ਮਾਰਚ 1978 ਨੂੰ ਬਸੰਤ ਦਾਦਾ ਪਾਟਿਲ ਦੀ ਅਗਵਾਈ 'ਚ ਸਰਕਾਰ ਸੱਤਾ ਵਿੱਚ ਆਈ। 18 ਜੁਲਾਈ 1978 ਨੂੰ ਸ਼ਰਦ ਪਵਾਰ (ਦੇਸ਼ ਦੇ ਪ੍ਰਸਿੱਧ ਸਿਆਸੀ ਨੇਤਾ) ਦੁਪਿਹਰ ਵੇਲੇ ਵਿਧਾਨ ਸਭਾ 'ਚ ਪਾਟਿਲ ਸਰਕਾਰ ਦੇ ਹੱਕ 'ਚ ਕਸੀਦੇ ਪੜ੍ਹਦੇ ਨਜ਼ਰ ਆਏ, ਪਰੰਤੂ ਸ਼ਾਮ ਹੁੰਦਿਆਂ ਹੀ ਉਹ ਰਾਜ ਭਵਨ ਪੁੱਜੇ ਅਤੇ ਉਥੇ ਜਾਕੇ ਬਗਾਵਤ ਦੀ ਚਿੱਠੀ ਗਵਰਨਰ ਨੂੰ ਪੇਸ਼ ਕੀਤੀ ਅਤੇ ਫਿਰ ਖੁਦ ਮੁੱਖ ਮੰਤਰੀ ਬਣ ਗਏ।

ਹਰਿਆਣਾ ਵਿੱਚ ਭਜਨ ਲਾਲ ਨੇ ਸਿਆਸਤ ਕਾਂਗਰਸੀ ਵਜੋਂ ਸ਼ੁਰੂ ਕੀਤੀ, ਪ੍ਰੰਤੂ 1977 ਵਿੱਚ ਜਨਤਾ ਪਾਰਟੀ 'ਚ ਸ਼ਾਮਲ ਹੋ ਗਏ। ਹਰਿਆਣਾ ਦੀ ਦੇਵੀ ਲਾਲ ਸਰਕਾਰ ਵਿੱਚ ਉਹ ਮੰਤਰੀ ਬਣ ਗਏ। ਸਾਲ 1980 ਵਿੱਚ ਇੰਦਰਾ ਗਾਂਧੀ ਦੀ ਕੇਂਦਰ 'ਚ ਸੱਤਾ ਵਾਪਿਸੀ ਸਮੇਂ ਉਹ ਪੂਰੇ ਮੰਤਰੀ ਮੰਡਲ ਸਮੇਤ ਕਾਂਗਰਸ ਵਿੱਚ ਸ਼ਾਮਲ ਹੋ ਗਏ। (ਕੀ ਇਹ ਹਿਰਦੇ ਪ੍ਰੀਵਰਤਨ ਸੀ ਜਾਂ ਗੱਦੀ ਦੀ ਭੁੱਖ ?)

ਦਲ ਬਦਲ ਕਰਨ ਵਾਲਿਆਂ ਲਈ ਅਕਸਰ 'ਆਇਆ ਰਾਮ, ਗਿਆ ਰਾਮ' ਸ਼ਬਦਾਵਲੀ ਦੀ ਵਰਤੋਂ ਕੀਤੀ ਜਾਂਦੀ ਹੈ। ਅਸਲ 'ਚ 'ਗਿਆ ਰਾਮ' ਹਰਿਆਣਾ ਦੇ ਹਸਨਪੁਰ ਵਿਧਾਨ ਸਭਾ ਖੇਤਰ (ਹੁਣ ਹੋਡਲ) ਵਿੱਚ ਐਮ.ਐਲ.ਏ. ਸਨ, ਉਹਨਾਂ ਦੇ ਚੋਣ ਜਿੱਤਣ ਤੋਂ ਬਾਅਦ 15 ਦਿਨਾਂ 'ਚ ਚਾਰ ਵੇਰ ਆਪਣਾ ਦਲ ਬਦਲਿਆ। 1967 ਵਿੱਚ ਪਹਿਲੀ ਵੇਰ ਹਰਿਆਣਾ ਵਿਧਾਨ ਸਭਾ ਚੋਣਾਂ ਹੋਈਆਂ। ਇਸ ਵਿੱਚ 16 ਆਜ਼ਾਦ ਐਮ.ਐਲ.ਏ ਚੁਣੇ ਗਏ, ਇਹਨਾਂ ਵਿੱਚ ਗਿਆ ਰਾਮ ਇੱਕ ਸੀ। ਉਹ ਕਾਂਗਰਸ ਤੋਂ ਟਿਕਟ ਨਾ ਮਿਲਣ ਕਾਰਨ ਬਾਗੀ ਹੋ ਗਿਆ ਸੀ। ਪਰ ਫਿਰ ਚੋਣ ਜਿੱਤਕੇ ਕਾਂਗਰਸ 'ਚ ਸ਼ਾਮਲ ਹੋ ਗਿਆ। ਜਦ ਕਾਂਗਰਸ ਨੇ 48 ਸੀਟਾਂ ਲੈ ਕੇ ਵਜਾਰਤ ਬਣਾਈ, ਪਰ ਇਹ ਵਜਾਰਤ 10 ਦਿਨਾਂ ਬਾਅਦ ਹੀ ਡਿੱਗ ਪਈ। ਗਿਆ ਰਾਮ ਨੇ 12 ਵਿਧਾਇਕਾਂ ਨਾਲ ਰਲ ਕੇ ਪਾਰਟੀ ਛੱਡ ਦਿੱਤੀ ਅਤੇ ਯੁਨਾਈਟਿਡ ਫਰੰਟ 'ਚ ਸ਼ਾਮਲ ਹੋ ਗਏ। ਫਿਰ ਕੁਝ ਘੰਟਿਆਂ 'ਚ ਹੀ ਗਿਆ ਰਾਮ ਦਾ ਮਨ ਬਦਲ ਗਿਆ ਤੇ ਉਹ ਕਾਂਗਰਸ ਵਿੱਚ ਆ ਗਏ। ਪਰ ਕਾਂਗਰਸ ਵਿੱਚ ਉਹ ਸਿਰਫ਼ 9 ਘੰਟੇ ਟਿਕੇ ਅਤੇ ਕਾਂਗਰਸ ਛੱਡਕੇ ਮੁੜ ਯੁਨਾਈਟਿਡ ਫਰੰਟ 'ਚ ਚਲੇ ਗਏ। ਕਮਾਲ ਦੀ ਗੱਲ ਤਾਂ ਇਹ ਕਿ ਉਹਨਾਂ ਨੇ ਇੱਕ ਦਿਨ ਵਿੱਚ ਤਿੰਨ ਵੇਰ ਦਲ ਬਦਲਣ ਦਾ ਤਮਾਸ਼ਾ ਕੀਤਾ। ਕੁਝ ਦਿਨਾਂ ਬਾਅਦ ਫਿਰ ਉਹ ਕਾਂਗਰਸ ਵਿੱਚ ਸ਼ਾਮਲ ਹੋ ਗਏ। ਕਾਂਗਰਸ ਵਾਪਿਸੀ ਤੋਂ ਬਾਅਦ ਮੌਕੇ ਦੇ ਪ੍ਰਭਾਵਸ਼ਾਲੀ ਨੇਤਾ ਰਾਓ ਬਰੇਂਦਰ ਸਿੰਘ ਨੇ ਉਹਨਾ ਨੂੰ ਪ੍ਰੈੱਸ ਕਾਨਫਰੰਸ 'ਚ ਪੇਸ਼ ਕੀਤਾ ਤੇ ਕਿਹਾ 'ਗਿਆ ਰਾਮ ਹੁਣ ਆਇਆ ਰਾਮ ਹੈ' ਇਸ ਤੋਂ ਬਾਅਦ ਭਾਰਤੀ ਸਿਆਸਤ ਵਿੱਚ ਦਲ ਬਦਲੂਆਂ ਦੇ ਲਈ 'ਆਇਆ ਰਾਮ ਗਿਆ ਰਾਮ' ਦਾ ਮੁਹਾਵਰਾ ਬਣ ਗਿਆ।

ਸਾਲ 2014 ਤੋਂ ਹੁਣ ਤੱਕ ਕਾਂਗਰਸ ਦੇ 50 ਤੋਂ ਵੀ ਜ਼ਿਆਦਾ ਪ੍ਰਭਾਵਸ਼ਾਲੀ ਨੇਤਾ, ਜਿਹਨਾਂ ਵਿੱਚ 15 ਮੁੱਖ ਮੰਤਰੀ, ਇੰਨੇ ਹੀ ਕੇਂਦਰੀ ਮੰਤਰੀ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਜਾਂ ਅਹੁਦੇਦਾਰ, ਜਾਂ ਤਾਂ ਕਿਸੇ ਹੋਰ ਪਾਰਟੀ ਵਿੱਚ ਜਾ ਚੁੱਕੇ ਹਨ ਜਾਂ ਨਵੀਂ ਪਾਰਟੀ ਬਣਾ ਚੁੱਕੇ ਹਨ। ਇਹਨਾਂ ਵਿੱਚ ਐਸ.ਐਮ. ਕ੍ਰਿਸ਼ਨਨ, ਗੁਲਾਮ ਨਬੀ ਆਜ਼ਾਦ, ਕੈਪਟਨ ਅਮਰਿੰਦਰ ਸਿੰਘ, ਨਰਾਇਣ ਦੱਤ ਤਿਵਾੜੀ( ਮਰਹੂਮ) ਅਸ਼ੋਕ ਚੌਹਾਨ, ਪੇਮਾ ਖਾਡੂੰ, ਕਿਰਣ ਰੈਡੀ, ਵਿਜੈ ਬਹੁਗੁਣਾ, ਦਿਗੰਬਰ ਕਾਮਤ, ਰਵੀ ਨਾਇਕ, ਨਰਾਇਣ ਰਾਏ, ਮੁਕੁਲ ਸੰਗਮਾ ਸ਼ਾਮਲ ਹਨ। ਇਹਨਾਂ ਵਿੱਚੋਂ ਗੁਲਾਮ ਨਬੀ ਆਜ਼ਾਦ ਨੇ ਕਾਂਗਰਸ ਤੋਂ ਅਸਤੀਫ਼ਾ ਦਿੱਤਾ ਅਤੇ ਫਿਰ ਨਵੀਂ ਪਾਰਟੀ ਡੈਮੋਕਰੇਟਿਕ ਪ੍ਰੋਗਰੈਸਿਵ ਆਜ਼ਾਦ ਪਾਰਟੀ ਦਾ ਗਠਨ ਕੀਤਾ। ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦਾ ਪੂਰਾ ਪਰਿਵਾਰ, ਪਿਛਲੇ ਸੌ ਸਾਲ ਤੋਂ ਕਾਂਗਰਸ ਨਾਲ ਜੁੜਿਆ ਕਾਂਗਰਸੀ ਨੇਤਾ ਗੁਰਬੰਤਾ ਸਿੰਘ ਦਾ ਚੌਧਰੀ ਪਰਿਵਾਰ, ਧੁਰੰਤਰ ਕਾਂਗਰਸੀ ਨੇਤਾ ਬਲਰਾਮ ਜਾਖੜ ਦਾ ਪੁੱਤਰ ਸੁਨੀਲ ਜਾਖੜ, (ਜੋ ਸੂਬਾ ਕਾਂਗਰਸ ਦਾ ਪ੍ਰਧਾਨ ਰਿਹਾ) ਅਨੇਕਾਂ ਮੈਂਬਰ ਪਾਰਲੀਮੈਂਟ ਸਮੇਤ ਪੰਜਾਬ ਦੇ ਧੱਕੜ ਕਾਂਗਰਸੀ ਨੇਤਾ ਬੇਅੰਤ ਸਿੰਘ ਤਤਕਾਲੀ ਮੁੱਖ ਮੰਤਰੀ ਦਾ ਪੋਤਾ ਰਵਨੀਤ ਬਿੱਟੂ ਵੀ ਇਸ ਲਿਸਟ ਵਿੱਚ ਸ਼ਾਮਲ ਹਨ।

ਦੇਸ਼ ਦੇ ਹੋਰ ਸੂਬਿਆਂ ਨਾਲੋਂ ਵੱਧ ਹਰਿਆਣਾ ਦਲ ਬਦਲੂਆਂ ਦਾ ਕੇਂਦਰ ਰਿਹਾ ਹੈ। ਸਾਲ 1967 ਤੋਂ 1983 ਦੇ ਵਿਚਕਾਰ ਸੂਬੇ ਵਿੱਚ 2700 ਤੋਂ ਵੀ ਜ਼ਿਆਦਾ ਵੇਰ ਦਲ ਬਦਲ ਹੋਇਆ। ਅਨੇਕਾਂ ਦਲ ਬਦਲੂ ਮੁੱਖ ਮੰਤਰੀ ਦੀ ਕੁਰਸੀ ਤੱਕ ਪਹੁੰਚੇ।




ਹਰਿਆਣਾ ਵਿੱਚ ਇੰਨੇ ਵੱਡੇ ਪੈਮਾਨੇ 'ਤੇ ਦਲ ਬਦਲ ਨੇ ਇਸ ਸਬੰਧ ਵਿੱਚ ਕਿਸੇ ਕਾਨੂੰਨ ਦੀ ਲੋੜ ਮਹਿਸੂਸ ਕੀਤੀ ਅਤੇ ਅਖ਼ੀਰ ਕਾਫ਼ੀ ਕੋਸ਼ਿਸ਼ਾਂ ਬਾਅਦ ਸਾਲ 1985 ਵਿੱਚ 52 ਵੀਂ ਸੰਵਾਧਾਨਿਕ ਸੋਧ ਨਾਲ ਦਲ ਬਦਲੀ ਕਾਨੂੰਨ ਲਾਗੂ ਹੋ ਗਿਆ। ਉਸ ਵੇਲੇ ਦੇਸ਼ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ (ਸਪੁੱਤਰ ਇੰਦਰਾ ਗਾਂਧੀ) ਸਨ, ਜੋ 400 ਪਾਰਲੀਮੈਂਟਾਂ ਸੀਟਾਂ ਜਿੱਤ ਗਏ ਹਨ। ਇਸ ਗੱਲ ਦਾ ਖ਼ਦਸ਼ਾ ਪਾਲੀ ਬੈਠੇ ਸਨ ਕਿ ਉਹਨਾਂ ਦੀ ਪਾਰਟੀ 'ਚ ਭੰਨ-ਤੋੜ ਨਾ ਹੋ ਜਾਏ। ਇਸੇ ਕਰਕੇ ਉਹਨਾ ਨੇ ਦਲ ਬਦਲ ਰੋਕੂ ਕਾਨੂੰਨ ਬਣਾਉਣ ਲਈ ਤੇਜੀ ਵਰਤੀ।

1985 ਦੇ ਇਸ ਕਾਨੂੰਨ ਵਿੱਚ ਪ੍ਰਾਵਾਧਾਨ ਕੀਤਾ ਗਿਆ ਕਿ ਜੇਕਰ ਕੋਈ ਐਮ.ਐਲ.ਏ., ਐਮ.ਪੀ., ਆਪਣੀ ਪਾਰਟੀ ਛੱਡਕੇ ਕਿਸੇ ਹੋਰ ਪਾਰਟੀ 'ਚ ਸ਼ਾਮਲ ਹੁੰਦਾ ਹੈ ਤਾਂ ਉਸਦੀ ਸਦਨ ਵਿੱਚ ਮੈਂਬਰੀ ਖ਼ਤਮ ਹੋ ਜਾਏਗੀ। ਪਰ ਜੇਕਰ ਉਸ ਪਾਰਟੀ ਦੇ ਇੱਕ ਤਿਹਾਈ ਮੈਂਬਰ ਵੱਖਰਾ ਗੁੱਟ ਬਣਾਕੇ ਪਾਰਟੀ ਛੱਡਦੇ ਹਨ ਤਾਂ ਇਹ ਕਾਨੂੰਨ ਲਾਗੂ ਨਹੀਂ ਹੋਏਗਾ। ਸਾਲ 2003 ਵਿੱਚ ਇਸ ਕਾਨੂੰਨ 'ਚ ਸੋਧ ਕਰ ਦਿੱਤੀ ਗਈ, ਜਿਸ ਅਨੁਸਾਰ ਇਹ ਗਿਣਤੀ ਦੋ ਤਿਹਾਈ ਕਰ ਦਿੱਤੀ ਗਈ। ਜਿਸ ਨਾਲ ਇਸ ਕਾਨੂੰਨ ਦੀ ਪ੍ਰਸੰਗਕਿਤਾ ਬਹੁਤ ਘੱਟ ਗਈ ਹੈ। ਹੁਣ ਨੇਤਾ, ਸਦਨ ਵਿਚੋਂ ਆਪਣੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੰਦੇ ਹਨ, ਦੂਜੀ ਪਾਰਟੀ ਵਿੱਚ ਨਹੀਂ ਜਾਂਦੇ, ਸਗੋਂ ਸਾਂਝੇ ਤੌਰ 'ਤੇ ਅਸਤੀਫ਼ਾ ਦੇਕੇ ਉਸ ਪਾਰਟੀ ਦਾ ਸਦਨ ਵਿੱਚੋਂ ਬਹੁਮਤ ਨੂੰ ਖ਼ਤਮ ਕਰ ਦਿੰਦੇ ਹਨ। ਸਾਲ 2018 'ਚ ਮੱਧ ਪ੍ਰਦੇਸ਼ ਵਿੱਚ ਵੀ ਇੰਝ ਹੀ ਵਾਪਰਿਆ।

2018 ਵਿੱਚ ਮੱਧ ਪ੍ਰਦੇਸ਼ ਦੇਸ਼ 'ਚ ਕਮਲ ਨਾਥ ਨੇ 114 ਸੀਟਾਂ ਜਿੱਤਕੇ ਸਰਕਾਰ ਬਣਾਈ। ਭਾਜਪਾ ਨੂੰ 109 ਸੀਟਾਂ ਮਿਲੀਆਂ। ਕਾਂਗਰਸ ਦੇ 22 ਵਿਧਾਇਕਾਂ ਨੇ ਅਸਤੀਫ਼ਾ ਦੇ ਦਿੱਤਾ। ਕਾਂਗਰਸ ਵਜ਼ਾਰਤ ਘੱਟ ਗਿਣਤੀ 'ਚ ਰਹਿ ਗਈ।

(ਬਾਕੀ ਸਫ਼ਾ 31 'ਤੇ)

# ਭਾਰਤ ਦੀ ਫਿਰਕੂ ਤੇ ਨੈਤਿਕਤਾ ਤੋਂ ਵਾਂਝੀ ਲੀਡਰਸ਼ਿੱਪ ਬਨਾਮ ਜਮਹੂਰੀਅਤ ਦਾ ਘਾਣ

ਜੀਤ ਕੁਮਾਰ

ਭਾਰਤੀ ਲੋਕਤੰਤਰ ਨੂੰ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਵਜੋਂ ਜਾਣਿਆ ਜਾਂਦਾ ਹੈ ਪਰ ਬੀਤੇ ਕੁਝ ਸਾਲਾਂ ਤੋਂ ਸਾਡੀ ਸੰਸਦ ਜਨਤਾ ਦੇ ਸਵਾਲਾਂ ਨੂੰ ਲੈ ਕੇ ਕਿੰਨੀ ਲਾਚਾਰ ਅਤੇ ਬੇਵੱਸ ਹੈ, ਇਸ 'ਤੇ ਬਹਿਸ ਦੇਸ਼-ਦੁਨੀਆਂ ਵਿੱਚ ਹੋ ਰਹੀ ਹੈ। ਇਸ ਸਮੇਂ ਭਾਰਤ ਦੀ ਸੰਸਦ ਵਿੱਚ ਮੁੱਦਿਆਂ 'ਤੇ ਬਹਿਸ ਨਹੀਂ ਹੁੰਦੀ। ਬੀਤੇ ਕੁਝ ਦਹਾਕਿਆਂ ਤੋਂ ਪਹਿਲਾਂ ਲੋਕ ਮੁੱਦਿਆਂ ਅਤੇ ਦੇਸ਼ ਦੇ ਗੰਭੀਰ ਮਸਲਿਆਂ 'ਤੇ ਬਹਿਸਾਂ ਤੇ ਵਿਚਾਰ ਕੀਤੇ ਜਾਂਦੇ ਸਨ ਪਰ ਸੱਤਾ ਧਿਰ ਤੇ ਵਿਰੋਧੀ ਮੈਂਬਰ ਸੰਸਦ ਦੀ ਮਾਣ ਮਰਯਾਦਾ ਨੂੰ ਨਿੱਜੀ ਹਮਲਿਆਂ ਤੋਂ ਉੱਪਰ ਰੱਖਦੇ ਸਨ। ਇਸ ਵਕਤ ਜਿਸ ਤਰ੍ਹਾਂ ਸੰਸਦ ਮੈਂਬਰ ਇੱਕ ਦੂਜੇ ਪ੍ਰਤੀ ਸ਼ਬਦਾਂ ਦਾ ਇਸਤੇਮਾਲ ਕਰਦੇ ਹਨ, ਉਸ ਨੇ ਸੰਸਦ ਦੀ ਸਰਵ ਉੱਚਤਾ ਨੂੰ ਢਾਹ ਹੀ ਨਹੀਂ ਲਗਾਈ ਬਲਕਿ ਨੇਤਾਵਾਂ ਦੇ ਸ਼ਬਦਾਂ ਦਾ ਡਿਗ ਰਿਹਾ ਮਿਆਰ, ਜਨਤਾ ਪ੍ਰਤੀ ਬੇਰੁਖੀ ਨੇ ਸੰਸਦੀ ਪ੍ਰਣਾਲੀ ਨੂੰ ਵੱਡੀ ਸੱਟ ਮਾਰੀ ਹੈ।

ਇਸ ਸਮੇਂ ਦੇਸ਼ ਦੇ ਸਰਕਾਰੀ ਸਾਧਨਾਂ ਅਤੇ ਸਰਕਾਰੀ ਹੋ ਚੁੱਕੇ ਇਲੈਕਟ੍ਰਾਨਿਕ ਮੀਡੀਏ ਰਾਹੀਂ ਲੋਕ ਮੁੱਦਿਆਂ ਨੂੰ ਛੱਡ ਕੇ ਜਨਤਾ ਨੂੰ ਭਰਮਾਇਆ ਜਾ ਰਿਹਾ ਹੈ। ਸੰਸਦ ਅੰਦਰ, ਵਿਸ਼ੇਸ਼ ਕਰ ਸੱਤਾ ਦਾ ਸੁਖ ਮਾਣ ਰਹੀ ਧਿਰ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੂੰ ਵਿਚਾਰ ਪ੍ਰਗਟ ਕਰਨ ਨਹੀਂ ਦਿੰਦੀ ਅਤੇ ਜਾਣ ਬੁੱਝ ਕੇ ਰੌਲਾ ਰੱਪਾ ਪਾਇਆ ਜਾਂਦਾ ਹੈ। ਇਸ ਸਭ ਕਾਸੇ ਵਿੱਚ ਦੇਸ਼ ਦਾ ਮੁਖੀ ਵੀ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਉੱਤੇ ਘਟੀਆ ਸ਼ਬਦ ਬੋਲਣ ਤੋਂ ਗੁਰੇਜ਼ ਨਹੀਂ ਕਰਦਾ ਜਦੋਂ ਕਿ ਉਸ ਨੂੰ ਸਰਕਾਰ ਦੇ ਸਰਬਉੱਚ ਅਹੁਦੇ ਅਤੇ ਸੰਸਦ ਦੀ ਮਰਯਾਦਾ ਰੱਖਣੀ ਬਣਦੀ ਹੈ। ਸੰਸਦ ਵਿੱਚ ਸੱਤਾ ਧਿਰ ਸਰਕਾਰ ਦੀ ਹਰ ਕਹਾਣੀ ਨੂੰ ਦੇਸ਼ ਪ੍ਰੇਮ ਨਾਲ ਜੋੜਦੇ ਹਨ ਅਤੇ ਵਿਰੋਧੀ ਧਿਰ ਦੇ ਹਰੇਕ ਸਵਾਲ ਨੂੰ ਦੇਸ਼ ਧਿਰੋਹ ਨਾਲ ਜੋੜ ਦਿੱਤਾ ਜਾਂਦਾ ਹੈ। ਸੰਸਦ ਦੀ ਮਾਣ ਮਰਯਾਦਾ ਪ੍ਰਤੀ ਸਰਕਾਰ ਕਿੰਨੀ ਗੰਭੀਰ ਹੈ, ਇਸ ਗੱਲ ਤੋਂ ਭਲੀਭਾਂਤ ਜਾਣਿਆ ਜਾ ਸਕਦਾ ਹੈ ਕਿ ਬੀਤੇ ਮੌਨਸੂਨ ਇਜਲਾਸ ਸਮੇਂ ਦੌਰਾਨ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੂੰ ਵੱਡੀ ਗਿਣਤੀ ਵਿੱਚ ਇਜਲਾਸ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਅਤੇ ਕਈ ਬਿੱਲ ਬਿਨਾਂ ਬਹਿਸ ਕੀਤੇ ਧੜਾਧੜ ਪਾਸ ਕਰ ਦਿੱਤੇ ਗਏ। ਵਰਣਨਯੋਗ ਹੈ ਕਿ ਮੌਨਸੂਨ ਇਜਲਾਸ ਦੇ ਪਹਿਲੇ ਹਫਤੇ ਇੱਕ ਵੀ ਬਿੱਲ ਪਾਸ ਨਹੀਂ ਹੋ ਸਕਿਆ ਪਰ ਅਖਿਰਲੇ 8 ਦਿਨਾਂ ਵਿੱਚ 22 ਬਿੱਲ ਬਿਨਾਂ ਬਹਿਸ ਕਰਵਾਏ ਪਾਸ ਕਰ ਦਿੱਤੇ ਗਏ। ਇਸ ਹਿਸਾਬ ਨਾਲ ਇੱਕ ਬਿੱਲ ਨੂੰ ਪਾਸ ਕਰਨ ਵਿੱਚ 10 ਮਿੰਟ ਲੱਗੇ ਅਤੇ ਇੰਨੇ ਘੱਟ ਸਮੇਂ ਵਿੱਚ ਪਾਸ ਕੀਤੇ ਗਏ




ਬਿੱਲਾਂ ਵਿੱਚ ਕਈ ਤਰੁੱਟੀਆਂ ਅਤੇ ਚੋਰ-ਮੋਰੀਆਂ ਹੋ ਸਕਦੀਆਂ ਹਨ, ਜਿਹੜੀਆਂ ਅੱਗੇ ਜਾ ਕੇ ਦੇਸ਼ ਅਤੇ ਲੋਕਾਂ ਦਾ ਨੁਕਸਾਨ ਕਰ ਸਕਦੀਆਂ ਹਨ। ਅਜਿਹਾ ਵਰਤਾਰਾ ਸੰਸਦੀ ਪ੍ਰਣਾਲੀ ਅਤੇ ਲੋਕਤੰਤਰ ਲਈ ਖਤਰਨਾਕ ਹੈ ਜਿਸ ਵਿੱਚ ਕਿਸੇ ਬਿੱਲ 'ਤੇ ਵੋਟਿੰਗ ਨਾ ਕਰਵਾ ਕੇ, ਸੱਤਾ ਧਿਰ ਦੇ ਮੈਂਬਰਾਂ ਵੱਲੋਂ ਰੌਲਾ ਰੱਪਾ ਪਾ ਕੇ ਮੂੰਹ ਜ਼ੁਬਾਨੀ ਅਤੇ ਹੱਥ ਖੜ੍ਹੇ ਕਰਵਾ ਕੇ ਕਾਰਵਾਈ ਨੂੰ ਸਿਰੇ ਲਾਇਆ ਜਾ ਰਿਹਾ ਹੈ।

ਹੁਣ ਸਵਾਲ ਉੱਠਦਾ ਹੈ ਕਿ ਸੰਸਦ ਦੀ ਘਟ ਰਹੀ ਮਰਯਾਦਾ, ਨੇਤਾਵਾਂ ਦੇ ਸ਼ਬਦੀ ਚਰਿੱਤਰ ਅਤੇ ਜਨਤਾ ਪ੍ਰਤੀ ਬੇਰੁਖੀ ਵਿੱਚ ਗਿਰਾਵਟ ਕਿਉਂ ਆ ਰਹੀ ਹੈ? ਇਸ ਗੱਲ ਤੋਂ ਵੀ ਸਪਸ਼ਟ ਹੋ ਜਾਂਦਾ ਹੈ ਕਿ 29 ਜਨਵਰੀ ਤੋਂ 9 ਫਰਵਰੀ ਅਤੇ 5 ਮਾਰਚ ਤੋਂ 6 ਅਪਰੈਲ ਤਕ 42 ਦਿਨਾਂ ਦੌਰਾਨ ਬੱਜਟ ਸੈਸ਼ਨ ਦੌਰਾਨ ਕੁੱਲ 29 ਬੈਠਕਾਂ ਵਿੱਚ ਲਗਭਗ 34 ਘੰਟੇ ਕਾਰਵਾਈ ਹੀ ਚਲਾਈ ਜਾ ਸਕੀ ਅਤੇ ਲਗਭਗ 128 ਘੰਟੇ ਹੰਗਾਮੇ ਅਤੇ ਜਬਰਦਸਤੀ ਚਲਾਈ ਕਾਰਵਾਈ ਦੀ ਭੇਂਟ ਚੜ੍ਹ ਗਏ, ਜਿਸ ਦੌਰਾਨ 580 ਪੁੱਛੇ ਗਏ ਜਿਨ੍ਹਾਂ ਵਿੱਚੋਂ ਸਿਰਫ 17 ਸਵਾਲਾਂ ਦੇ ਤਫਸੀਲ ਨਾਲ ਜਵਾਬ ਦਿੱਤੇ ਗਏ। ਬਾਕੀ ਦੇ ਸਵਾਲ ਰੌਲੇ ਰੱਪੇ ਵਿੱਚ ਗੁੰਮ ਹੋ ਗਏ। ਅਜਿਹੇ ਵਰਤਾਰੇ ਦੌਰਾਨ ਸਵਾਲ ਉੱਠਦਾ ਹੈ ਕਿ ਦੁਨੀਆਂ ਵਿੱਚ ਸਭ ਤੋਂ ਵੱਡਾ ਕਿਹਾ ਜਾਣ ਵਾਲਾ ਲੋਕਤੰਤਰ, ਸੰਸਦ ਅੰਦਰ ਸਵਾਲਾਂ ਅਤੇ ਬਹਿਸ ਤੋਂ ਕਿਉਂ ਭੱਜ ਰਿਹਾ ਹੈ? ਸਵੀਡਨ ਦੀ ਗੋਟੇਨਬਰਗ ਯੂਨੀਵਰਸਿਟੀ ਨਾਲ ਜੁੜੀ ਵੀ ਡੈਮ ਇੰਸਟੀਚਿਊਟ ਦੀ ਇੱਕ ਰਿਪੋਰਟ ਵਿੱਚ ਦੁਨੀਆਂ ਦੇ 179 ਦੇਸ਼ਾਂ ਵਿੱਚੋਂ ਭਾਰਤੀ ਲੋਕਤੰਤਰ ਨੂੰ 90ਵਾਂ ਸਥਾਨ ਦਿੱਤਾ ਗਿਆ ਹੈ।

ਇੱਥੇ ਇੱਕ ਸਵਾਲ ਹੋਰ ਉੱਠਦਾ ਹੈ ਕਿ ਸਾਡਾ ਲੋਕਤੰਤਰ ਇੰਨੀਆਂ ਨਿਮਾਣਾ ਵਿੱਚ ਕਿਉਂ ਪਹੁੰਚ ਗਿਆ ਅਤੇ ਇਸ ਸਭ ਕਾਸੇ ਲਈ ਕੌਣ ਜ਼ਿੰਮੇਵਾਰ ਹੈ? ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਇਸਦੀ ਪਹਿਲੀ ਸੰਸਦ ਦੇ ਮੈਂਬਰਾਂ ਵਿੱਚ ਬਹੁਤ ਸਾਰੇ ਵਕੀਲ ਅਤੇ ਆਜ਼ਾਦੀ ਦੀ ਲੜਾਈ ਵਿੱਚ ਹਿੱਸਾ ਲੈਂਦੇ ਰਹੇ ਰਾਜਨੀਤਕ ਲੋਕ ਸ਼ਾਮਿਲ ਸਨ। ਪਰ ਅਜਿਹਾ ਲੰਮੇ ਸਮੇਂ ਤਕ ਨਾ ਚੱਲ ਸਕਿਆ ਅਤੇ 1962 ਦੀਆਂ ਤੀਜੀਆਂ ਆਮ ਚੋਣਾਂ ਵਿੱਚ ਕਈ ਅਪਰਾਧੀ ਕਿਸਮ ਦੇ ਲੋਕ ਚੋਣਾਂ ਜਿੱਤ ਕੇ ਸੰਸਦ ਵਿੱਚ ਪਹੁੰਚ ਗਏ। ਇਸ ਤੋਂ ਬਾਅਦ ਅਜਿਹੇ ਲੋਕਾਂ ਦਾ ਭਾਰਤੀ ਸਿਆਸਤ ਵਿੱਚ ਬੋਲ ਬਾਲਾ ਵਧਣ ਲੱਗ ਗਿਆ ਅਤੇ 1980 ਦੀਆਂ ਚੋਣਾਂ ਵਿੱਚ ਅਪਰਾਧ ਦਾ ਰਾਜਨੀਤੀਕਰਨ ਸਭ ਤੋਂ ਵੱਧ ਹੋਇਆ ਅਤੇ ਹਰੇਕ ਪਾਰਟੀ ਨੇ ਸੰਸਦ ਵਿੱਚ ਆਪਣੇ ਮੈਂਬਰਾਂ ਦੀ ਗਿਣਤੀ ਵਧਾਉਣ ਲਈ ਅਪਰਾਧੀ ਕਿਸਮ ਦੇ ਲੋਕਾਂ ਅਤੇ ਬਾਹੂਬਲੀਆਂ ਨੂੰ ਟਿਕਟਾਂ ਦੇਣ ਤੋਂ ਗੁਰੇਜ਼ ਨਹੀਂ ਕੀਤਾ। ਇਸ ਤਰ੍ਹਾਂ ਸੰਸਦੀ ਪ੍ਰੰਪਰਾ ਦੇ ਪਤਨ ਦਾ ਦੌਰ ਲਗਾਤਾਰ ਚਲਦਾ ਰਿਹਾ ਅਤੇ 2014 ਵਿੱਚ ਵੱਡੀ ਪੱਧਰ 'ਤੇ ਅਜਿਹੇ ਲੋਕਾਂ ਨੂੰ ਚੋਣਾਂ ਲਈ ਟਿਕਟਾਂ ਦਿੱਤੀਆਂ ਗਈਆਂ ਜਿਹੜੇ ਗੁੰਡਾਗਰਦੀ ਅਤੇ ਧੱਕੇਸ਼ਾਹੀ ਨਾਲ ਆਸਾਨੀ ਨਾਲ ਚੋਣਾਂ ਜਿੱਤ ਸਕਦੇ ਸਨ।

ਅਜਿਹੇ ਵਰਤਾਰੇ ਦੌਰਾਨ ਸਪਸ਼ਟ ਹੋ ਜਾਂਦਾ ਹੈ ਕਿ ਬਾਹੂਬਲੀ ਪ੍ਰਵਿਰਤੀ ਵਾਲੇ ਜਿੱਤ ਕੇ ਸੰਸਦ ਵਿੱਚ ਪਹੁੰਚੇ ਮੈਂਬਰ ਸਦਨ ਅੰਦਰ ਕਿਸ ਤਰ੍ਹਾਂ ਦਾ ਵਰਤਾਓ ਕਰਦੇ ਹਨ। ਇਸੇ ਕਾਰਨ ਸੰਸਦੀ ਕਾਰਵਾਈ ਦੌਰਾਨ ਮੈਂਬਰਾਂ ਦੁਆਰਾ ਤਲਖੀ ਭਰੇ ਲਹਿਜ਼ੇ ਅਤੇ ਗੈਰ ਸੰਸਦੀ ਭਾਸ਼ਾ ਵਰਤਣ ਕਰਕੇ ਕਈ ਵਾਰ ਸੰਸਦ ਦੀ ਕਾਰਵਾਈ ਠੱਪ ਹੋ ਜਾਂਦੀ ਹੈ। ਬਹੁਤੀ ਵਾਰ ਕਿਸੇ ਬਿੱਲ 'ਤੇ ਵਿਚਾਰ ਚਰਚਾ ਨਹੀਂ ਹੁੰਦੀ, ਬਲਕਿ ਸੰਸਦ ਮੈਂਬਰ ਕੀ ਬੋਲ ਰਿਹਾ ਹੈ, ਖਾਸ ਕਰ ਜਦੋਂ ਸੱਤਾ ਧਿਰ ਦਾ ਕੋਈ ਮੈਂਬਰ ਗੈਰ ਸੰਸਦੀ ਭਾਸ਼ਾ ਵਰਤ ਰਿਹਾ ਹੁੰਦਾ ਹੈ ਤਾਂ ਉਸ ਪਾਰਟੀ ਦੇ ਮੈਂਬਰ ਬਿਨਾਂ ਸੋਚੇ ਸਮਝੇ ਮੇਜ਼ ਥਪਥਪਾ ਕੇ ਉਸ ਦੀ ਹੌਸਲਾ ਅਫਜ਼ਾਈ ਕਰਦੇ ਹਨ। ਰਮੇਸ਼ ਬਿਧੂੜੀ ਦੁਆਰਾ ਵਰਤੀ ਗਈ ਸ਼ਬਦਾਵਲੀ ਸਭ ਨੂੰ ਯਾਦ ਹੋਵੇਗੀ। ਭਾਰਤੀ ਸੰਸਦ ਅੰਦਰ ਅਜਿਹੀ ਮਾਨਸਿਕਤਾ ਵਾਲੇ ਮੈਂਬਰਾਂ ਦੀ ਲਿਸਟ ਲੰਮੀ ਹੋ ਸਕਦੀ ਹੈ।

(ਬਾਕੀ ਸਫ਼ਾ 31 'ਤੇ)

## 1 ਮਈ ਨੂੰ ਮਜ਼ਦੂਰ ਦਿਵਸ 'ਤੇ ਵਿਸ਼ੇਸ਼



ਬਰਜਿੰਦਰ ਕੌਰ ਬਿਸਰਾਓ

# ਏਹੁ ਹਮਾਰਾ ਜੀਵਣਾ

ਸੰਸਾਰ ਵਿੱਚ ਕਿਰਤੀ, ਕਾਮੇ ਜਾਂ ਮਜ਼ਦੂਰ ਛੋਟੀ ਤੋਂ ਛੋਟੀ ਇਕਾਈ ਤੋਂ ਲੈ ਕੇ ਵੱਡੇ ਤੋਂ ਵੱਡੇ ਨਿਰਮਾਣ ਦਾ ਥੰਮ੍ਹ ਹੁੰਦੇ ਹਨ। ਜੇ ਸਾਰੀ ਦੁਨੀਆਂ ਅਮੀਰ ਅਤੇ ਸਰਮਾਏਦਾਰ ਲੋਕਾਂ ਦੀ ਬਣ ਜਾਵੇ ਤਾਂ ਦੁਨੀਆਂ ਦੇ ਦਰਵਾਜ਼ਿਆਂ ਦੇ ਮੂੰਹ ਬੰਦ ਗਲੀਆਂ ਵੱਲ ਹੋ ਜਾਣਗੇ। ਸਾਰੀ ਦੁਨੀਆਂ ਦੀ ਪ੍ਰਗਤੀ ਇਹਨਾਂ ਥੰਮ੍ਹਾਂ ਉੱਪਰ ਹੀ ਖੜ੍ਹੀ ਹੈ। ਇਸ ਲਈ ਕਿਸੇ ਵੀ ਸਮਾਜ ਵਿੱਚ, ਦੇਸ਼ ਵਿੱਚ, ਸੰਸਥਾ ਵਿੱਚ, ਅਤੇ ਉਦਯੋਗ ਵਿੱਚ ਕਿਰਤੀਆਂ, ਮਜ਼ਦੂਰਾਂ, ਕਾਮਿਆਂ ਅਤੇ ਮਿਹਨਤਕਸ਼ ਲੋਕਾਂ ਦਾ ਅਹਿਮ ਰੋਲ ਹੁੰਦਾ ਹੈ। ਉਹਨਾਂ ਦੀ ਵੱਡੀ ਗਿਣਤੀ ਆਪਣੇ ਆਪਣੇ ਖ਼ੇਤਰ ਦੀ ਕਾਮਯਾਬੀ ਲਈ ਹੱਥੀਂ ਕਿਰਤ ਨਾਲ, ਅਕਲ ਨਾਲ, ਗਿਆਨ ਨਾਲ ਅਤੇ ਤਨਦੇਹੀ ਨਾਲ ਜੀ ਜਾਨ ਲਗਾ ਰਹੀ ਹੁੰਦੀ ਹੈ। ਕਿਸੇ ਵੀ ਖੇਤਰ ਦੀ ਕਾਮਯਾਬੀ ਲਈ ਮਾਲਕ, ਸਰਮਾਏਦਾਰ ਅਤੇ ਸਰਮਾਇਆ, ਕਾਮੇ ਅਤੇ ਸਰਕਾਰ ਨਿਰਮਾਣ ਪੱਖ ਹੁੰਦੇ ਹਨ। ਕਾਮਿਆਂ ਜਾਂ ਕਿਰਤੀਆਂ ਤੋਂ ਬਿਨਾਂ ਕੋਈ ਵੀ ਸਨਅਤੀ ਢਾਂਚਾ ਨਾ ਖੜਾ ਕੀਤਾ ਜਾ ਸਕਦਾ ਹੈ ਨਾ ਕੀਤਾ ਹੋਇਆ ਖੜ੍ਹਾ ਢਾਂਚਾ ਖੜ੍ਹਾ ਰਹਿ ਸਕਦਾ ਹੈ।

ਸਿੱਖ ਧਰਮ ਵਿੱਚ ਤਾਂ ਕਿਰਤ ਅਤੇ ਕਿਰਤੀ ਦੀ ਅਹਿਮੀਅਤ ਦੇ ਗੁਣਗਾਨ ਕਰਕੇ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਕਿਰਤ ਕਰਨ 'ਤੇ ਜ਼ੋਰ ਦਿੱਤਾ ਸੀ। ਭਾਈ ਲਾਲੋ ਦੀ ਉਦਾਹਰਣ ਦੇ ਕੇ ਸੱਚੀ ਦਸਾਂ ਨੌਂਹਾਂ ਦੀ ਕਿਰਤ ਕਰਨ ਦੀ ਸਿੱਖਿਆ




ਦਿੱਤੀ ਸੀ। ਜੇ ਆਪਾਂ ਮਈ ਦਿਵਸ ਜਾਂ ਮਜ਼ਦੂਰ ਦਿਵਸ ਦੀ ਗੱਲ ਕਰੀਏ ਤਾਂ ਇਹ ਦਿਵਸ ਵੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਦੀ ਪੈਰਵੀ ਕਰਦਾ ਹੈ। ਇਹ ਦਿਨ ਵੀ ਕਿਰਤੀਆਂ, ਕਾਮਿਆਂ ਅਤੇ ਮਜ਼ਦੂਰਾਂ ਨੂੰ ਸਮਰਪਿਤ ਦਿਵਸ ਹੈ। ਚਾਹੇ ਇਸ ਦਾ ਇਤਿਹਾਸਕ ਪਿਛੋਕੜ ਹੋਰ ਰਿਹਾ ਹੋਵੇਗਾ ਪਰ ਸਿਧਾਂਤ ਉਹੀ ਹੈ।

ਭਾਰਤ ਵਿੱਚ ਪਹਿਲਾਂ ਮਦਰਾਸ ਵਿੱਚ ਇੱਕ ਮਈ 1923 ਨੂੰ ਮਨਾਉਣਾ ਸ਼ੁਰੂ ਕੀਤਾ ਗਿਆ ਸੀ। ਉਸ ਸਮੇਂ ਇਸ ਨੂੰ ਮਦਰਾਸ ਦਿਵਸ ਵਜੋਂ ਪ੍ਰਵਾਨਿਤ ਕਰ ਲਿਆ ਗਿਆ ਸੀ। ਇਸ ਦੀ ਸ਼ੁਰੂਆਤ ਭਾਰਤੀ ਮਜ਼ਦੂਰ ਕਿਸਾਨ ਪਾਰਟੀ ਦੇ ਨੇਤਾ ਕਾਮਰੇਡ ਸਿੰਗਾਰਾਵੇਲੂ ਚੇਟਿਆਰ ਨੇ ਸ਼ੁਰੂ ਕੀਤੀ ਸੀ। ਮਦਰਾਸ ਦੇ ਹਾਈਕੋਰਟ ਸਾਹਮਣੇ ਇੱਕ ਵੱਡਾ ਮੁਜ਼ਾਹਰਾ ਕਰ ਕੇ ਇੱਕ ਮਤਾ ਪਾਸ ਕਰ ਕੇ ਇਹ ਸਹਿਮਤੀ ਬਣਾਈ ਗਈ ਕਿ ਇਸ ਦਿਵਸ ਨੂੰ ਭਾਰਤ ਵਿੱਚ ਵੀ ਕਾਮੇ ਦਿਵਸ ਵਜੋਂ ਮਨਾਇਆ ਜਾਵੇ ਅਤੇ ਇਸ ਦਿਨ ਛੁੱਟੀ ਦਾ ਐਲਾਨ ਕੀਤਾ ਜਾਵੇ।

ਜਦ ਕਿ ਇਸਦੀ ਸ਼ੁਰੂਆਤ 1886 ਵਿੱਚ ਸ਼ਿਕਾਗੋ ਵਿੱਚ ਉਸ ਸਮੇਂ ਹੋਈ ਸੀ, ਜਦੋਂ ਮਜ਼ਦੂਰਾਂ ਦੇ ਹੋ ਰਹੇ ਸ਼ੋਸ਼ਣ ਨੂੰ ਰੋਕਣ ਲਈ ਮਜ਼ਦੂਰ ਇਕੱਠੇ ਹੋਕੇ ਮੰਗ ਕਰ ਰਹੇ ਸਨ ਕਿ ਇੱਕ ਦਿਹਾੜੀ ਵਿੱਚ ਕੰਮ ਦੇ ਘੰਟੇ 8 ਘੰਟੇ ਹੋਣ ਅਤੇ ਹਫਤੇ ਵਿੱਚ ਇੱਕ ਦਿਨ ਦੀ ਛੁੱਟੀ ਹੋਵੇ। ਇਸ ਦੌਰਾਨ ਇੱਕ ਅਣਪਛਾਤੇ ਵਿਅਕਤੀ ਨੇ ਬੰਬ ਚਲਾ ਦਿੱਤਾ ਅਤੇ ਬਾਅਦ ਵਿੱਚ ਪੁਲਿਸ ਫਾਈਰਿੰਗ ਵਿੱਚ ਕੁਝ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਕੁਝ ਪੁਲਿਸ ਵਾਲੇ ਵੀ ਮਾਰੇ ਗਏ। ਇਸ ਤੋਂ ਬਾਅਦ 1889 ਵਿੱਚ ਪੈਰਿਸ ਵਿੱਚ ਅੰਤਰਰਾਸ਼ਟਰੀ ਮਹਾਂਸਭਾ ਦੀ ਦੂਜੀ ਬੈਠਕ ਵਿੱਚ ਫਰੈਂਚ ਕ੍ਰਾਂਤੀ ਨੂੰ ਯਾਦ ਕਰਦੇ ਹੋਏ ਇੱਕ ਪ੍ਰਸਤਾਵ ਪਾਸ ਕੀਤਾ ਗਿਆ ਕਿ ਇਸਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਵੇ। ਭਾਰਤ ਸਮੇਤ ਲਗਪਗ 80 ਮੁਲਕਾਂ ਵਿੱਚ ਇਹ ਦਿਵਸ ਪਹਿਲੀ ਮਈ ਨੂੰ ਮਨਾਇਆ ਜਾਂਦਾ ਹੈ। ਹੁਣ ਇਸ ਦਿਨ ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ।

ਜੇ ਮਜ਼ਦੂਰਾਂ ਜਾਂ ਕਿਰਤੀਆਂ ਦੇ ਹੱਕਾਂ 'ਤੇ ਝਾਤੀ ਮਾਰੀਏ ਤਾਂ ਸਮੇਂ ਸਮੇਂ ਤੇ ਉਹਨਾਂ ਦੇ ਹੱਕਾਂ ਨੂੰ ਕੁਚਲਣ ਲਈ ਸਰਮਾਏਦਾਰ ਲੋਕਾਂ ਵੱਲੋਂ ਮਜ਼ਦੂਰਾਂ ਨੂੰ ਵੀ ਦੋ ਧੜਿਆਂ ਵਿੱਚ ਵੰਡ ਕੇ ਇੱਕ ਧੜਾ ਆਪਣੇ ਨਾਲ ਖੜ੍ਹਾ ਕਰਕੇ ਕਈ ਹੱਥਕੰਡੇ ਅਪਨਾਏ ਜਾਂਦੇ ਰਹੇ ਹਨ। ਕਿਰਤੀਆਂ ਨੂੰ ਆਪਣੇ ਇਤਿਹਾਸ ਨੂੰ ਜਾਨਣਾ, ਆਪਣੀ ਤਾਕਤ ਨੂੰ ਪਹਿਚਾਨਣਾ ਪਵੇਗਾ, ਆਪਣੀ ਆਪਣੀ ਆਪਣੀ ਸ਼੍ਰੇਣੀ ਦੇ ਆਧਾਰ 'ਤੇ ਇੱਕਮੁੱਠ ਹੋ ਕੇ ਸਰਮਾਏਦਾਰਾਂ ਜਾਂ ਮਾਲਕਾਂ ਦੀ ਗੁਲਾਮੀ ਖ਼ਿਲਾਫ਼ ਲੜਨ ਲਈ ਇੱਕਮੁੱਠ ਹੋਣਾ ਪਵੇਗਾ । ਬੇਸ਼ੱਕ ਸਰਕਾਰ ਵੱਲੋਂ ਮਜ਼ਦੂਰਾਂ ਦੀ ਭਲਾਈ ਲਈ ਵੱਖ ਵੱਖ ਵਿਭਾਗ ਬਣਾਏ ਗਏ ਹਨ ਪਰ ਮਜ਼ਦੂਰਾਂ ਦੇ ਇਨਸਾਫ਼ ਅਤੇ ਭਲਾਈ ਲਈ ਬਣਾਏ ਗਏ ਬੋਰਡ ਅਤੇ ਵਿਭਾਗ ਵੀ ਬਹੁਤੀ ਵਾਰ ਮਜ਼ਦੂਰਾਂ ਦੀ ਥਾਂ ਅਪਣੇ ਹੀ ਅਧਿਕਾਰੀਆਂ ਅਤੇ ਆਗੂਆਂ ਦਾ ਭਲਾ ਕਰਨ ਵਿੱਚ ਲਾਭ ਮਹਿਸੂਸ ਕਰਦੇ ਹੋਏ ਪੱਖਪਾਤੀ ਰਾਜਨੀਤੀ ਕਰਦੇ ਹਨ। ਕਿਰਤੀਆਂ ਦੇ ਸੰਘਰਸ਼ਾਂ ਦੀਆਂ ਕਹਾਣੀਆਂ ਤੋਂ ਜੱਗ ਜ਼ਾਹਰ ਹੈ ਕਿ ਸਰਕਾਰਾਂ ਮਜ਼ਦੂਰਾਂ ਦੀ ਸੁਰੱਖਿਆ ਲਈ ਕਿੰਨੀ ਕੁ ਗੰਭੀਰ ਹਨ।

ਅੱਜ ਵੀ ਕਰੋੜਾਂ ਮਜ਼ਦੂਰਾਂ ਨੂੰ ਅਜੇ ਤੱਕ ਮਈ ਦਿਵਸ ਅਤੇ ਇਸ ਦੀ ਮਹੱਤਤਾ ਬਾਰੇ ਪੂਰੀ ਜਾਣਕਾਰੀ ਨਹੀਂ ਹੈ । ਲੱਖਾਂ ਕਰੋੜਾਂ ਮਜ਼ਦੂਰਾਂ ਲਈ ਮਜ਼ਦੂਰ ਦਿਵਸ ਦੇ ਮਹੱਤਵ ਦੀ ਕਦੋਂ ਮਹਾਨਤਾ ਪਤਾ ਲੱਗੇਗੀ ਅਤੇ ਉਹਨਾਂ ਦੇ ਹੁਨਰਾਂ ਦੀ ਕਦੋਂ ਕਦਰ ਪਵੇਗੀ ਇਹ ਅੱਜ ਵੀ ਇੱਕ ਵੱਡੀ ਬੁਝਾਰਤ ਹੈ। ਸੰਘਰਸ਼ ਕਰਕੇ ਹਾਸਿਲ ਕੀਤੇ ਹੱਕਾਂ ਨੂੰ ਲੈਣ ਤੋਂ ਬਿਨ੍ਹਾਂ ਅੱਜ ਦੀ ਮਜ਼ਦੂਰ ਸ਼੍ਰੇਣੀ ਨੂੰ ਆਪਣੀ ਸੱਤਾ ਆਪਣੇ ਹੱਥਾਂ 'ਚ ਲੈਣ ਲਈ ਫੈਸਲਾਕੁੰਨ ਜਤਨ ਕਰਨੇ ਪੈਣਗੇ। ਇਸ ਦੀ ਸਭ ਤੋਂ ਵੱਡੀ ਮਿਸਾਲ ਭਾਰਤ ਵਿੱਚ ਸਰਮਾਏਦਾਰੀ ਸੱਤਾ ਖ਼ਿਲਾਫ਼ ਲੜਿਆ ਕਿਸਾਨਾਂ, ਮਜ਼ਦੂਰਾਂ ਦੀ ਏਕਤਾ ਨੂੰ ਦਰਸਾਉਂਦਾ ਸੰਘਰਸ਼ ਹੈ ਜੋ ਭਾਰਤ ਦੇ ਇਤਿਹਾਸ ਵਿੱਚ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਮਜ਼ਦੂਰ ਜਥੇਬੰਦੀਆਂ ਲਈ ਪ੍ਰੇਰਣਾ ਸਰੋਤ ਬਣਿਆ ਰਹੇਗਾ।

ਕਿਰਤੀਆਂ, ਕਾਮਿਆਂ, ਮਜ਼ਦੂਰਾਂ ਦੀਆਂ ਜਿੱਤਾਂ ਦੀਆਂ ਕਹਾਣੀਆਂ ਹਮੇਸ਼ਾ ਸੁਨਹਿਰੇ ਅੱਖਰਾਂ ਵਿੱਚ ਛਪਦੀਆਂ ਹਨ। ਇਸ ਲਈ ਯਾਦ ਰੱਖੋ, ਜਦੋਂ ਤੱਕ ਸਰਮਾਏਦਾਰੀ ਢਾਂਚਾ ਰਹੇਗਾ ਤਦ ਤੱਕ ਮਜ਼ਦੂਰਾਂ ਨੂੰ ਦਬਾਇਆ ਕੁਚਲਿਆ ਜਾਂਦਾ ਰਹੇਗਾ। ਪੂੰਜੀਵਾਦ ਨੂੰ ਤਬਾਹ ਕਰਕੇ ਮਜ਼ਦੂਰ ਸ਼੍ਰੇਣੀਆਂ ਦੀ ਸੱਤਾ ਨੂੰ ਕਾਇਮ ਕਰਨਾ ਹੀ ਮਈ ਦਿਵਸ ਭਾਵ ਕੌਮਾਂਤਰੀ ਮਜ਼ਦੂਰ ਦਿਵਸ ਦੇ ਸ਼ਹੀਦਾਂ ਦਾ ਸੁਫ਼ਨਾ ਸੀ। ਮਈ ਦਿਵਸ ਦੇ ਸ਼ਹੀਦਾਂ ਦੇ ਸੁਨੇਹੇ ਨੂੰ ਹਰੇਕ ਦੱਬੇ-ਕੁਚਲੇ ਤੱਕ ਲੈਕੇ ਜਾਣਾ ਪਵੇਗਾ।

# ਭਾਰਤੀ ਮਜ਼ਦੂਰ ਬਨਾਮ ਵਿਦੇਸ਼ੀ ਮਜ਼ਦੂਰ

ਬਲਵਿੰਦਰ ਸਿੰਘ ਚਾਹਲ

ਮਜ਼ਦੂਰ ਦਿਵਸ, ਜੋ ਕਿ ਹਰ ਸਾਲ ਲਗਭਗ ਸਾਰੀ ਦੁਨੀਆਂ ਵਿੱਚ ਮਨਾਇਆ ਜਾਂਦਾ ਹੈ । ਇਸ ਦਿਨ ਨੂੰ ਦੁਨੀਆਂ ਭਰ ਦੇ ਮਜ਼ਦੂਰਾਂ ਦਾ ਸਮਰਪਿਤ ਦਿਨ ਵੀ ਕਿਹਾ ਜਾਂਦਾ ਹੈ । ਪਰ ਕੀ ਸਾਰੇ ਮਜ਼ਦੂਰ ਇਸ ਦਿਨ ਬਾਰੇ ਜਾਣਦੇ ਹਨ ਜਾਂ ਨਹੀਂ ਇਸ ਬਾਰੇ ਕਹਿਣਾ ਬਹੁਤ ਮੁਸ਼ਕਿਲ ਹੈ । ਇਹ ਦਿਨ ਕਿਸੇ ਵੇਲੇ ਅਮਰੀਕਾ ਵਿੱਚ ਮਜ਼ਦੂਰਾਂ ਵੱਲੋਂ ਅੱਠ ਘੰਟੇ ਲਈ ਕੰਮ ਕਰਨ ਦੇ ਸੰਘਰਸ਼ ਨੂੰ ਲੈ ਕੇ ਚੇਤੇ ਕੀਤਾ ਜਾਂਦਾ ਹੈ । ਇਸ ਦਿਨ ਤੋਂ ਬਾਅਦ ਅਮਰੀਕਾ ਵਿੱਚ ਮਜ਼ਦੂਰਾਂ ਲਈ ਕੰਮ ਦੇ ਅੱਠ ਘੰਟੇ ਲਾਗੂ ਕੀਤੇ ਗਏ ਸਨ ਅਤੇ ਮਜ਼ਦੂਰਾਂ ਨਾਲ ਹੋਣ ਵਾਲਾ ਸ਼ੋਸ਼ਣ ਬੰਦ ਹੋਇਆ ਸੀ । ਜਿਵੇਂ ਕਿ ਸਾਰੇ ਜਾਣਦੇ ਹੀ ਹਾਂ ਕਿ ਅਸੀਂ ਬਾਹਰਲੇ ਮੁਲਕੀਂ ਆ ਕੇ ਕਮਾਈਆਂ ਕਰਦੇ ਹਾਂ ਅਤੇ ਆਪਣੇ ਵਤਨੀਂ ਜਾ ਕੇ ਆਪਣੀ ਕੀਤੀ ਕਮਾਈ ਦਾ ਵੱਡੀ ਪੱਧਰ 'ਤੇ ਦਿਖਾਵਾ ਵੀ ਕਰਦੇ ਹਾਂ ਅਤੇ ਹੋਰ ਲੋਕਾਂ ਨੂੰ ਆਉਣ ਲਈ ਉਕਸਾਉਂਦੇ ਹਾਂ । ਇੱਥੇ ਆ ਕੇ ਕਮਾਈ ਦੇ ਕਈ ਪੁੱਠੇ ਸਿੱਧੇ ਰਾਹ ਵੀ ਅਪਣਾਉਂਦੇ ਹਾਂ । ਜਿਸ ਬਾਰੇ ਪਿਛਲੇ ਸਾਲ ਮੇਰੇ ਵੀਰ ਰਾਜੂ ਹਠੂਰੀਆ ਨੇ ਆਪਣੇ ਲੇਖ 'ਕਿੱਥੇ ਜਾਣ ਜੋ ਆਪਣਾ ਸਭ ਕੁਝ ਵੇਚ ਵੱਟ ਕੇ ਆਏ ਹਨ' ਦੇ ਸਿਰਲੇਖ ਹੇਠ ਲਿਖ ਕੇ ਬੜੇ ਸਿੱਧੇ ਸਾਧੇ ਤੇ ਪ੍ਰਭਾਵ ਸ਼ਾਲੀ ਢੰਗ ਨਾਲ ਜਾਣਕਾਰੀ ਦਿੱਤੀ ਸੀ । ਸੋ ਮੈਂ ਇਸ ਵਿਸ਼ੇ ਤੇ ਅੱਗੇ ਗੱਲ ਤੋਰਦਾ ਹਾਂ ਕਿ ਸਾਨੂੰ ਏਸੀ ਕਿਹੜੀ ਮਜਬੂਰੀ ਹੈ ਜੋ ਅਸੀਂ ਬਾਹਰਲੇ ਮੁਲਕਾਂ ਨੂੰ ਦੌੜਦੇ ਹਾਂ । ਕੀ 'ਸੋਨੇ ਦੀ ਚਿੜੀਆ' ਅਖਵਾਉਣ ਵਾਲਾ ਭਾਰਤ ਹੁਣ ਪਹਿਲਾਂ ਵਾਲਾ ਭਾਰਤ ਨਹੀਂ ਰਿਹਾ ? ਕੀ ਅੰਗਰੇਜ਼ਾਂ ਨੇ ਭਾਰਤ ਨੂੰ ਇੰਨਾ ਜ਼ਿਆਦਾ ਲੁੱਟ ਲਿਆ ਕਿ ਭਾਰਤ ਕੋਲ ਕੋਈ ਵੀ ਖ਼ਜ਼ਾਨਾ ਹੁਣ ਨਹੀਂ ਰਿਹਾ ਜਾਂ ਫਿਰ ਸਾਡੇ ਹੀ ਭਰਾਵਾਂ (ਸਾਡੇ ਵਕਤੀ ਲੀਡਰ) ਨੇ ਭਾਰਤ ਨੂੰ ਅੰਦਰੋਂ ਅੰਦਰੀਂ 'ਘੁਣ' ਵਾਂਗ ਖਾ ਕੇ ਇੰਨਾ ਬੋਡਾ ਕਰ ਦਿੱਤਾ ਕਰ ਦਿੱਤਾ ਹੈ ਕਿ ਹੁਣ ਡਰ ਹੈ ਕਿ 'ਹੁਣ ਵੀ ਡਿੱਗਾ ਹੁਣ ਵੀ ਡਿੱਗਾ' ਦੀ ਤਲਵਾਰ ਸਾਡੇ 'ਤੇ ਲਟਕਦੀ ਹੈ । ਅੱਜ ਸਾਡੇ ਦੇਸ਼ ਦਾ ਇਹ ਹਾਲ ਹੈ ਕਿ ਕੁਝ ਮੁੱਠੀ ਭਰ ਲੋਕਾਂ ਨੂੰ ਇਹ ਵੀ ਪਤਾ ਨਹੀਂ ਕਿ ਉਹਨਾਂ ਕੋਲ ਕਿੰਨਾ ਪੈਸਾ ਹੈ ਤੇ ਦੂਜੇ ਪਾਸੇ ਬਹੁ ਗਿਣਤੀ ਉਹਨਾਂ ਲੋਕਾਂ ਦੀ ਹੈ ਜੋ ਸੌਣ ਲਈ ਪੁਲਾਂ, ਝੁੱਗੀਆਂ ਦਾ ਸਹਾਰਾ ਭਾਲਦੇ ਹੋਏ ਇੱਕ ਵੇਲੇ ਦੀ ਰੋਟੀ ਨੂੰ ਤਰਸਦੇ ਢਿੱਡੋਂ ਭੁੱਖੇ ਭੁੱਖ ਦੀ ਅੱਗ ਵਿੱਚ ਸੜਦੇ ਹੋਏ ਦੂਜੇ ਦਿਨ ਦੀ ਆਉਣ ਵਾਲੀ ਸਵੇਰ ਨੂੰ ਕੋਸਦੇ ਹੋਏ ਸੌਂ ਜਾਂਦੇ ਹਨ ਕਿ ਕੱਲ ਨੂੰ ਕੀ ਖਾਵਾਂਗੇ ? ਜੇ ਗੱਲ ਇੱਕ ਮਜ਼ਦੂਰ ਦੀ ਗੱਲ ਕਰੀਏ ਜਿਸ ਕੋਲ ਕੰਮ ਵੀ ਹੈ ਪਰ ਕੀ ਉਹ ਆਪਣੀ ਨੌਕਰੀ ਨਾਲ ਆਪਣੇ ਟੱਬਰ ਦਾ ਸਹੀ ਪਾਲਣ ਪੋਸ਼ਣ ਕਰ ਸਕਦਾ ਹੈ ? ਕੀ ਉਹ ਆਪਣੀ ਮਾਸਿਕ ਤਨਖਾਹ ਨਾਲ ਕਿਸੇ ਦਿਨ ਤਿਉਹਾਰ ਤੇ ਆਪਣੀ



ਮਰਜ਼ੀ ਮੁਤਾਬਿਕ ਖੁਸ਼ੀ ਮਨਾ ਸਕਦਾ ਹੈ ? ਜਾਂ ਕਿਸੇ ਆਪਣੇ ਧੀ ਪੁੱਤਰ ਦਾ ਵਿਆਹ ਸਮਾਜ ਦੇ ਬਾਕੀ ਲੋਕਾਂ ਵਾਂਗ ਧੂਮ ਧੜੱਲੇ ਨਾਲ ਕਰ ਸਕਦਾ ਹੈ ? ਇਨ੍ਹਾਂ ਸਾਰੇ ਸਵਾਲਾਂ ਦਾ ਇੱਕੋ ਇੱਕ ਜਵਾਬ ਹੋਵੇਗਾ ਨਹੀਂ । ਪਰ ਜੇ ਇਸ ਗੱਲ ਦਾ ਮੁਲਾਂਕਣ ਬਾਹਰਲੇ ਮੁਲਕਾਂ ਨਾਲ ਕੀਤਾ ਜਾਵੇ ਤਾਂ ਇਸ ਦਾ ਜਵਾਬ ਸਾਡੇ ਦੇਸ਼ ਦੇ ਮਜ਼ਦੂਰ ਦੇ ਉਲਟ ਹੋਵੇਗਾ । ਬਾਹਰਲੇ ਮੁਲਕਾਂ ਵਿੱਚ ਕਿਸੇ ਦਿਹਾੜੀ ਕਰਨ ਵਾਲੇ ਨੂੰ ਕਦੇ ਗੁਰਬਤ ਨਾਲ ਘੁਲਦੇ ਨਹੀਂ ਦੇਖਿਆ ਜਾ ਸਕਦਾ । ਸਗੋਂ ਇੱਥੇ ਦਿਹਾੜੀ ਕਰਨ ਵਾਲਾ ਵੀ ਬੜੇ ਆਰਾਮ ਨਾਲ ਜਿੰਦਗੀ ਬਸਰ ਕਰਦਾ ਹੈ। ਸਰਕਾਰ ਵੱਲੋਂ ਉਸ ਦੀਆਂ ਸਾਰੀਆਂ ਸੁਖ ਸਹੂਲਤਾਂ ਦਾ ਖਿਆਲ ਰੱਖਦੇ ਹੋਏ ਹਰ ਤਰਾਂ ਦੇ ਪ੍ਰਬੰਧ ਕੀਤੇ ਹੁੰਦੇ ਹਨ। ਸਾਡੇ ਉੱਥੇ ਸਰਕਾਰੀ ਹਸਪਤਾਲਾਂ ਨੂੰ ਈ ਲੈ ਲਉ ਜਿੱਥੇ ਪਹਿਲੀ ਗੱਲ ਡਾਕਟਰਾਂ ਦੀ ਘਾਟ ਈ ਨੀ ਪੂਰੀ ਹੁੰਦੀ ਜੇ ਡਾਕਟਰ ਹੈ ਤਾਂ ਮਸ਼ੀਨਾਂ ਦੀ ਘਾਟ ਤੇ ਉਸ ਤੋਂ ਬਾਅਦ ਮਹਿੰਗੇ ਭਾਅ ਦੀਆਂ ਦਵਾਈਆਂ ਫਿਰ ਵੀ ਮੁੱਲ ਹੀ ਲੈਣੀਆਂ ਪੈਂਦੀਆਂ ਹਨ। ਜੇ ਗੱਲ ਸਕੂਲਾਂ ਦੀ ਕਰੀਏ ਤਾਂ ਸਰਕਾਰੀ ਸਕੂਲਾਂ ਵਿੱਚ ਮਾਸਟਰਾਂ ਦੀ ਬੜੀ ਵੱਡੀ ਘਾਟ ਹੈ ਅਤੇ ਪ੍ਰਾਈਵੇਟ ਸਕੂਲਾਂ ਦਾ ਟੀਕਾ ਬਹੁਤ ਵੱਡਾ ਹੈ। ਜੋ ਕਿ ਆਮ ਬੰਦੇ ਦਾ ਵੱਸੋਂ ਬਾਹਰ ਹੈ । ਬਾਹਰਲੇ ਮੁਲਕਾਂ ਵਿੱਚ ਅਸੀਂ ਵੀ ਕਾਰਾਂ-ਗੱਡੀਆਂ 'ਤੇ ਕੰਮ ਕਰਨ ਜਾਂਦੇ ਹਾਂ ਅਤੇ ਸਾਡੇ ਭਾਰਤ ਵਿੱਚ ਬਹੁ ਗਿਣਤੀ ਸਾਈਕਲ 'ਤੇ ਸਫ਼ਰ ਕਰਦੀ ਹੈ ਕੁਝ ਕੁ ਨੇ ਮੋਟਰ ਸਾਈਕਲ ਸਕੂਟਰ ਆਦਿ ਲੈ ਲਏ ਹਨ ਪਰ ਮਜ਼ਦੂਰ ਵਿਚਾਰਾ ਅੱਜ ਵੀ ਬੜੀ ਨੀਵੇਂ ਪੱਧਰ ਦੀ ਜ਼ਿੰਦਗੀ ਬਸਰ ਕਰਨ ਲਈ ਮਜਬੂਰ ਹੈ । ਇੱਕ ਦਿਹਾੜੀਦਾਰ ਬੰਦਾ ਕਿੱਥੋਂ ਇੰਨੇ ਸਾਰੇ ਪੈਸੇ ਕੱਢ ਸਕਦਾ ਹੈ । ਜਿਸ ਨੂੰ ਆਪਣੇ ਸਾਰੇ ਟੱਬਰ ਦੀ ਰੋਟੀ ਦਾ ਖਰਚਾ ਈ ਨਾ ਉੱਠਣ ਦੇਵੇ ਉਸ ਨੇ ਹੋਰ ਉੱਪਰਲੇ ਖਰਚੇ ਕਿੱਥੋਂ ਕਰਨੇ ਹਨ । ਸੁਭਾਵਿਕ ਹੀ ਹੈ ਕਿ ਉਹ ਆਪਣੇ ਚੰਗੇਰੇ ਭਵਿੱਖ ਲਈ ਕਿਸੇ ਬਾਹਰਲੇ ਮੁਲਕ ਪ੍ਰਵਾਸ ਕਰਨ ਦੀ ਸੋਚੇਗਾ। ਅੱਜ ਸਾਡੇ ਇੱਕ ਮਜ਼ਦੂਰ ਦੀ ਔਸਤਨ ਦਿਹਾੜੀ ਪੰਜ ਸੌ ਰੁਪਏ ਤੱਕ ਹੈ । ਕੀ ਇਸ ਨਾਲ ਉਸ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ ? ਨਹੀਂ । ਅੱਜ ਕੀਮਤਾਂ ਨੇ ਜਾ ਅਸਮਾਨ ਨੂੰ ਹੱਥ ਲਾ ਲਿਆ ਹੈ । ਇਨ੍ਹਾਂ ਸਾਰੀਆਂ ਅਸਮਾਨ ਛੂੰਹਦੀਆਂ ਕੀਮਤਾਂ ਨਾਲ ਗੁਜ਼ਾਰਾ ਨਹੀਂ ਹੋ ਸਕਦਾ ਬੱਸ ਵਕਤ ਕਟੀ ਹੋ ਸਕਦੀ ਹੈ ਜਾਂ ਕਹਿ ਲਉ ਕਿ ਜੂਨ ਕੱਟੀ ਜਾ ਸਕਦੀ ਹੈ । ਤੇ ਜੇਕਰ ਕਿਸੇ ਨੂੰ ਹੋਰ ਕੋਈ ਖਰਚਾ ਪੈ ਜਾਵੇ ਤਾਂ ਸਮਝੋ ਫਿਰ ਰੱਬ ਈ ਰਾਖਾ । ਤੇ ਬਾਹਰਲੇ ਮੁਲਕਾਂ ਵਿੱਚ ਇੱਕ ਮਜ਼ਦੂਰ ਦੀ ਜ਼ਿੰਦਗੀ ਬੇਸ਼ੱਕ ?ਕ ਸਾਰਾ ਦਿਨ ਕੰਮ ਕਰਦਿਆਂ ਲੰਘ ਜਾਂਦੀ ਹੈ ਪਰ ਸ਼ਾਮ ਨੂੰ ਹਰ ਕੋਈ ਘਰ ਆਪਣੇ ਟੱਬਰ ਵਿੱਚ ਬਹਿ ਕੇ ਆਪਣੀ ਮਰਜ਼ੀ ਮੁਤਾਬਿਕ ਰੋਟੀ ਖਾ ਸਕਦਾ ਹੈ । ਰੋਟੀ ਨਾਲ ਜੋ ਚਾਹੇ ਉਹ ਕੁਝ ਹੋਰ ਵੀ ਖਾ ਸਕਦਾ ਹੈ । ਉਸ ਵਲੋਂ ਸਾਰੀ ਦਿਹਾੜੀ ਦੀ ਮਿਹਨਤ ਨਾਲ ਕੀਤੀ ਕਮਾਈ ਨਾਲ ਜਿੱਥੇ ਘਰ ਦੇ ਸਾਰੇ ਜੀਆਂ ਲਈ ਖਾਣ ਪੀਣ ਲਿਆਂਦਾ ਜਾ ਸਕਦਾ ਹੈ ਉੱਥੇ ਫਿਰ ਵੀ ਅੱਧ ਤੋਂ ਵੱਧ ਰਕਮ ਉਸ ਦੀ ਜੇਬ ਵਿੱਚ ਬਚ ਜਾਂਦੀ ਹੈ । ਬਾਹਰਲੇ ਮੁਲਕਾਂ ਦਾ ਮਜ਼ਦੂਰ ਆਪਣੇ ਟੱਬਰ ਵਿੱਚ ਜਾਂ ਦੋਸਤਾਂ ਮਿੱਤਰਾਂ ਨਾਲ ਟੀ ਵੀ ਤੇ ਖੇਡਾਂ ਆਦਿ ਦਾ ਆਨੰਦ ਵੀ ਮਾਣਦਾ ਹੈ ਅਤੇ ਕਦੇ ਕਦੇ ਬਾਹਰ ਰੈਸਟੋਰੈਂਟ ਆਦਿ ਵਿੱਚ ਜਾ ਕੇ ਵੀ ਰੋਟੀ ਖਾ ਕੇ ਆਪਣਾ ਮਨੋਰੰਜਨ ਕਰਦਾ ਹੈ । ਸਾਲ ਵਿੱਚ ਇੱਕ ਦੋ ਵਾਰ ਛੁੱਟੀਆਂ ਵੀ ਮਨਾਉਂਦਾ ਹੈ ਅਤੇ ਕੋਈ ਨਾ ਕੋਈ ਬਾਹਰਲੀ ਜਗ੍ਹਾ ਤੇ ਆਪਣੀਆਂ ਛੁੱਟੀਆਂ ਮਨਾਉਂਦਾ ਹੈ । ਦੂਜੇ ਪਾਸੇ ਸਾਡੇ ਭਾਰਤੀ ਮਜ਼ਦੂਰਾਂ ਬਾਰੇ ਤਾਂ ਸਾਰੇ ਜਾਣਦੇ ਹੀ ਹਨ ਕਿ ਕਿੰਨੀਆਂ ਕੁ ਵਿਚਾਰੇ ਛੁੱਟੀਆਂ ਮਾਣਦੇ ਹਨ ਅਤੇ ਕਿੰਨੇ ਕੁ ਬਾਕੀ ਸ਼ੌਂਕ ਪੂਰੇ ਕਰਦੇ ਹਨ । ਜੇਕਰ ਸਾਡੇ ਕਿਸੇ ਮੱਧ ਵਰਗੀ ਦੇ ਘਰ ਪ੍ਰਾਹੁਣਾ ਆ ਜਾਵੇ ਤਾਂ ਫਿਕਰ ਇਸ ਗੱਲ ਦਾ ਹੁੰਦਾ ਹੈ ਕਿ ਹੁਣ ਬੋਤਲ ਵੀ ਚਾਹੀਦੀ ਹੈ ਅਤੇ ਬੋਤਲ ਦੇ ਨਾਲ ਮੁਰਗਾ ਵੀ ਚਾਹੀਦਾ ਹੈ । ਜੋ ਕਿ ਬਾਕੀ ਦੇ ਆਉਣ ਵਾਲੇ ਦਿਨਾਂ ਨੂੰ ਲੇਖੇ ਲਾ ਕੇ ਹੀ ਸੰਭਵ ਹੋ ਸਕਦਾ ਹੈ । ਕਹਿਣ ਦਾ ਭਾਵ ਕਿ ਇੱਕ ਦਿਨ ਦੀ ਦਿਹਾੜੀ ਨਾਲ ਬੋਤਲ ਸ਼ਰਾਬ ਦੀ ਤੇ ਕਿਲੋ ਮੁਰਗੇ ਦਾ ਮੀਟ ਲੈਣਾ ਅਸੰਭਵ ਹੈ । ਭਾਰਤੀ ਮਜ਼ਦੂਰ ਲਈ ਕੰਮ ਵੀ ਹਫਤੇ ਦੇ ਸੱਤੇ ਦਿਨ ਹੀ ਹੈ ਬਗੈਰ ਕਿਸੇ ਛੁੱਟੀ ਦੇ । ਬਹੁਤੀਆਂ ਥਾਂਵਾਂ 'ਤੇ ਉਸ ਨਾਲ ਅੱਜ ਵੀ ਸ਼ੋਸ਼ਣ ਹੋ ਰਿਹਾ ਹੈ ਅਤੇ ਅਮੀਰ ਜਾਤੀ ਆਪਣੀ ਪਹੁੰਚ ਦਾ ਬੇਲੋੜਾ ਲਾਭ ਲੈ ਕੇ ਗਰੀਬ ਮਜ਼ਦੂਰ ਦਾ ਗਲ ਘੁੱਟਣ ਤੱਕ ਜਾਂਦੀ ਹੈ ।

(ਬਾਕੀ ਸਫ਼ਾ 31 'ਤੇ)

# ਕਿਉਂ ਫ਼ੈਲਦੀਆਂ ਹਨ ਅਫ਼ਵਾਹਾਂ ?

## ਝੂਠੀਆਂ ਖ਼ਬਰਾਂ ਤੋਂ ਸੁਚੇਤ ਰਹਿਣ ਪੰਜਾਬੀ









ਅਫਵਾਹਾਂ ਦੇ ਹੱਥ ਪੈਰ ਨਹੀਂ ਹੁੰਦੇ, ਪਰ ਫਿਰ ਵੀ ਅਫਵਾਹਾਂ ਮਿੰਟਾਂ ਸਕਿੰਟਾਂ ਵਿੱਚ ਸਰਹੱਦਾਂ ਟੱਪ ਕੇ ਪੂਰੀ ਦੁਨੀਆਂ ਵਿੱਚ ਫੈਲ ਜਾਂਦੀਆਂ ਹਨ। ਅਫਵਾਹਾਂ ਦੀ ਰਫ਼ਤਾਰ ਨੂੰ ਹਵਾ ਦੀ ਗਤੀ ਤੋਂ ਵੀ ਤੇਜ਼ ਮੰਨਿਆ ਜਾਂਦਾ ਹੈ। ਪੰਜਾਬ ਵਿੱਚ ਵੀ ਪਿਛਲੇ ਸਮੇਂ ਦੌਰਾਨ ਅਨੇਕਾਂ ਅਫਵਾਹਾਂ ਫੈਲਦੀਆਂ ਰਹੀਆਂ ਹਨ। ਇਹ ਅਫ਼ਵਾਹਾਂ ਕੌਣ ਫੈਲਾਉਂਦਾ ਹੈ ਅਤੇ ਉਸ ਦਾ ਅਸਲ ਮਕਸਦ ਕੀ ਹੁੰਦਾ ਹੈ, ਇਸ ਬਾਰੇ ਅਕਸਰ ਘੱਟ ਹੀ ਪਤਾ ਚਲਦਾ ਹੈ। ਅਕਸਰ ਸ਼ਰਾਰਤੀ ਅਨਸਰ ਅਫ਼ਵਾਹਾਂ ਫੈਲਾਉਣ ਵਿੱਚ ਸਫ਼ਲ ਹੋ ਜਾਂਦੇ ਹਨ। ਕਈ ਲੋਕ ਅਫਵਾਹਾਂ ਨੂੰ ਸੱਚਾਈ ਵੀ ਮੰਨ ਲੈਂਦੇ ਹਨ ਪਰ ਜਦੋਂ ਅਫ਼ਵਾਹ ਦੀ ਸੱਚਾਈ ਦਾ ਪਤਾ ਚਲਦਾ ਹੈ ਤਾਂ ਲੋਕਾਂ ਨੂੰ ਸੁੱਖ ਦਾ ਸਾਹ ਆਉਂਦਾ ਹੈ। ਦੁਨੀਆਂ ਵਿੱਚ ਜੇ ਚੰਗੇ ਲੋਕਾਂ ਦੀ ਗਿਣਤੀ ਬਹੁਤ ਹੈ ਤਾਂ ਕੁਝ ਸ਼ਰਾਰਤੀ ਅਨਸਰ ਵੀ ਹਰ ਇਲਾਕੇ ਵਿੱਚ ਪਾਏ ਜਾਂਦੇ ਹਨ। ਇਹਨਾਂ ਸ਼ਰਾਰਤੀ ਅਨਸਰਾਂ ਦਾ ਕੰਮ ਹੀ ਲੋਕਾਂ ਨੂੰ ਪ੍ਰੇਸ਼ਾਨ ਕਰਨਾ ਜਾਂ ਕੋਈ ਅਫ਼ਵਾਹ ਫੈਲਾਉਣਾ ਹੁੰਦਾ ਹੈ। ਪੰਜਾਬੀਆਂ ਨੂੰ ਯਾਦ ਹੋਵੇਗਾ ਕਿ ਕੁਝ ਸਾਲ ਪਹਿਲਾਂ ਸੰਗਰੂਰ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਛਲੇਡਾ ਹੋਣ ਦੀ ਅਫ਼ਵਾਹ ਕਿਸੇ ਸ਼ਰਾਰਤੀ ਅਨਸਰ ਵੱਲੋਂ ਫੈਲਾ ਦਿੱਤੀ ਗਈ ਸੀ। ਇਸ ਸ਼ਰਾਰਤੀ ਅਨਸਰ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਇਹ ਛਲੇਡਾ ਵੱਖ ਵੱਖ ਰੂਪ ਧਾਰਨ ਕਰ ਲੈਂਦਾ ਹੈ ਅਤੇ ਇਸ ਛਲੇਡੇ ਨੂੰ ਕਾਬੂ ਕਰਕੇ ਇੱਕ ਧਾਰਮਿਕ ਸਥਾਨ 'ਤੇ ਰੱਖਿਆ ਗਿਆ ਹੈ। ਇਸ ਅਫਵਾਹ ਦੇ ਫੈਲਣ ਤੋਂ ਬਾਅਦ ਵੱਡੀ ਗਿਣਤੀ ਲੋਕ ਸਬੰਧਿਤ ਪਿੰਡ ਵੱਲ ਜਾਣ ਲੱਗੇ ਸਨ। ਕੁਝ ਸਮੇਂ ਵਿੱਚ ਹੀ ਇਹ ਅਫਵਾਹ ਵਿਦੇਸ਼ਾਂ ਵਿੱਚ ਵੀ ਪਹੁੰਚ ਗਈ ਸੀ, ਜਿਸ ਕਾਰਨ ਪੁਲਿਸ ਨੇ ਜਾਂਚ ਸ਼ੁਰੂ ਕੀਤੀ ਤਾਂ ਛਲੇਡਾ ਆਉਣ ਜਾਂ ਫੜੇ ਜਾਣ ਦੀ ਗੱਲ ਝੂਠ ਨਿਕਲੀ।

ਇਸ ਤੋਂ ਵੀ ਪਹਿਲਾਂ ਪੰਜਾਬ ਸਮੇਤ ਭਾਰਤ ਦੇ ਵੱਖ- ਵੱਖ ਸੂਬਿਆਂ ਵਿੱਚ ਇੱਕ ਨਿੱਜੀ ਬੈਂਕ ਦੇ ਫੇਲ੍ਹ ਹੋਣ ਦੀ ਅਫ਼ਵਾਹ ਫੈਲ ਗਈ ਸੀ, ਜਿਸ ਕਾਰਨ ਇਸ ਬੈਂਕ ਵਿੱਚ ਜਿਹੜੇ ਲੋਕਾਂ ਦਾ ਪੈਸਾ ਜਮ੍ਹਾਂ ਸੀ, ਉਹਨਾਂ ਵਿੱਚ ਚਿੰਤਾ ਫੈਲ ਗਈ ਸੀ ਅਤੇ ਲੋਕ ਇਸ ਬੈਂਕ ਵਿਚੋਂ ਆਪਣਾਂ ਪੈਸਾ ਕਢਵਾਉਣ ਲਈ ਲੰਬੀਆਂ ਕਤਾਰਾਂ ਵਿੱਚ ਵੀ ਖੜੇ ਹੋਏ ਵੇਖੇ ਗਏ ਸਨ। ਇਹ ਅਫਵਾਹ ਫੈਲਣ ਤੋਂ ਬਾਅਦ ਬੈਂਕ ਦੇ ਪ੍ਰਬੰਧਕ ਵੀ ਜਨਤਾ ਸਾਹਮਣੇ ਆਏ ਸਨ ਅਤੇ ਬੈਂਕ ਦੇ ਫੇਲ੍ਹ ਹੋਣ ਦੀ ਗੱਲ ਨੂੰ ਅਫ਼ਵਾਹ ਦੱਸਿਆ ਸੀ। ਭਾਵੇਂ ਕਿ ਇਸ ਮਾਮਲੇ ਤੋਂ ਬਾਅਦ ਵੀ ਬੈਂਕ ਸਹੀ ਤਰੀਕੇ ਨਾਲ ਕੰਮ ਕਰਦਾ ਰਿਹਾ ਪਰ ਇਸ ਬੈਂਕ ਦੇ ਫੇਲ੍ਹ ਹੋਣ ਦੀ ਅਫ਼ਵਾਹ ਨੇ ਆਮ ਲੋਕਾਂ ਨੂੰ ਜ਼ਰੂਰ ਪ੍ਰੇਸ਼ਾਨ ਕੀਤਾ ਸੀ। ਇਸ ਬੈਂਕ ਦੇ ਪ੍ਰਬੰਧਕਾਂ ਨੇ ਵੱਖ- ਵੱਖ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਦਾਅਵਾ ਕੀਤਾ ਸੀ ਕਿ ਇਹ ਅਫ਼ਵਾਹ ਰਾਜਸਥਾਨ ਦੇ ਗੰਗਾਨਗਰ ਇਲਾਕੇ ਤੋਂ ਸ਼ੁਰੂ ਹੋਈ ਸੀ ਪਰ ਇਸ ਅਫਵਾਹ ਨੂੰ ਫੈਲਾਉਣ ਵਾਲੇ ਸ਼ਰਾਰਤੀ ਅਨਸਰ ਕੌਣ ਸਨ ਅਤੇ ਉਹਨਾਂ ਦਾ ਅਸਲੀ ਮਕਸਦ ਕੀ ਸੀ, ਇਸ ਬਾਰੇ ਆਮ ਲੋਕਾਂ ਨੂੰ ਅਜੇ ਤੱਕ ਕੁਝ ਪਤਾ ਨਹੀਂ ਲੱਗਿਆ।

ਪੁਰਾਤਨ ਸਮੇਂ ਵਿੱਚ ਜਦੋਂ ਪਾਣੀ ਦੀ ਲੋੜ ਪੂਰੀ ਕਰਨ ਲਈ ਖੂਹ ਪੁੱਟੇ ਜਾਂਦੇ ਸਨ ਤਾਂ ਉਦੋਂ ਵੀ ਅਕਸਰ ਅਫ਼ਵਾਹਾਂ ਫੈਲ ਜਾਂਦੀਆਂ ਸਨ। ਬਜ਼ੁਰਗ ਦਸਦੇ ਹਨ ਕਿ ਪੁਰਾਣੇ ਸਮੇਂ ਵਿੱਚ ਅਕਸਰ ਖੂਹਾਂ ਵਿਚੋਂ ਗਿਠਮੁਠੀਏ ਨਿਕਲਣ ਦੀਆਂ ਅਫ਼ਵਾਹਾਂ ਫੈਲ ਜਾਂਦੀਆਂ ਸਨ ਭਾਵੇਂ ਕਿ ਉਦੋਂ ਦੁਨੀਆਂ ਵਿੱਚ ਸੰਚਾਰ ਕ੍ਰਾਂਤੀ ਨਹੀਂ ਸੀ ਆਈ ਅਤੇ ਮੋਬਾਇਲ, ਟੈਲੀਫੋਨ ਉਦੋਂ ਹੋਂਦ ਵਿੱਚ ਨਹੀਂ ਸੀ ਆਏ ਪਰ ਫਿਰ ਵੀ ਉਸ ਸਮੇਂ ਅਫ਼ਵਾਹਾਂ ਫੈਲ ਜਾਂਦੀਆਂ ਸਨ। ਕਈ ਵਾਰ ਤਾਂ ਇੱਕ ਮੂੰਹ ਤੋਂ ਦੂਜੇ ਮੂੰਹ ਤੱਕ ਪਹੁੰਚਦੀ ਹੋਈ ਗੱਲ ਵੀ ਪੂਰੀ ਤਰਾਂ ਬਦਲ ਜਾਂਦੀ ਅਤੇ ਅਫ਼ਵਾਹ ਬਣ ਜਾਂਦੀ ਸੀ।




# ਚੋਣ ਕਮਿਸ਼ਨ ਦੇ ਨੋਟਿਸ ਦੇ ਬਾਵਜੂਦ ਭਾਜਪਾ ਵੱਲੋਂ ਨਫ਼ਰਤੀ ਬਿਆਨਬਾਜ਼ੀ ਜਾਰੀ

## ਨੱਡਾ, ਸ਼ਾਹ, ਰਾਜਨਾਥ , ਆਦਿਤਿਆਨਾਥ ਨੇ ਮੋਦੀ ਦੇ ਨਫ਼ਰਤੀ ਭਾਸ਼ਣਾਂ ਨੂੰ ਦੁਹਰਾਉਣਾ ਜਾਰੀ ਰੱਖਿਆ

### ਚੋਣ ਕਮਿਸ਼ਨ ਦੀ ਕਾਰਗੁਜ਼ਾਰੀ ਅੱਗੇ ਲੱਗਿਆ ਪ੍ਰਸ਼ਨ ਚਿੰਨ



ਪ੍ਰਧਾਨ ਮੰਤਰੀ ਮੋਦੀ ਦਾ ਮੁਸਲਿਮ ਵਿਰੋਧੀ ਬਿਆਨ, ਜਿਸ ਲਈ ਭਾਜਪਾ ਨੂੰ ਚੋਣ ਕਮਿਸ਼ਨ ਤੋਂ ਚਿਤਾਵਨੀ ਮਿਲੀ ਹੈ, ਉਹੀ ਬਿਆਨ ਭਾਜਪਾ ਲਗਾਤਾਰ ਹੋਰ ਜ਼ੋਰ ਨਾਲ ਦੁਹਰਾ ਰਹੀ ਹੈ। ਭਾਜਪਾ ਦੇ ਸਟਾਰ ਪ੍ਰਚਾਰਕ - ਜੇਪੀ ਨੱਡਾ, ਅਮਿਤ ਸ਼ਾਹ, ਰਾਜਨਾਥ ਸਿੰਘ, ਆਦਿਤਿਆਨਾਥ - ਨੇ ਮੋਦੀ ਦੇ ਨਫ਼ਰਤ ਭਰੇ ਭਾਸ਼ਣ ਨੂੰ ਦੁਹਰਾਉਣਾ ਜਾਰੀ ਰੱਖਿਆ ਹੈ। ਇਸ ਲਿਸਟ ਵਿੱਚ ਅਨੁਰਾਗ ਠਾਕੁਰ ਦਾ ਨਾਂ ਵੀ ਜੁੜ ਗਿਆ ਹੈ। ਚੋਣ ਕਮਿਸ਼ਨ ਨੇ ਕਾਂਗਰਸ ਦੀ ਸ਼ਿਕਾਇਤ ’ਤੇ ਨੋਟਿਸ ਜਾਰੀ ਕੀਤਾ ਹੈ ਪਰ ਭਾਜਪਾ ਦੇ ਨਫ਼ਰਤੀ ਭਾਸ਼ਣਾਂ ’ਤੇ ਕੋਈ ਰੋਕ ਨਹੀਂ ਲਗਾਈ ।

ਕਾਂਗਰਸ ਨੇ ਬੀਤੇ ਸ਼ਨੀਵਾਰ ਨੂੰ ਹਿਮਾਚਲ ਪ੍ਰਦੇਸ਼ ਵਿੱਚ ਅਨੁਰਾਗ ਠਾਕੁਰ ਦੇ ਭਾਸ਼ਣ ਨੂੰ ਲੈ ਕੇ ਭਾਰਤੀ ਚੋਣ ਕਮਿਸ਼ਨ ਕੋਲ ਪਹੁੰਚ ਕੀਤੀ, ਜਿਸ ਵਿੱਚ ਠਾਕੁਰ ਨੇ ਦੁਹਰਾਇਆ ਸੀ ਕਿ ਕਾਂਗਰਸ ਮੁਸਲਮਾਨਾਂ ਨੂੰ ‘ਤੁਹਾਡੀ ਜਾਇਦਾਦ’ ਦੇਵੇਗੀ। ਪ੍ਰਧਾਨ ਮੰਤਰੀ ਮੋਦੀ ਨੇ ਸਭ ਤੋਂ ਪਹਿਲਾਂ ਕਿਹਾ ਸੀ ਕਿ ਸੱਤਾ ਵਿੱਚ ਆਉਣ ਤੋਂ ਬਾਅਦ ਕਾਂਗਰਸ ਦੌਲਤ ਦੀ ਮੁੜ ਵੰਡ ਕਰੇਗੀ ਅਤੇ ਇਸ ਵਿੱਚ ਔਰਤਾਂ ਦਾ ਸੋਨਾ ਅਤੇ ਮੰਗਲਸੂਤਰ ਸ਼ਾਮਲ ਹੋਵੇਗਾ। ਕਾਂਗਰਸ ਨੇ ਇਸ ਦੀ ਸ਼ਿਕਾਇਤ ਚੋਣ ਕਮਿਸ਼ਨ ਨੂੰ ਵੀ ਕੀਤੀ ਸੀ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਪੱਤਰ ਲਿਖ ਕੇ ਸਮਾਂ ਮੰਗਿਆ ਸੀ ਤਾਂ ਜੋ ਉਹ ਪ੍ਰਧਾਨ ਮੰਤਰੀ ਨੂੰ ਕਾਂਗਰਸ ਦੇ ਚੋਣ ਮਨੋਰਥ ਪੱਤਰ ਦੀ ਵਿਆਖਿਆ ਕਰ ਸਕਣ। ਅਨੁਰਾਗ ਠਾਕੁਰ ਦੇ ਬਿਆਨ ਕਾਰਨ ਵਿਵਾਦ ਵਧ ਗਿਆ ਹੈ। ਇਹ ਹਕੀਕਤ ਹੈ ਕਿ ਇਹ ਨਾ ਤਾਂ ਕਾਂਗਰਸ ਦੇ ਚੋਣ ਮਨੋਰਥ ਪੱਤਰ ਵਿੱਚ ਲਿਖਿਆ ਹੈ ਅਤੇ ਨਾ ਹੀ ਕਾਂਗਰਸ ਨੇ ਕਦੇ ਅਜਿਹਾ ਕਿਹਾ ਹੈ। ਪਰ ਪੀਐਮ ਮੋਦੀ ਤੋਂ ਲੈ ਕੇ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਤੱਕ ਸਾਰਿਆਂ ਨੇ ਉਹੀ ਵਿਵਾਦਿਤ ਬਿਆਨ ਦੁਹਰਾਇਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਬੀਤੇ ਸ਼ਨੀਵਾਰ ਨੂੰ ਗੋਆ ਵਿੱਚ ਰੈਲੀ ਦੌਰਾਨ ਵੀ ਇਹੀ ਗੱਲ ਕਹੀ ਸੀ। ਅਨੁਰਾਗ ਠਾਕੁਰ ਉਹੀ ਭਾਜਪਾ ਨੇਤਾ ਹਨ, ਜਿਨ੍ਹਾਂ ਨੇ ਸ਼ਾਹੀਨ ਬਾਗ ਵਿੱਚ ਨਾਗਰਿਕਤਾ ਕਾਨੂੰਨ ਖ਼ਿਲਾਫ਼ ਪ੍ਰਦਰਸ਼ਨ ਕਰ ਰਹੀਆਂ ਵਿਰੋਧੀ ਪਾਰਟੀਆਂ ਨੂੰ ਨੂੰ ਗੋਲੀ ਮਾਰਨ ਵਰਗਾ ਵਿਵਾਦਿਤ ਬਿਆਨ ਦਿੱਤਾ ਸੀ।

ਚੋਣ ਕਮਿਸ਼ਨ ਦੇ ਨੋਟਿਸ ਦੇ ਬਾਵਜੂਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕਾਂਗਰਸ ’ਤੇ ਮੁਸਲਮਾਨਾਂ ਨੂੰ ਪੈਸਾ ਵੰਡਣ ਦਾ ਦੋਸ਼ ਲਗਾਉਣ ਵਾਲੀਆਂ ਖੁੱਲ੍ਹੇਆਮ ਫ਼ਿਰਕੂ ਟਿੱਪਣੀਆਂ ਨੂੰ, ਭਾਜਪਾ ਦੇ ਪ੍ਰਧਾਨ ਜੇਪੀ ਨੱਡਾ ਅਤੇ ਹੋਰ ਸਟਾਰ ਪ੍ਰਚਾਰਕਾਂ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਵੱਲੋਂ ਦੁਹਰਾਇਆ ਜਾ ਰਿਹਾ ਹੈ।

ਕਾਂਗਰਸ ਦੇ ਚੋਣ ਮਨੋਰਥ ਪੱਤਰ ਵਿੱਚ ਕਿਤੇ ਵੀ ਦੇਸ਼ ਦੇ ਕਿਸੇ ਵੀ ਭਾਈਚਾਰੇ ਵਿੱਚ ਦੌਲਤ ਦੀ ਮੁੜ ਵੰਡ ਦਾ ਜ਼ਿਕਰ ਨਹੀਂ ਹੈ। ਨਾ ਹੀ ਇਹ ਨੌਕਰੀਆਂ, ਰਾਖਵੇਂਕਰਨ, ਸੱਚਰ ਕਮੇਟੀ ਦੀ ਰਿਪੋਰਟ ਨੂੰ ਲਾਗੂ ਕਰਨ, ਜਾਂ ਤਿੰਨ ਤਲਾਕ ਜਾਂ ਬੀਫ਼ ਦੀ ਹਮਾਇਤ ਬਾਰੇ ਖਾਸ ਤੌਰ ’ਤੇ ਮੁਸਲਮਾਨਾਂ ਦੀ ਗੱਲ ਕਰਦਾ ਹੈ। ਹਾਲਾਂਕਿ, ਚੋਣ ਕਮਿਸ਼ਨ ਦੇ ਨੋਟਿਸ ਦੇ ਬਾਵਜੂਦ, ਭਾਜਪਾ ਦੇ ਸਟਾਰ ਪ੍ਰਚਾਰਕਾਂ ਨੇ ਕਾਂਗਰਸੀ ਚੋਣ ਮਨੋਰਥ ਵਿਰੁੱਧ ਗੁੰਮਰਾਹਕੁੰਨ ਟਿਪਣੀਆਂ ਜਾਰੀ ਰਖੀਆਂ ਹਨ।

ਬੀਤੇ ਸ਼ੁੱਕਰਵਾਰ ਨੂੰ ਇੱਕ ਵੀਡੀਓ ਸੰਬੋਧਨ ਵਿੱਚ, ਨੱਡਾ ਨੇ ਮੋਦੀ ਦੀਆਂ ਟਿੱਪਣੀਆਂ ਨੂੰ ਦੁਹਰਾਇਆ ਅਤੇ ਕਾਂਗਰਸ ’ਤੇ ਐਸਸੀ, ਐਸਟੀ ਅਤੇ ਓਬੀਸੀ ਦੇ ਅਧਿਕਾਰਾਂ ਨੂੰ ਖੋਹਣ ਅਤੇ ਉਨ੍ਹਾਂ ਨੂੰ ਮੁਸਲਮਾਨਾਂ ਨੂੰ ਦੇਣ ਦਾ ਦੋਸ਼ ਲਗਾਇਆ।

ਬੀਤੇ ਸ਼ੁੱਕਰਵਾਰ ਨੂੰ ਯੋਗੀ ਆਦਿਤਿਆਨਾਥ ਨੇ ਸੰਭਲ ਵਿੱਚ ਵਿਵਾਦਿਤ ਬਿਆਨ ਦਿੱਤਾ, ਕਾਂਗਰਸ ਦੇ ਬੇਸ਼ਰਮ ਲੋਕ ਬੀਫ਼ (ਗਊ ਮਾਸ) ਖਾਣ ਦੇ ਅਧਿਕਾਰ ਦਾ ਵਾਅਦਾ ਕਰਦੇ ਹਨ, ਜਦਕਿ ਸਾਡੇ ਧਰਮ ਗ੍ਰੰਥ ਗਾਂ ਨੂੰ ਮਾਂ ਕਹਿੰਦੇ ਹਨ। ਉਹ ਗਾਵਾਂ ਨੂੰ ਕਸਾਈ ਦੇ ਹਵਾਲੇ ਕਰਨਾ ਚਾਹੁੰਦੇ ਹਨ। ਕੀ ਭਾਰਤ ਇਸ ਨੂੰ ਕਦੇ ਸਵੀਕਾਰ ਕਰੇਗਾ ? ਉਹ (ਕਾਂਗਰਸ) ਘੱਟ ਗਿਣਤੀਆਂ ਨੂੰ ਆਪਣੀ ਪਸੰਦ ਦਾ ਭੋਜਨ ਖਾਣ ਦੀ ਆਜ਼ਾਦੀ ਦੇਣਾ ਚਾਹੁੰਦੇ ਹਨ, ਜਿਸ ਦਾ ਮਤਲਬ ਹੈ ਕਿ ਉਹ ਗਊ ਹੱਤਿਆ ਦੀ ਇਜਾਜ਼ਤ ਦੇਣ ਦੀ ਗੱਲ ਕਰ ਰਹੇ ਹਨ।

ਪ੍ਰਧਾਨ ਮੰਤਰੀ ਮੋਦੀ ਦੇ ਤਾਜ਼ਾ ਭਾਸ਼ਣਾਂ ਨੂੰ ਦੁਹਰਾਉਂਦੇ ਹੋਏ, ਮੁੱਖ ਮੰਤਰੀ ਯੋਗੀ ਨੇ ਦੋਸ਼ ਲਾਇਆ ਕਿ ਕਾਂਗਰਸ ਔਰਤਾਂ ਦੀ ਜਾਇਦਾਦ ਨੂੰ ਜ਼ਬਤ ਕਰਨ ਤੇ ਰੋਹਿੰਗਿਆ ਅਤੇ ਬੰਗਲਾਦੇਸ਼ੀ ਘੁਸਪੈਠੀਆਂ ਵਿੱਚ ਵੰਡਣ ਦਾ ਇਰਾਦਾ ਰੱਖਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਲੋਕਾਂ ਦੀ ਜਾਇਦਾਦ ਦੇ ਐਕਸਰੇ ਦੀ ਗੱਲ ਕੀਤੀ ਹੈ। ਉਸ ਨੇ ਕਿਹਾ, ਇਸਦਾ ਮਤਲਬ ਹੈ ਕਿ ਜੇਕਰ ਕਿਸੇ ਦੇ ਘਰ ਚਾਰ ਕਮਰੇ ਹਨ, ਤਾਂ ਉਹ ਉਨ੍ਹਾਂ ਵਿੱਚੋਂ ਦੋ ਲੈ ਲੈਣਗੇ। ਇੰਨਾ ਹੀ ਨਹੀਂ, ਕਾਂਗਰਸ ਕਹਿੰਦੀ ਹੈ ਕਿ ਉਹ ਔਰਤਾਂ ਦੇ ਗਹਿਣਿਆਂ ’ਤੇ ਕਬਜ਼ਾ ਕਰੇਗੀ, ਦੇਸ਼ ਇਸ ਨੂੰ ਕਦੇ ਸਵੀਕਾਰ ਨਹੀਂ ਕਰੇਗਾ।

ਹਾਲਾਂਕਿ ਮੀਡੀਆ ਅਨੁਸਾਰ ਸਚਾਈ ਇਹ ਹੈ ਕਿ ਇਹ ਦੋਸ਼ ਪੂਰੀ ਤਰ੍ਹਾਂ ਫ਼ਰਜ਼ੀ ਹਨ। ਇਹ ਗੱਲ ਕਾਂਗਰਸ ਦੇ ਚੋਣ ਮਨੋਰਥ ਪੱਤਰ ਵਿੱਚ ਕਿਤੇ ਵੀ ਨਹੀਂ ਲਿਖੀ ਗਈ।

ਮੋਦੀ ਵਾਂਗ ਨੱਡਾ ਨੇ ਵੀ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ 2006 ਦੇ ਭਾਸ਼ਣ ਬਾਰੇ ਗੁਮਰਾਹਕੁੰਨ ਟਿਪਣੀਆਂ ਕੀਤੀਆਂ। ਉਨ੍ਹਾਂ ਕਿਹਾ, ਮਨਮੋਹਨ ਸਿੰਘ ਨੇ ਇਹ ਭਾਸ਼ਣ ਗਲਤੀ ਨਾਲ ਨਹੀਂ ਸਗੋਂ ਜਾਣਬੁੱਝ ਕੇ ਦਿੱਤਾ ਸੀ। ਕਿਉਂਕਿ ਡਾਕਟਰ ਮਨਮੋਹਨ ਸਿੰਘ ਨੇ ਅਪ੍ਰੈਲ 2009 ਵਿੱਚ ਇੱਕ ਪ੍ਰੈੱਸ ਕਾਨਫ਼ਰੰਸ ਵਿੱਚ ਜਵਾਬ ਦਿੰਦੇ ਹੋਏ ਇਸ ਗੱਲ ਨੂੰ ਦੁਹਰਾਇਆ ਸੀ ਅਤੇ ਕਿਹਾ ਸੀ ਕਿ ਘੱਟ ਗਿਣਤੀਆਂ ਖਾਸ ਕਰਕੇ ਮੁਸਲਮਾਨਾਂ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਸੱਚਰ ਕਮੇਟੀ ਦੀ ਰਿਪੋਰਟ ਰਾਹੀਂ ਝੂਠੇ ਦਾਅਵੇ ਕੀਤੇ ਗਏ ਅਤੇ ਕਿਹਾ ਗਿਆ ਕਿ ਮੁਸਲਮਾਨਾਂ ਦੀ ਹਾਲਤ ਦਲਿਤਾਂ ਨਾਲੋਂ ਵੀ ਮਾੜੀ ਹੈ। ਇਸ ਦਾ ਮਤਲਬ ਹੈ ਕਿ ਕਾਂਗਰਸ ਮੁਸਲਮਾਨਾਂ ਨੂੰ ਐਸਸੀ ਘੋਸ਼ਿਤ ਕਰਨ ਲਈ ਜ਼ਮੀਨ ਤਿਆਰ ਕਰ ਰਹੀ ਹੈ ਤਾਂ ਜੋ ਉਨ੍ਹਾਂ ਨੂੰ ਦਲਿਤਾਂ ਦੇ ਬਰਾਬਰ ਰਾਖਵਾਂਕਰਨ ਦਿੱਤਾ ਜਾ ਸਕੇ।

ਬੀਤੇ ਸ਼ੁੱਕਰਵਾਰ ਨੂੰ ਛੱਤੀਸਗੜ੍ਹ ਦੇ ਬੇਮੇਤਰਾ ਵਿੱਚ ਇੱਕ ਰੈਲੀ ਦੌਰਾਨ, ਅਮਿਤ ਸ਼ਾਹ ਨੇ ਕਾਂਗਰਸ ’ਤੇ ਦੋਸ਼ ਲਗਾਇਆ ਸੀ ਕਿ ਉਹ ਆਪਣੇ ਚੋਣ ਮਨੋਰਥ ਪੱਤਰ ਵਿੱਚ ਦਾਅਵਾ ਕਰ ਰਹੀ ਹੈ ਕਿ ਉਹ ਮੁਸਲਿਮ ਪਰਸਨਲ ਲਾਅ ਲਿਆਏਗੀ ਅਤੇ ਦੇਸ਼ ਨੂੰ ‘ਸ਼ਰੀਆ ਕਾਨੂੰਨ’ ’ਤੇ ਚਲਾਏਗੀ। ਅਮਿਤ ਸ਼ਾਹ ਨੇ ਕਿਹਾ ਹੈ ਕਿ ਕਾਂਗਰਸ ਦੁਬਾਰਾ ਨਿੱਜੀ ਕਾਨੂੰਨ ਲਿਆਵੇਗੀ। ਮੁਸਲਿਮ ਪਰਸਨਲ ਲਾਅ ਲਿਆ ਕੇ ਉਹ ਕੀ ਕਰਨਾ ਚਾਹੁੰਦੀ ਹੈ ? ਕੀ ਇਹ ਦੇਸ਼ ਸ਼ਰੀਆ ਕਾਨੂੰਨ ’ਤੇ ਚੱਲ ਸਕਦਾ ਹੈ ? ਕੀ ਤੁਸੀਂ ਤਿੰਨ ਤਲਾਕ ਨੂੰ ਵਾਪਸ ਲਿਆ ਸਕਦੇ ਹੋ ? ਕਾਂਗਰਸ ਪਾਰਟੀ ਮੁਸਲਿਮ ਲੀਗ ਦਾ ਏਜੰਡਾ ਲਿਆਉਣਾ ਚਾਹੁੰਦੀ ਹੈ।

ਬੀਤੇ ਵੀਰਵਾਰ ਨੂੰ - ਰਾਜਸਥਾਨ ਦੇ ਬਾਂਸਵਾੜਾ ਵਿੱਚ ਇੱਕ ਰੈਲੀ ਵਿੱਚ ਮੋਦੀ ਦੁਆਰਾ ਪਹਿਲੀ ਵਾਰ ਟਿੱਪਣੀ ਕਰਨ ਤੋਂ ਤਿੰਨ ਦਿਨ ਬਾਅਦ - ਚੋਣ ਕਮਿਸ਼ਨ ਨੇ ਪਾਰਟੀ ਦੇ ਸਟਾਰ ਪ੍ਰਚਾਰਕਾਂ ਨੱਡਾ ਅਤੇ ਮੱਲਿਕਾਰਜੁਨ ਖੜਗੇ ਸਮੇਤ ਉਨ੍ਹਾਂ ਦੇ ਸਟਾਰ ਪ੍ਰਚਾਰਕਾਂ ਨੂੰ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਦੇ ਖਿਲਾਫ਼ ਭਾਜਪਾ ਅਤੇ ਕਾਂਗਰਸ ਨੂੰ ਨੋਟਿਸ ਭੇਜੇ।

ਪੱਤਰਾਂ ਵਿੱਚ ਕਥਿਤ ਉਲੰਘਣਾ ਕਰਨ ਵਾਲਿਆਂ ਦੇ ਨਾਵਾਂ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ, ਪਰ ਉਹਨਾਂ ਦੀ ਪਛਾਣ(ਪਾਰਟੀ ਦੇ) ਸਟਾਰ ਪ੍ਰਚਾਰਕ ਵਜੋਂ ਕੀਤੀ ਗਈ।

ਮਨਮੋਹਨ ਸਿੰਘ ਦਾ ਬਿਆਨ ਜਿਸ ’ਤੇ ਭਾਜਪਾ ਆਗੂ ਵਾਰ-ਵਾਰ ਹਮਲੇ ਕਰ ਰਹੇ ਹਨ, ਅਸਲ ਵਿੱਚ ਕਰੀਬ 18 ਸਾਲ ਪਹਿਲਾਂ ਦਿੱਤੇ ਬਿਆਨ ਨਾਲ ਸਬੰਧਤ ਹੈ। 9 ਦਸੰਬਰ 2006 ਨੂੰ, ਮਨਮੋਹਨ ਸਿੰਘ, ਪ੍ਰਧਾਨ ਮੰਤਰੀ ਵਜੋਂ, ਰਾਸ਼ਟਰੀ ਵਿਕਾਸ ਕੌਂਸਲ ਨੂੰ ਸੰਬੋਧਨ ਕੀਤਾ। ਉਨ੍ਹਾਂ ਅੰਗਰੇਜ਼ੀ ਵਿੱਚ ਭਾਸ਼ਣ ਦਿੱਤਾ ਸੀ। ਇਸ ਦਾ ਪੰਜਾਬੀ ਅਨੁਵਾਦ ਹੈ- ‘ਮੈਂ ਮੰਨਦਾ ਹਾਂ ਕਿ ਸਾਡੀਆਂ ਸਮੂਹਿਕ ਤਰਜੀਹਾਂ ਸਪੱਸ਼ਟ ਹਨ। ਇਹ ਹਨ - ਖੇਤੀਬਾੜੀ, ਸਿੰਚਾਈ - ਜਲ ਸਰੋਤ, ਸਿਹਤ, ਸਿੱਖਿਆ, ਪੇਂਡੂ ਬੁਨਿਆਦੀ ਢਾਂਚੇ ਵਿੱਚ ਮਹੱਤਵਪੂਰਨ ਨਿਵੇਸ਼ ਅਤੇ ਆਮ ਬੁਨਿਆਦੀ ਢਾਂਚੇ ਵਿੱਚ ਮਹੱਤਵਪੂਰਨ ਜਨਤਕ ਨਿਵੇਸ਼। ਇਸ ਦੇ ਨਾਲ ਹੀ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਹੋਰ ਪੱਛੜੀਆਂ ਸ਼੍ਰੇਣੀਆਂ, ਘੱਟ ਗਿਣਤੀਆਂ ਦੇ ਵਿਕਾਸ ਲਈ ਪ੍ਰੋਗਰਾਮ ਅਤੇ ਔਰਤਾਂ ਅਤੇ ਬੱਚਿਆਂ ਲਈ ਪ੍ਰੋਗਰਾਮ ਵੀ ਸਮੂਹਿਕ ਤਰਜੀਹਾਂ ਹਨ। ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਸਕੀਮਾਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ। ਨਵੀਂ ਯੋਜਨਾ ਲਿਆ ਕੇ ਸਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਘੱਟ ਗਿਣਤੀਆਂ ਅਤੇ ਖਾਸ ਤੌਰ ’ਤੇ ਮੁਸਲਮਾਨ ਆਪਣੇ ਆਪ ਨੂੰ ਉੱਚਾ ਚੁੱਕ ਸਕਣ ਅਤੇ ਵਿਕਾਸ ਦਾ ਲਾਭ ਲੈ ਸਕਣ। ਸਾਧਨਾਂ ’ਤੇ ਸਭ ਦਾ ਪਹਿਲਾ ਹੱਕ ਹੈ। ਕੇਂਦਰ ਦੀਆਂ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਹਨ, ਅਤੇ ਪੂਰੇ ਸਰੋਤਾਂ ਰਾਹੀਂ ਹਰ ਕਿਸੇ ਦੀਆਂ ਲੋੜਾਂ ਨੂੰ ਪੂਰਾ ਕਰਨਾ ਪਵੇਗਾ।’

ਇਸ ਤਰ੍ਹਾਂ ਮਨਮੋਹਨ ਸਿੰਘ ਦੇ ਭਾਸ਼ਣ ਵਿੱਚ ਕਿਤੇ ਵੀ ਇਹ ਨਹੀਂ ਕਿਹਾ ਗਿਆ ਕਿ ਦੇਸ਼ ਦੇ ਵਸੀਲਿਆਂ ’ਤੇ ਸਭ ਤੋਂ ਪਹਿਲਾਂ ਮੁਸਲਮਾਨ ਭਾਈਚਾਰੇ ਦਾ ਹੱਕ ਹੈ। ਉਹ ਐਸਸੀ, ਐਸਟੀ, ਓਬੀਸੀ, ਔਰਤਾਂ, ਬੱਚਿਆਂ ਅਤੇ ਘੱਟ ਗਿਣਤੀਆਂ ਬਾਰੇ ਗੱਲ ਕਰ ਰਹੇ ਸਨ।

ਖੱਬੇ ਪੱਖੀ ਆਗੂ ਸੀਤਾਰਾਮ ਯੇਚੁਰੀ ਨੇ ਕਿਹਾ, ਇਹ ਭਿਆਨਕ ਹੈ, ਚੋਣ ਕਮਿਸ਼ਨ ਦਾ ਚੁੱਪ ਰਹਿਣਾ ਹੋਰ ਭਿਆਨਕ ਹੈ, ਮੋਦੀ ਦਾ ਭੜਕਾਉਣ ਵਾਲਾ ਭਾਸ਼ਣ ਚੋਣ ਜ਼ਾਬਤੇ ਅਤੇ ਸੁਪਰੀਮ ਕੋਰਟ ਦੇ ਹੇਟ ਸਪੀਚ ਬਾਰੇ ਫ਼ੈਸਲਿਆਂ ਦਾ ਉਲੰਘਣ ਹੈ।

ਭਾਰਤੀ ਕਮਿਊਨਿਸਟ ਪਾਰਟੀ(ਮਾਲੇ) ਨੇ ਕਿਹਾ, ਪ੍ਰਧਾਨ ਮੰਤਰੀ ਤੇ ਭਾਜਪਾ ਦੇ ਸਟਾਰ ਪ੍ਰਚਾਰਕਾਂ ਦਾ ਭਾਸ਼ਣ ਬੇਹੱਦ ਜ਼ਹਿਰੀਲਾ, ਫ਼ਿਰਕੂਵਾਦ ਅਤੇ ਨਫ਼ਰਤ ਨਾਲ ਭਰਿਆ ਹੋਇਆ ਹੈ, ਇਸ ਮਕਸਦ ਭਾਰਤ ਦੀ ਜਨਤਾ ਵਿੱਚ ਧਰਮ ਦੇ ਅਧਾਰ ਉੱਤੇ ਦੁਸ਼ਮਣੀ ਨੂੰ ਵਧਾਉਣਾ ਹੈ।

ਜੋਯਾ ਹਸਨ ਪ੍ਰੋਫ਼ੈਸਰ ਐਮੇਰਿਟਾ, ਜੇਐੱਨਯੂ ਦਾ ਕਹਿਣਾ ਹੈ ਕਿ ਚੋਣ ਕਮਿਸ਼ਨ ’ਤੇ ਪਹਿਲਾਂ ਹੀ ਸਵਾਲ ਉਠ ਰਹੇ ਹਨ ਕਿ ਉਹ ਸੱਤਾਧਾਰੀ ਪਾਰਟੀ ਪ੍ਰਤੀ ਨਰਮੀ ਤੋਂ ਕੰਮ ਲੈਂਦਾ ਹੈ; ਦੂਜੀਆਂ ਪਾਰਟੀਆਂ ਦੇ ਆਗੂਆਂ ਖ਼ਿਲਾਫ਼ ਝੱਟ ਨੋਟਿਸ ਜਾਰੀ ਹੋ ਜਾਂਦੇ ਹਨ ਅਤੇ ਕਾਰਵਾਈ ਵੀ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜੇ ਚੋਣ ਕਮਿਸ਼ਨ ਦੀ ਨਿਰਪੱਖਤਾ ਸਵਾਲਾਂ ਦੇ ਘੇਰੇ ਵਿੱਚ ਹੋਵੇ ਜਾਂ ਇਸ ਦਾ ਕਾਰ-ਵਿਹਾਰ ਜ਼ਾਹਰਾ ਤੌਰ ’ਤੇ ਸਿਆਸੀ ਝੁਕਾਅ ਦਿਖਾਉਂਦਾ ਹੋਵੇ ਤਾਂ ਇਸ ਦੀ ਭਰੋਸੇਯੋਗਤਾ ਜਾਂਦੀ ਰਹੇਗੀ। ਮਜ਼ਬੂਤ ਚੋਣ ਕਮਿਸ਼ਨ ਬਿਨਾਂ ਲੰਬੇ ਸਮੇਂ ਦੌਰਾਨ ਇਹ ਵਰਤਾਰਾ ਸਾਡੀ ਜਮਹੂਰੀਅਤ ਨੂੰ ਕਮਜ਼ੋਰ ਬਣਾ ਦੇਵੇਗਾ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਵੋਟਰ ਦਾ ਚੋਣ ਮਸ਼ੀਨਰੀ ਤੋਂ ਵਿਸ਼ਵਾਸ ਡਗਮਗਾਇਆ ਤਾਂ ਨਾਗਾਲੈਂਡ ਵਰਗੀ ਸਥਿਤੀ ਨਾ ਪੈਦਾ ਹੋ ਜਾਏ, ਜਿਥੇ ਸੂਬੇ ਦੇ 6 ਪੂਰਬੀ ਜ਼ਿਲ੍ਹਿਆਂ ਵਿੱਚ 9 ਘੰਟੇ ਉਡੀਕ ਦੇ ਬਾਵਜੂਦ, ਖੇਤਰ ਦੇ ਚਾਰ ਲੱਖ ਵੋਟਰਾਂ ’ਚੋਂ ਇੱਕ ਵੀ ਵੋਟਰ ਵੋਟਿੰਗ ਕਰਨ ਨਹੀਂ ਆਇਆ। ਚੋਣ ਕਮਿਸ਼ਨ ਨੂੰ ਇਸ ਗੱਲ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਭਾਵੇਂ ਤੁਸੀਂ ਕਿੰਨੇ ਵੀ ਵੱਡੇ ਕਿਉਂ ਨਾ ਹੋਵੋ, ਕਾਨੂੰਨ ਤੇ ਜਮਹੂਰੀਅਤ ਤੁਹਾਡੇ ਤੋਂ ਉੱਪਰ ਹੈ।



# ਜਦੋਂ ਚੜ੍ਹਿਆ ਵੀਰਾ ਘੋੜੀ ਵੇ.....

ਜਸਵਿੰਦਰ ਸਿੰਘ ਰੁਪਾਲ

ਘੋੜੀਆਂ ਉਹ ਲੋਕ-ਗੀਤ ਹਨ ਜੋ ਲੜਕੇ ਦੇ ਵਿਆਹ ਤੋਂ ਪਹਿਲਾਂ ਉਸ ਦੇ ਘਰ ਵਿੱਚ ਇਕੱਠੀਆਂ ਹੋਈਆਂ ਔਰਤਾਂ ਵੱਲੋਂ ਗਾਏ ਜਾਂਦੇ ਹਨ। ਇਨ੍ਹਾਂ ਵਿੱਚ ਲੜਕੇ ਦੀਆਂ ਭੈਣਾਂ, ਭਰਜਾਈਆਂ ਅਤੇ ਹੋਰ ਗੁਆਂਢਣ ਔਰਤਾਂ ਵੀ ਸ਼ਾਮਿਲ ਹੁੰਦੀਆਂ ਹਨ। ਇਨ੍ਹਾਂ ਵਿੱਚ ਜਿੱਥੇ ਲੜਕੇ ਦੇ ਖਾਨਦਾਨ ਦੀ ਵਡਿਆਈ ਅਤੇ ਸ਼ਾਨ ਦਾ ਜ਼ਿਕਰ ਹੁੰਦਾ ਹੈ, ਉੱਥੇ ਲੜਕੇ ਅਤੇ ਉਸ ਪਰਿਵਾਰ ਨਾਲ ਮੋਹ, ਲਾਡ ਪਿਆਰ ਵੀ ਦਰਸਾਇਆ ਜਾਂਦਾ। ਵਿਆਹ ਵਾਲੇ ਲੜਕੇ ਅਤੇ ਪਰਿਵਾਰ ਨੂੰ ਵਧੀਆ ਭਵਿੱਖ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ ਜਾਂਦੀਆਂ ਹਨ।

ਮਿਲ ਕੇ ਗਾਉਣ ਨਾਲ ਜਿੱਥੇ ਇੱਕ ਬੱਝਵਾਂ ਪ੍ਰਭਾਵ ਪੈਂਦਾ ਹੈ, ਉੱਥੇ ਲੰਮੀ ਹੇਕ ਨਾਲ ਵਾਤਾਵਰਨ ਵੀ ਸੁਖਾਵਾਂ ਅਤੇ ਖ਼ੁਸ਼ੀ ਭਰਿਆ ਹੋ ਜਾਂਦਾ ਹੈ। ਇਨ੍ਹਾਂ ਗੀਤਾਂ ਨੂੰ ਗਾਉਣ ਵੇਲੇ ਹੋਰ ਲੋਕ-ਗੀਤਾਂ ਵਾਂਗ ਹੀ ਰੂਹ 'ਚੋਂ ਡੁੱਲਦਾ ਚਾਅ ਭਾਰੂ ਹੁੰਦਾ ਸੀ ਅਤੇ ਹਰ ਹਾਜ਼ਰ ਔਰਤ ਆਪਣੀ ਹਾਜ਼ਰੀ ਤਦ ਹੀ ਲੱਗੀ ਮੰਨਦੀ, ਜਦੋਂ ਉਹ ਵੀ ਆਪਣੀ ਲੰਮੀ ਹੇਕ ਹੋਰ ਆਵਾਜ਼ਾਂ ਨਾਲ ਮਿਲਾ ਕੇ ਇਸ ਖ਼ੁਸ਼ੀ ਨੂੰ ਕਈ ਗੁਣਾ ਕਰ ਲੈਂਦੀ।

ਘੋੜੀ ਦਾ ਸਿਖਰ ਉਦੋਂ ਹੁੰਦਾ ਸੀ, ਜਦੋਂ ਬਰਾਤ ਤੁਰਨੀ ਹੁੰਦੀ ਸੀ। ਉਦੋਂ ਅੱਜ ਵਾਂਗ ਕਾਰਾਂ ਨਹੀਂ ਸਨ ਹੁੰਦੀਆਂ। ਪਸ਼ੂ ਹੀ ਆਵਾਜਾਈ ਦਾ ਸਾਧਨ ਸਨ। ਵਿਆਹ ਵਾਲੇ ਲੜਕੇ ਨੂੰ ਘੋੜੀ 'ਤੇ ਚੜ੍ਹਾਇਆ ਜਾਂਦਾ ਸੀ। ਕੁੜੀਆਂ ਇਸ ਸਜੀ ਹੋਈ ਘੋੜੀ ਨੂੰ ਥਾਲੀ 'ਚ ਲਿਆ ਕੇ ਦਾਣਾ ਪਾਉਂਦੀਆਂ ਅਤੇ ਵਾਗ ਗੁੰਦਦੀਆਂ। ਭਾਬੀਆਂ ਵਿਆਹ ਵਾਲੇ ਮੁੰਡੇ ਦੇ ਸੁਰਮਾ ਪਾਉਂਦੀਆਂ। ਭੈਣਾਂ ਅਤੇ ਹੋਰ ਲੜਕੀਆਂ ਪਿੱਛੇ ਤੋਂ ਮਿਲ ਕੇ ਗੀਤ ਗਾਉਂਦੀਆਂ। ਇਹ ਖ਼ੁਸ਼ੀ ਦੇ, ਸ਼ਾਨ ਦੇ, ਪ੍ਰਸੰਸਾ ਦੇ ਅਤੇ ਸ਼ੁਭ ਦੁਆਵਾਂ ਵਾਲੇ ਲੈਅ ਭਰੇ ਬੋਲ ਹੀ ਘੋੜੀਆਂ ਕਹਾਉਂਦੇ ਹਨ।

ਘੋੜੀ ਵਿੱਚ ਮਾਂ-ਭੈਣ ਅਤੇ ਭਰਜਾਈ ਦੀਆਂ ਰੀਝਾਂ ਇੱਕ ਤਾਲ ਵਿੱਚ ਗੂੰਜਦੀਆਂ ਹਨ:

* ਨਿੱਕੀ ਨਿੱਕੀ ਬੂੰਦੀ
ਵੇ ਨਿੱਕਿਆ, ਮੀਂਹ ਵੇ ਵਰ੍ਹੇ
ਮਾਂ ਵੇ ਸੁਹਾਗਣ, ਤੇਰੇ ਸ਼ਗਨ ਕਰੇ।
ਵੇ ਨਿੱਕਿਆ, ਤੇਰੇ ਸ਼ਗਨ ਕਰੇ।
* ਵੇ ਨਿੱਕਿਆ, ਦੰਮਾਂ ਦੀ ਬੋਰੀ
ਤੇਰਾ ਬਾਬਾ ਫੜੇ।
ਨੀਲੀ ਨੀਲੀ ਵੇ ਘੋੜੀ
ਮੇਰਾ ਨਿੱਕੜਾ ਚੜ੍ਹੇ।
* ਵੇ ਨਿੱਕਿਆ, ਭੈਣ ਵੇ ਸੁਹਾਗਣ
ਤੇਰੀ ਵਾਗ ਫੜੇ।
ਵੇ ਨਿੱਕਿਆ, ਪੀਲੀ ਪੀਲੀ ਦਾਲ
ਤੇਰੀ ਘੋੜੀ ਚਰੇ।



ਜਿਸ ਘੋੜੀ 'ਤੇ ਲਾੜਾ ਬਿਠਾਇਆ ਗਿਆ ਹੁੰਦਾ ਹੈ, ਉਹ ਕੋਈ ਆਮ ਘੋੜੀ ਥੋੜ੍ਹਾ ਰਹਿ ਜਾਂਦੀ ਹੈ। ਪਹਿਲੀ ਗੱਲ ਤਾਂ ਇਹ ਕਿ ਇਸ ਘੋੜੀ ਨੂੰ ਵੀ ਖ਼ੂਬ ਸਜਾਇਆ ਗਿਆ ਹੁੰਦਾ ਹੈ। ਫਿਰ ਇਹ ਲਾੜੇ ਨੂੰ ਲਿਜਾਣ ਵਾਲੀ ਘੋੜੀ ਵੀ ਸਿਫਤ ਸਲਾਹ ਅਤੇ ਦੁਆਵਾਂ ਦੀ ਹੱਕਦਾਰ ਬਣ ਜਾਂਦੀ ਹੈ।

* ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ
ਚਾਂਦੀ ਦੇ ਪੈਂਖੜ ਪਾਏ ਰਾਮਾ।
ਬਾਬਾ ਵਿਆਹੁਣ ਪੋਤਰੇ ਨੂੰ ਚੱਲਿਆ
ਲੱਠੇ ਨੇ ਖੜ ਖੜ ਲਾਈ ਰਾਮਾ।
* ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ
ਚਾਂਦੀ ਦੇ ਪੈਂਖੜ ਪਾਏ ਰਾਮਾ।
ਬਾਬਲ ਵਿਆਹੁਣ ਪੁੱਤਰ ਨੂੰ ਚੱਲਿਆ
ਦੰਮਾਂ ਨੇ ਖੜ ਖੜ ਲਾਈ ਰਾਮਾ।

ਇਸੇ ਤਰ੍ਹਾਂ ਰਿਸ਼ਤਾ ਬਦਲ ਬਦਲ ਕੇ ਦੁਹਰਾਅ ਹੁੰਦਾ ਰਹਿੰਦਾ ਹੈ। ਮਾਮੇ ਵੇਲੇ ਛਾਪਾਂ, ਚਾਚੇ ਵੇਲੇ ਰੱਥ ਗੱਡੀਆਂ ਅਤੇ ਵੀਰ ਵੇਲੇ ਊਠ ਹਨ, ਜੋ ਖੜ ਖੜ ਲਾਉਣ ਦਾ ਕੰਮ ਕਰਦੇ ਹਨ। ਘੋੜੀ 'ਤੇ ਚੜ੍ਹੇ ਵੀਰ ਦਾ ਭੈਣਾਂ ਨੂੰ ਕਿੰਨਾ ਚਾਅ ਹੈ, ਇਹ ਉਨ੍ਹਾਂ ਤੋਂ ਸੰਭਾਲਿਆ ਨਹੀਂ ਜਾ ਰਿਹਾ। ਇਸ ਸਮੇਂ ਭੈਣਾਂ ਆਪਣੀ ਚੁੰਨੀ ਨਾਲ ਵੀਰ ਦੇ ਵਾਲ ਝੱਲਦੀਆਂ ਹਨ, ਜਿਵੇਂ ਕੋਈ ਚੌਰਦਾਰ ਕਿਸੇ ਰਾਜੇ ਮਹਾਰਾਜੇ ਨੂੰ ਚੌਰ ਕਰਦਾ ਹੋਵੇ। ਇਸ ਤਰ੍ਹਾਂ ਵਾਲ ਝੱਲਦੀਆਂ ਭੈਣਾਂ ਨਾਲ ਨਾਲ ਵੀਰ ਤੋਂ ਬਲਿਹਾਰੇ ਵੀ ਜਾ ਰਹੀਆਂ ਹਨ ਅਤੇ ਦੁਆਵਾਂ ਵੀ ਮਣਾ ਮੂੰਹੀਂ ਵੰਡ ਰਹੀਆਂ ਹਨ:

* ਜਦੋਂ ਚੜ੍ਹਿਆ ਵੀਰਾ ਘੋੜੀ ਵੇ
ਤੇਰੇ ਨਾਲ ਭਰਾਵਾਂ ਦੀ ਜੋੜੀ ਵੇ
ਲਟਕੇਂਦੜੇ ਵਾਲ ਸੋਨੇ ਦੇ।
ਸੋਹਣਿਆਂ ਵੀਰਾ! ਮੈਂ ਤੈਨੂੰ ਘੋੜੀ ਚੜ੍ਹੇਨੀ ਆਂ!
* ਜਦੋਂ ਲੱਗੀਆਂ ਵੀਰਾ ਤੈਨੂੰ ਮਾਈਆਂ ਵੇ
ਤੇਰੀ ਮਾਂ ਨੂੰ ਮਿਲਣ ਵਧਾਈਆਂ ਵੇ
ਲਟਕੇਂਦੜੇ ਵਾਲ ਸੋਨੇ ਦੇ।
ਸੋਹਣਿਆਂ ਵੀਰਾ! ਮੈਂ ਤੈਨੂੰ ਘੋੜੀ ਚੜ੍ਹੇਨੀ ਆਂ!
* ਮੇਰੇ ਚੰਨ ਨਾਲੋਂ ਸੋਹਣਿਆਂ ਵੀਰਾ ਵੇ
ਤੇਰੇ ਸਿਰ ਸੋਨੇ ਦਾ ਚੀਰਾ ਵੇ
ਲਟਕੇਂਦੜੇ ਵਾਲ ਸੋਨੇ ਦੇ
ਸੋਹਣਿਆਂ ਵੀਰਾ! ਮੈਂ ਤੈਨੂੰ ਘੋੜੀ ਚੜ੍ਹੇਨੀ ਆਂ!
* ਜਦ ਚੜ੍ਹਿਆ ਵੀਰਾ ਖਾਰੇ ਵੇ
ਤੇਰਾ ਬਾਪ ਰੁਪਈਏ ਵਾਰੇ ਵੇ
ਲਟਕੇਂਦੜੇ ਵਾਲ ਸੋਨੇ ਦੇ।
ਸੋਹਣਿਆਂ ਵੀਰਾ! ਮੈਂ ਤੈਨੂੰ ਘੋੜੀ ਚੜ੍ਹੇਨੀ ਆਂ!

ਸਿਰਫ਼ ਘੋੜੀ ਨੂੰ ਮੁੱਖ ਰੱਖ ਕੇ ਹੀ ਕਾਫ਼ੀ ਗੀਤ ਹਨ। ਜਿਵੇਂ:

* ਘੋੜੀ ਸੋਂਹਦੀ ਕਾਠੀਆਂ ਦੇ ਨਾਲ
ਮੈਂ ਬਲਿਹਾਰੀ ਵੇ, ਮਾਂ ਦਿਆ ਸੁਰਜਣਾਂ।
* ਘੋੜੀ ਬਾਬੇ ਵਿਹੜੇ ਜਾ, ਤੇਰੇ ਬਾਬੇ ਦੇ ਮਨ ਸ਼ਾਦੀਆਂ
ਨੀਂ ਘੋੜੀ ਰਾਵਲੀ ਸਹੀਓ।
* ਘੋੜਾ ਤਾਂ ਬੀੜੀ ਵੇ ਵੀਰਾ
ਬਾਗਾਂ ਵੱਲ ਜਾਵੀਂ ਵੇ।
* ਘੋੜੀ ਤੇਰੀ ਅੰਬਰਸਰ ਦੀ
ਕਾਠੀ ਬਣੀ ਪਟਿਆਲੇ।
* ਘੋੜੀ ਤਾਂ ਮੇਰੇ ਕਾਨ੍ਹ ਦੀ,
ਨੀਂ ਦੀਵਾਨ ਦੀ, ਧੰਨ ਘੋੜੀ।
* ਸੋਹਣੀ ਨੀਂ ਘੋੜੀ ਵੀਰ ਦੀ
ਉੱਚੇ ਨੂੰ ਪਾਣੀ ਡੋਲੀਏ।



* ਵੀਰਾ ਘੋੜੀ ਵਿਕੇਂਦੀਆਂ ਵੇ
ਗੰਗਾ ਯਮੁਨਾ ਤੋਂ ਪਾਰ!

ਇਨ੍ਹਾਂ ਗੀਤਾਂ ਵਿੱਚ ਘੋੜੀ ਦੀ ਸ਼ਾਨ, ਘੋੜੀ 'ਤੇ ਬੈਠੇ ਵੀ ਦੀ ਸ਼ਾਨ ਅਤੇ ਵੀਰ ਤੇ ਘੋੜੀ ਪ੍ਰਤੀ ਚਾਅ ਅਤੇ ਲਾਡ ਦਿਖਾਇਆ ਗਿਆ ਹੈ। ਉਹ ਘੋੜੀ ਵੀ ਧੰਨ ਹੈ ਜਿਸ 'ਤੇ ਬੈਠ ਕੇ ਚੰਨ ਜਿਹੇ ਵੀਰ ਨੇ ਸੋਹਣੀ ਭਾਬੀ ਲਿਆਉਣੀ ਹੈ। ਇਹ ਦਿਨ ਸੱਚਮੁੱਚ ਭਾਗਾਂ ਵਾਲਾ ਹੈ। ਲੜਕੇ ਦੇ ਜਨਮ ਤੋਂ ਲੈ ਕੇ ਹਰ ਉਹ ਦਿਨ ਭਾਗਾਂ ਭਰਿਆ ਹੈ, ਜਿਸ ਵਿੱਚ ਉਹ ਜੰਮਿਆ, ਪਲਿਆ, ਵੱਡਾ ਹੋਇਆ, ਵਿਆਹ ਕਰਵਾਉਣ ਚੱਲਿਆ। ਉਹ ਘਰ, ਉਹ ਵਿਹੜਾ ਭਾਗਾਂ ਭਰਿਆ ਹੈ। ਹੇਕ ਉੱਠਦੀ ਹੈ:

* ਹਰਿਆ ਨੀਂ ਮਾਏ, ਹਰਿਆ ਨੀਂ ਭੈਣੇ
ਹਰਿਆ ਤੇ ਭਾਗੀਂ ਭਰਿਆ।
ਜਿਸ ਦਿਹਾੜੇ ਮੇਰਾ ਹਰਿਆ ਨੀਂ ਜੰਮਿਆ
ਸੋਈ ਦਿਹਾੜਾ ਭਾਗੀਂ ਭਰਿਆ।

ਵਿਆਹ ਵਾਲੇ ਦਿਨ ਕਿੰਨੇ ਹੀ ਲਾਗੀਆਂ ਅਤੇ ਕੰਮੀਆਂ ਨੂੰ ਲਾਗ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਸਭ ਨੂੰ ਖ਼ੁਸ਼ੀਆਂ ਵਿੱਚ ਸ਼ਾਮਲ ਕਰ ਕੇ ਰੂਹ ਨੂੰ ਸਕੂਨ ਮਿਲਦਾ ਹੈ:

* ਪੁੱਛਦੀ ਪੁੱਛਾਂਦੀ ਮਾਲਣ ਗਲੀ 'ਚ ਆਈ
ਸ਼ਾਦੀ ਵਾਲਾ ਘਰ ਕਿਹੜਾ!
ਉਚੜੇ ਤੰਬੂ ਮਾਲਣ ਸਬਜ ਕਨਾਤਾਂ
ਸ਼ਾਦੀ ਵਾਲਾ ਘਰ ਇਹੋ।
* ਆ ਮੇਰੀ ਮਾਲਣ ਬੰਨ੍ਹ ਨੀਂ ਸਿਹਰਾ
ਕਰ ਨੀਂ ਸਿਹਰੇ ਦਾ ਮੁੱਲ।
ਇੱਕ ਲੱਖ ਚੰਬਾ ਦੋ ਲੱਖ ਮਰੂਆ
ਤ੍ਰੈ ਲੱਖ ਸਿਹਰੇ ਦਾ ਮੁੱਲ।

ਇਸ ਤਰ੍ਹਾਂ ਇਨ੍ਹਾਂ ਗੀਤਾਂ ਵਿੱਚ ਨਿੱਕੇ ਨਿੱਕੇ ਚਾਅ, ਉਮੰਗਾਂ, ਰੀਝਾਂ, ਖ਼ੁਸ਼ੀਆਂ ਪਰੋਈਆਂ ਹੋਈਆਂ ਹਨ।ਅੱਜ ਪੈਲੇਸ ਕਲਚਰ ਵਿੱਚ ਰਸਮ ਰੂਪ ਵਿੱਚ ਜੋ ਕੀਤਾ ਜਾਂਦਾ ਹੈ, ਉਸ ਵਿੱਚ ਉਹ ਨਿੱਘ ਅਤੇ ਉਤਸ਼ਾਹ ਨਹੀਂ ਹੈ। ਬਣਾਉਟੀਪਣ ਭਾਰੂ ਹੈ। ਅੱਜ ਲੰਮੀਆਂ ਹੇਕਾਂ ਲਗਾਉਣ ਦਾ ਕਿਸ ਵਿੱਚ ਜੇਰਾ ਹੈ?



# ਅੰਬੀ ਦਿਆ ਬੂਟਿਆ ...

## ਸਾਡੇ ਜੀਵਨ ਦੀ ਮਹਿਫ਼ਲ ਨੂੰ ਰੁੱਖਾਂ ਨੇ ਬਣਾਇਆ ਹੈ ਰੰਗੀਨ

ਬਲਜਿੰਦਰ ਮਾਨ

ਮਨੁੱਖੀ ਜ਼ਿੰਦਗੀ ਨੂੰ ਸ਼ਿੰਗਾਰਨ ਵਿੱਚ ਜਿੱਥੇ ਅਨੇਕਾਂ ਪ੍ਰਕਾਰ ਦੇ ਸਾਧਨ ਹਿੱਸਾ ਪਾਉਂਦੇ ਹਨ ਉੱਥੇ ਰੁੱਖ ਵੀ ਇਸ ਜੀਵਨ ਨੂੰ ਚਿਰੰਜੀਵ ਅਤੇ ਮਨਮੋਹਕ ਬਣਾਉਣ ਵਿੱਚ ਪਿੱਛੇ ਨਹੀਂ ਰਹਿੰਦੇ। ਆਮ ਮਨੁੱਖ ਦੀ ਗੱਲ ਤਾਂ ਇੱਕ ਪਾਸੇ ਰਹੀ ਸਗੋਂ ਮਹਾਪੁਰਖਾਂ ਨੇ ਤਾਂ ਕੁਦਰਤ ਦੀ ਗੋਦੀ ਵਿੱਚ ਬੈਠ ਕੇ ਅਲਾਹੀ ਆਨੰਦ ਹਾਸਿਲ ਕੀਤਾ। ਇੱਥੋਂ ਤੱਕ ਕਿ ਵਿਸ਼ਵ ਪ੍ਰਸਿੱਧ ਕਵੀ ਵਿਲੀਅਮ ਵਰਡਜ਼ਵਰਥ ਨੇ ਆਪਣੀਆਂ ਰਚਨਾਵਾਂ ਵਿੱਚ ਰੁੱਖਾਂ ਨੂੰ ਅਹਿਮ ਸਥਾਨ ਦਿੱਤਾ ਹੈ। ਭਾਰਤ ਦੇ ਪਹਿਲੇ ਨੋਬੇਲ ਪੁਰਸਕਾਰ ਜੇਤੂ ਕਵੀ ਰਬਿੰਦਰ ਨਾਥ ਟੈਗੋਰ ਨੇ ਵੀ ਸ਼ਾਂਤੀ ਨਿਕੇਤਨ ਬਣਾ ਕੇ ਜਸ ਖੱਟਿਆ। ਭਗਵਾਨ ਕ੍ਰਿਸ਼ਨ ਨੇ ਆਪਣੀ ਬੰਸਰੀ ਦਾ ਸੁਰ ਜਦੋਂ ਦਰੱਖਤਾਂ 'ਤੇ ਬਹਿ ਕੇ ਛੇੜਿਆ ਤਾਂ ਗੋਪੀਆਂ ਨੇ ਤਾਂ ਮੰਤਰ-ਮੁਗਧ ਹੋਣਾ ਹੀ ਸੀ ਸਗੋਂ ਕੁਦਰਤ ਰਾਣੀ ਵੀ ਆਪਣਾ ਸ਼ੋਰ-ਸ਼ਰਾਬਾ ਬੰਦ ਕਰਕੇ ਸੁਰੀਲੀ ਆਵਾਜ਼ ਵਿੱਚ ਲੀਨ ਹੋ ਗਈ। ਇੱਥੇ ਹੀ ਬਸ ਨਹੀਂ ਸਗੋਂ ਰਿਗਵੇਦ, ਜੋ ਪੰਜਾਬ ਦੀ ਧਰਤੀ 'ਤੇ ਰਚਿਆ ਗਿਆ, ਉਸ ਵਿੱਚ ਵੀ ਰੁੱਖਾਂ ਬਾਰੇ ਵਰਣਨ ਮਿਲਦਾ ਹੈ। ਦੇਵੀ-ਦੇਵਤੇ ਵੀ ਰੁੱਖਾਂ ਨੂੰ ਪਿਆਰਨ ਤੋਂ ਪਿੱਛੇ ਨਹੀਂ ਰਹੇ। ਲੱਛਮੀ ਨੂੰ ਕਚਨਾਰ ਦੇ ਫੁੱਲਾਂ ਨਾਲ ਡਾਢਾ ਪ੍ਰੇਮ ਸੀ। ਮਹਾਤਮਾ ਬੁੱਧ ਨੇ ਅਧਿਆਤਮਕ ਗਿਆਨ ਬੋਹੜ ਦੇ ਰੁੱਖ ਹੇਠਾਂ ਬਹਿ ਕੇ ਹਾਸਿਲ ਕੀਤਾ।

ਪੂਰੀ ਦੁਨੀਆਂ ਵਿੱਚ ਦਰੱਖਤਾਂ ਦੀ ਵੰਨ-ਸੁਵੰਨਤਾ ਦਾ ਕੋਈ ਅੰਤ ਨਹੀਂ। ਮੈਕਸਿਕੋ ਵਿੱਚ 48 ਮੀਟਰ ਫੇਰ ਦੇ ਮੋਟੇ ਅਤੇ 105 ਮੀਟਰ ਤੱਕ ਉੱਚੇ ਰੁੱਖ ਮਿਲਦੇ ਹਨ। ਕਈਆਂ ਦੇ ਤਣਿਆਂ ਵਿੱਚ ਸੜਕਾਂ ਬਣਾਈਆਂ ਗਈਆਂ ਹਨ। ਸ੍ਰੀਲੰਕਾ ਵਿੱਚ ਮਹਾਰਾਜਾ ਅਸ਼ੋਕ ਦੀ ਭੈਣ ਹੱਥੀਂ ਲੱਗਿਆ ਰੁੱਖ ਅੱਜ ਵੀ ਮੌਜੂਦ ਹੈ। ਪਾਕਿਸਤਾਨ ਵਿਚਲੀ ਛਾਂਗਾ-ਮਾਗਾ ਟਾਹਲੀ ਆਪਣੀ ਪੱਕੀ ਲੱਕੜ ਲਈ ਵਿਸ਼ਵ ਪ੍ਰਸਿੱਧ ਹੈ। ਸੁਨਾਮ ਤੇ ਸਨੌਰ ਦੀਆਂ ਬੇਰੀਆਂ ਦੇ ਬੇਰਾਂ ਦਾ ਸਵਾਦ ਵੀ ਵੱਖਰਾ ਹੈ।

ਮੈਂ ਬੇਰੀਆਂ ਦੇ ਟਾਹਣ ਹਿਲਾਵਾਂ
ਪੱਕੇ-ਪੱਕੇ ਬੇਰ ਚੁਗ ਲੈ।

ਰੁੱਖਾਂ ਨੇ ਸਾਡੇ ਜੀਵਨ ਦੀ ਇਸ ਮਹਿਫਲ ਨੂੰ ਰੰਗੀਨ ਬਣਾਇਆ ਹੈ। ਪਿਆਰ ਜਿਸ ਤੋਂ ਬਗੈਰ ਇਹ ਜ਼ਿੰਦਗੀ ਅਧੂਰੀ ਹੈ ਦਾ ਪਹਿਲਾਂ ਜ਼ਿਕਰ ਕਰੀਏ ਤਾਂ ਚੰਗਾ ਹੈ। ਅੰਬ ਦਾ ਬੂਟਾ ਜੋ ਕਿਸੇ ਦੇ ਪਿਆਰ ਦੀ ਗਵਾਹੀ ਭਰਦਾ ਹੈ ਤਾਂ ਔਰਤ ਆਪਣੀ ਜਵਾਨੀ ਦੀਆਂ ਰੰਗਲੀਆਂ ਯਾਦਾਂ ਨੂੰ ਯਾਦ ਕਰਕੇ ਆਖਦੀ ਹੈ:

ਅੰਬੀ ਦਿਆ ਬੂਟਿਆ
ਕਦੇ ਤੇਰੇ ਥੱਲੇ ਬਹਿ ਕੇ
ਮੈਂ ਤੇ ਮਾਹੀ ਕੀਤਾ ਸੀ ਪਿਆਰ।

ਅੰਬਾਂ ਦੇ ਰੁੱਖਾਂ ਨੂੰ ਜਦੋਂ ਬੂਰ ਪੈਂਦਾ ਹੈ ਤਾਂ ਕੋਇਲ ਵੀ ਆਪਣੀ ਸੁਰੀਲੀ ਆਵਾਜ਼ ਨਾਲ ਟੂੰ-ਹੂੰ, ਟੂੰ-ਹੂੰ ਦਾ ਨਾਅਰਾ ਬੁਲੰਦ ਕਰਦੀ ਹੈ। ਪਰ ਮੁਟਿਆਰ ਨੂੰ ਇਹੀ ਆਵਾਜ਼ ਜੋ ਕਿਸੇ ਸਮੇਂ ਪਿਆਰੀ-ਪਿਆਰੀ ਲੱਗਦੀ ਸੀ, ਅੱਜ ਚੁਭਦੀ ਹੋਈ ਪ੍ਰਤੀਤ ਹੁੰਦੀ ਹੈ ਕਿਉਂਕਿ ਵਿਛੋੜੇ ਵਿੱਚ ਜੀਵਨ ਗੁਜ਼ਾਰਨਾ ਦੁੱਭਰ ਹੋ ਜਾਂਦਾ ਹੈ:

ਤੇਰੇ ਉੱਤੇ ਆਣ ਜਦੋਂ ਕੋਇਲ ਕੋਈ ਬੋਲਦੀ ਏ
ਮੈਥੋਂ ਹੁੰਦੇ ਨਹੀਓਂ ਬੋਲ ਉਹ ਸਹਾਰ।

ਪੰਜਾਬੀ ਲੋਕ ਬੋਲੀਆਂ ਵਿੱਚ ਕਿੱਕਰ, ਟਾਹਲੀ, ਪਿੱਪਲ, ਬੋਹੜ, ਅੰਬ, ਸ਼ਰੀਂਹ, ਤੂਤ, ਕਰੀਰ, ਬੇਰੀ, ਨਿੰਮ ਅਤੇ ਜੰਡ ਆਦਿ ਰੁੱਖਾਂ ਨੂੰ ਵਿਸ਼ੇਸ਼ ਥਾਂ ਹਾਸਿਲ ਹੈ। ਜਵਾਨੀ ਦੇ ਜੋਸ਼ ਦਾ ਅਥਾਹ ਭੰਡਾਰ ਸਾਉਣ ਮਹੀਨੇ ਦੀ ਉਡੀਕ ਤੀਬਰ ਇੱਛਾ ਨਾਲ ਕਰਦਾ ਹੈ ਤਾਂ ਕਿ ਉਹ ਆਪਣੇ ਜਜ਼ਬਿਆਂ ਦਾ ਇਜ਼ਹਾਰ ਕਰ ਸਕੇ:

ਪਿੱਪਲੀ ਦੇ ਟਾਹਣ ਹਿੱਲ ਗਏ
ਜਦੋਂ ਪੀਂਘ ਜੱਟੀ ਨੇ ਚੜ੍ਹਾਈ
ਪੱਤਿਆਂ ਨੂੰ ਰੂਪ ਚੜ੍ਹ ਗਏ
ਜੱਟੀ ਲਾ ਕੇ ਜਿਨ੍ਹਾਂ ਨੂੰ ਹੱਥ ਆਈ।
***
ਸੱਜਣਾਂ ਦੇ ਵਿਹੜੇ ਦੀ
ਕੌੜੀ ਨਿੰਮ ਨੂੰ ਪਤਾਸੇ ਲੱਗਦੇ।

ਸਾਉਣ ਦੇ ਮਹੀਨੇ ਵਿੱਚ ਲੜਕੀਆਂ, ਔਰਤਾਂ ਅਤੇ ਬੁੱਢੀਆਂ ਦੇ ਪਿਆਰ ਦਾ ਸਮੁੰਦਰ ਸਭ ਹੱਦਾਂ-ਬੰਨੇ ਟੱਪਣ ਲੱਗਦਾ ਹੈ। ਫਿਰ ਪੀਂਘ ਦੇ ਹੁਲਾਰੇ ਨਾਲ ਮੁਟਿਆਰ ਦਾ ਮਨ ਤਾਂ ਹਲੂਣਾ ਖਾਂਦਾ ਹੀ ਹੈ ਪਰ ਪਿੱਪਲ ਆਪਣੀ ਬੁੱਕਲ ਵਿੱਚ ਸਜ-ਵਿਆਹੀਆਂ ਅਤੇ ਜਵਾਨੀ ਦੀ ਦਹਿਲੀਜ਼ 'ਤੇ ਦਸਤਕ ਦਿੰਦੀਆਂ ਮੁਟਿਆਰਾਂ ਦੇਖ ਕੇ ਕਹਿ ਉੱਠਦਾ ਹੈ:

ਧੰਨ ਭਾਗ ਮੇਰੇ ਪਿੱਪਲ ਆਖੇ
ਸਾਉਣ ਵਿੱਚ ਕੁੜੀਆਂ ਪੀਂਘਾਂ ਪਾਈਆਂ।

ਰੁੱਖਾਂ ਨਾਲ ਆਦਮੀ ਦਾ ਰਿਸ਼ਤਾ ਬਹੁਤ ਨੇੜਲਾ ਹੈ ਕਿਉਂਕਿ ਰੁੱਖ ਤੇ ਮਨੁੱਖ ਦੀ ਸਾਂਝ ਸਦੀਆਂ ਪੁਰਾਣੀ ਹੈ। ਜਿੱਥੇ ਇਹ ਮਨੁੱਖੀ ਜੀਵਨ ਦੀ ਬਿਹਤਰੀ ਵਾਸਤੇ ਹਵਾ, ਲੱਕੜੀ, ਰਸ, ਫ਼ਲ, ਦਵਾਈ, ਰੰਗ ਰੋਗਨ ਅਤੇ ਪਾਣੀ ਆਦਿ ਦਾ ਪ੍ਰਬੰਧ ਕਰਦੇ ਹਨ, ਉੱਥੇ ਇਹ ਉਸ ਦੀਆਂ ਪੀੜਾਂ ਦੇ ਭਾਈਵਾਲ ਬਣਦੇ ਹੋਏ ਅਨੇਕਾਂ ਲੋੜਾਂ ਦੀ ਪੂਰਤੀ ਕਰਦੇ ਹਨ। ਜਦੋਂ ਮਿਰਜ਼ਾ ਜੰਡ ਦੇ ਹੇਠਾਂ ਮਾਰਿਆ ਜਾਂਦਾ ਹੈ ਤਾਂ ਜੰਡ ਦੇ ਪੱਤੇ ਅੱਥਰੂ ਕੇਰਦੇ ਨੇ:

ਖਰਲਾਂ ਦਾ ਜੱਟ ਮਾਰਿਆ ਅੱਜ ਹੇਠਾਂ ਮੇਰੇ।
ਪੱਤਰਾਂ ਮੇਰੇ ਕੋਮਲਾਂ ਕਈ ਅੱਥਰੂ ਕੇਰੇ।

ਅਨੇਕਾਂ ਲੋੜਾਂ ਦੀ ਪੂਰਤੀ ਕਰਨ ਵਿੱਚ ਇਨ੍ਹਾਂ ਦੀ ਭੂਮਿਕਾ ਕਾਬਲੇ ਗੌਰ ਹੈ। ਸੱਕ, ਦੁੱਧ, ਰਬੜ ਅਤੇ ਕਈ ਦਵਾਈਆਂ ਵਿੱਚ ਵਰਤੇ ਜਾਣ ਵਾਲੇ ਪਦਾਰਥ ਇਨ੍ਹਾਂ ਤੋਂ ਸਾਨੂੰ ਮੁਫ਼ਤ ਮਿਲਦੇ ਹਨ।

(ਬਾਕੀ ਸਫ਼ਾ 31 'ਤੇ)



# ਦੇਸ਼ ਦੇ ਆਰਥਿਕ ਵਿਕਾਸ ਲਈ ਜ਼ਰੂਰੀ ਹੈ ਮਾਨਸੂਨ ਦੀ ਬਰਸਾਤ



## ਮਾਨਸੂਨ ਦੌਰਾਨ 20 ਰਾਜਾਂ 'ਚ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ

1 ਜੂਨ, 2024 ਤੋਂ ਭਾਰਤ ਵਿੱਚ ਮਾਨਸੂਨ ਦੀ ਐਂਟਰੀ ਹੋਵੇਗੀ ਅਤੇ ਇਹ ਮਾਨਸੂਨ ਲਗਭਗ 15 ਸਤੰਬਰ ਤੱਕ ਰਹੇਗੀ। ਮਾਰਚ ਤੋਂ ਮਈ ਤੱਕ ਪ੍ਰੀ-ਮਾਨਸੂਨ ਰਹੇਗਾ, ਜਿਸ ਦਾ ਅਸਰ ਇਸ ਗੱਲ 'ਤੇ ਵੀ ਦੇਖਣ ਨੂੰ ਮਿਲਿਆ ਕਿ ਅਪ੍ਰੈਲ ਮਹੀਨੇ 'ਚ ਮੌਸਮ ਲਗਾਤਾਰ ਕਰਵਟ ਬਦਲਦਾ ਰਿਹਾ ਹੈ।

ਜੂਨ ਤੋਂ ਸਤੰਬਰ ਤੱਕ ਆਪਣਾ ਪ੍ਰਭਾਵ ਦਿਖਾਉਣ ਤੋਂ ਬਾਅਦ ਜਦੋਂ ਮਾਨਸੂਨ ਜਾਵੇਗਾ ਅਤੇ ਉਸ ਤੋਂ ਬਾਅਦ ਜੋ ਬਾਰਿਸ਼ ਹੋਵੇਗੀ, ਉਸ ਨੂੰ ਪੋਸਟ ਮਾਨਸੂਨ ਕਿਹਾ ਜਾਵੇਗਾ। ਓਥੇ ਹੀ ਮਾਨਸੂਨ ਦੇ ਜਾਣ ਤੋਂ ਬਾਅਦ ਸਰਦੀਆਂ ਸ਼ੁਰੂ ਹੋ ਜਾਂਦੀਆਂ ਹਨ। ਕੇਰਲ, ਕਰਨਾਟਕ ਅਤੇ ਲਕਸ਼ਦੀਪ ਦੇ ਤੱਟਵਰਤੀ ਖੇਤਰਾਂ ਵਿੱਚ ਜਦੋਂ ਭਾਰੀ ਬਾਰਸ਼ ਸ਼ੁਰੂ ਹੋਵੇਗੀ ਤਾਂ ਮਾਨਸੂਨ ਦੀ ਐਂਟਰੀ ਹੋ ਜਾਵੇਗੀ। ਮੌਸਮ ਵਿਭਾਗ ਮਾਨਸੂਨ ਦੀ ਆਮਦ ਦਾ ਐਲਾਨ ਕਰੇਗਾ। ਮਾਨਸੂਨ ਪਹਿਲਾਂ ਦੇਸ਼ ਦੇ ਅੰਡੇਮਾਨ ਅਤੇ ਨਿਕੋਬਾਰ ਵਿੱਚ ਐਂਟਰੀ ਕਰਦੀ ਹੈ ਅਤੇ ਫਿਰ ਕੇਰਲ ਦੇ ਰਸਤੇ ਪੂਰੇ ਦੇਸ਼ ਵਿੱਚ ਫੈਲ ਜਾਂਦੀ ਹੈ।

ਪਿਛਲੇ ਸਾਲ ਹਿਮਾਚਲ ਵਿੱਚ ਮਚੀ ਸੀ ਭਾਰੀ ਤਬਾਹੀ

ਭਾਰਤੀ ਮੌਸਮ ਵਿਭਾਗ ਨੇ ਇਸ ਮਾਨਸੂਨ ਵਿੱਚ ਆਮ ਨਾਲੋਂ ਵੱਧ ਬਾਰਿਸ਼ ਹੋਣ ਦੀ ਭਵਿੱਖਬਾਣੀ ਕੀਤੀ ਹੈ। 100 ਫੀਸਦੀ ਤੋਂ ਵੱਧ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਗਈ ਹੈ। ਇੱਕ ਅੰਦਾਜ਼ੇ ਅਨੁਸਾਰ

## ਅਮਰੀਕੀ ਵਿਗਿਆਨੀਆਂ ਅਨੁਸਾਰ 'ਅਲ ਨੀਨੋ' ਕਾਰਨ ਭਾਰਤ 'ਚ ਹੋਵੇਗੀ ਭਾਰੀ ਬਾਰਿਸ਼



ਲਗਭਗ 20 ਰਾਜਾਂ ਨੂੰ ਇਸ ਵਾਰ ਮਾਨਸੂਨ ਦੀ ਮਾਰ ਝੱਲਣੀ ਪਵੇਗੀ। ਮੀਂਹ ਕਿਸਾਨਾਂ ਲਈ ਲਾਹੇਵੰਦ ਰਹੇਗਾ ਪਰ ਜੇਕਰ ਲਗਾਤਾਰ ਭਾਰੀ ਮੀਂਹ ਪਿਆ ਤਾਂ ਉਨ੍ਹਾਂ ਦੀਆਂ ਫ਼ਸਲਾਂ ਨੂੰ ਵੀ ਨੁਕਸਾਨ ਹੋ ਸਕਦਾ ਹੈ।

ਪਿਛਲੇ ਸਾਲ ਮਾਨਸੂਨ 'ਚ 48 ਮਿਲੀਮੀਟਰ ਘੱਟ ਬਾਰਿਸ਼ ਹੋਈ ਸੀ। ਮੌਸਮ ਵਿਭਾਗ ਮੁਤਾਬਕ ਆਮ ਤੌਰ 'ਤੇ 868 ਮਿਲੀਮੀਟਰ ਬਾਰਿਸ਼ ਹੁੰਦੀ ਹੈ ਪਰ 2023 'ਚ ਇਹ ਸਿਰਫ 820 ਮਿਲੀਮੀਟਰ ਹੋਈ। ਮਾਨਸੂਨ 25 ਸਤੰਬਰ 2023 ਨੂੰ ਵਾਪਸ ਪਰਤਿਆ ਸੀ ਪਰ ਮੌਨਸੂਨ ਨੇ ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਤਬਾਹੀ ਮਚਾਈ ਸੀ। ਬੱਦਲ ਫਟਣ ਅਤੇ ਜ਼ਮੀਨ ਖਿਸਕਣ ਵਰਗੀਆਂ ਘਟਨਾਵਾਂ 'ਚ ਕਰੀਬ 400 ਲੋਕ ਮਾਰੇ ਗਏ ਸਨ ਅਤੇ ਪੂਰੇ ਸੂਬੇ 'ਚ 12 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਦਾ ਨੁਕਸਾਨ ਹੋਇਆ ਸੀ।

ਕਿਹੋ ਜਿਹਾ ਰਹੇਗਾ ਜੰਮੂ ਅਤੇ ਹਿਮਾਚਲ ਪ੍ਰਦੇਸ਼ ਦਾ ਮੌਸਮ?

ਜੂਨ ਮਹੀਨੇ ਵਿੱਚ ਛੁੱਟੀਆਂ ਹੋਣ ਕਾਰਨ ਲੋਕ ਘੁੰਮਣ ਦੀ ਯੋਜਨਾ ਬਣਾਉਂਦੇ ਹਨ। ਜੂਨ ਦੀ ਗਰਮੀ ਤੋਂ ਬਚਣ ਲਈ ਲੋਕ ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਪਹਾੜੀ ਇਲਾਕਿਆਂ 'ਚ ਘੁੰਮਣ ਜਾਂਦੇ ਹਨ ਪਰ ਜੂਨ ਮਹੀਨੇ 'ਚ ਮੌਨਸੂਨ ਦੀ ਬਾਰਿਸ਼ ਉਨ੍ਹਾਂ ਦੇ ਮਨਸੂਬਿਆਂ ਨੂੰ ਵਿਗਾੜ ਦਿੰਦੀ ਹੈ। ਇਸ ਸਾਲ ਮੌਸਮ ਵਿਭਾਗ ਨੇ 20 ਰਾਜਾਂ ਵਿੱਚ ਆਮ ਨਾਲੋਂ ਵੱਧ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਹੈ, ਜਦਕਿ ਕੁਝ ਰਾਜਾਂ ਵਿੱਚ ਆਮ ਮੀਂਹ ਪੈ ਸਕਦਾ ਹੈ। ਇਨ੍ਹਾਂ ਰਾਜਾਂ ਵਿੱਚ ਸੈਲਾਨੀਆਂ ਦੇ ਪਸੰਦੀਦਾ ਸੈਰ-ਸਪਾਟਾ ਰਾਜ ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਅਤੇ ਲੇਹ ਲੱਦਾਖ ਵੀ ਸ਼ਾਮਲ ਹਨ। ਮੌਸਮ ਵਿਭਾਗ ਮੁਤਾਬਕ ਇਨ੍ਹਾਂ ਸੂਬਿਆਂ 'ਚ ਆਮ ਬਾਰਿਸ਼ ਹੋਵੇਗੀ, ਇਸ ਲਈ ਸੈਲਾਨੀ ਬਰਫਬਾਰੀ ਦਾ ਆਨੰਦ ਲੈਣ ਲਈ ਇਨ੍ਹਾਂ ਸੂਬਿਆਂ 'ਚ ਜਾ ਸਕਦੇ ਹਨ। ਹਾਲਾਂਕਿ ਮੀਂਹ ਨੂੰ ਰੋਕਣ ਲਈ ਉਪਾਅ ਕਰਨੇ ਪੈਣਗੇ। ਮੌਸਮ ਵਿਭਾਗ ਨੇ ਵੀ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਹੈ।

ਇਸ ਮਾਨਸੂਨ 'ਚ ਕਿਉਂ ਹੋਵੇਗੀ ਭਾਰੀ ਬਾਰਿਸ਼?

ਮੌਨਸੂਨ 2024 ਵਿੱਚ 20 ਰਾਜਾਂ ਵਿੱਚ ਆਮ ਨਾਲੋਂ ਵੱਧ ਬਾਰਿਸ਼ ਦਾ ਕਾਰਨ 'ਅਲ ਨੀਨੋ' ਹੋ ਸਕਦਾ ਹੈ। ਪਿਛਲੇ ਸਾਲ ਹੀ ਅਮਰੀਕਾ ਦੀ ਮੌਸਮ ਵਿਗਿਆਨ ਏਜੰਸੀ ਨੇ ਸਾਲ 2024 'ਚ ਐਲ ਨੀਨੋ ਦੇ ਹਾਲਾਤ ਬਣਨ ਦੀ ਭਵਿੱਖਬਾਣੀ ਕੀਤੀ ਸੀ, ਜਿਸ ਦਾ ਭਾਰਤ 'ਤੇ ਵੀ ਅਸਰ ਪੈਣ ਦੀ ਉਮੀਦ ਜਤਾਈ ਗਈ ਸੀ ਪਰ ਜਦੋਂ ਤੱਕ ਇਹ ਭਾਰਤ ਪਹੁੰਚਦਾ, ਉਦੋਂ ਤੱਕ ਐਲ ਨੀਨੋ ਦਾ ਪ੍ਰਭਾਵ ਘੱਟ ਜਾਂਦਾ ਹੈ ਤਾਂ ਅਜਿਹੀ ਸਥਿਤੀ 'ਚ ਭਾਰਤ 'ਚ 'ਅਲ ਨੀਨੋ' ਦੀ ਸਥਿਤੀ ਬਣੇਗੀ , ਜੋ ਮਾਨਸੂਨ 'ਚ ਭਾਰੀ ਬਾਰਿਸ਼ ਹੋਣ ਦਾ ਕਾਰਨ ਬਣੇਗੀ।

ਮੌਸਮ ਵਿਭਾਗ ਮੁਤਾਬਕ ਇਸ ਸਾਲ ਅਗਸਤ ਮਹੀਨੇ 'ਚ ਲਾ-ਨੀਨਾ ਸਥਿਤੀ ਬਣਨ ਦੀ ਸੰਭਾਵਨਾ ਹੈ, ਜਿਸ ਕਾਰਨ ਇਹ ਮੀਂਹ ਕਿਸਾਨਾਂ ਲਈ ਲਾਹੇਵੰਦ ਰਹੇਗਾ। ਮਾਨਸੂਨ ਦੀ ਬਰਸਾਤ ਨੂੰ ਦੇਸ਼ ਦੇ ਆਰਥਿਕ ਵਿਕਾਸ ਲਈ ਚੰਗਾ ਮੰਨਿਆ ਜਾਂਦਾ ਹੈ ਕਿਉਂਕਿ ਅੱਜ ਵੀ ਦੇਸ਼ ਦੇ ਲਗਭਗ 80 ਫੀਸਦੀ ਕਿਸਾਨ ਸਿੰਚਾਈ ਲਈ ਬਾਰਿਸ਼ 'ਤੇ ਨਿਰਭਰ ਹਨ।

# ਪੰਜਾਬ 'ਚ ਧਰਤੀ ਹੇਠਲੇ ਪਾਣੀ ਦੇ ਗੰਭੀਰ ਸੰਕਟ ਬਾਰੇ ਚਿੰਤਾਜਨਕ ਸਥਿਤੀ

## ਯੂ.ਐਨ.ਓ. ਨੇ 2023 ਦੇ ਵਾਤਾਵਰਨ ਦੇ ਖ਼ਤਰਿਆਂ ਬਾਰੇ ਆਪਣੀ ਰਿਪੋਰਟ 'ਚ ਪੰਜਾਬ ਤੇ ਹਰਿਆਣਾ ਬਾਰੇ ਚਿੰਤਾ ਪ੍ਰਗਟਾਈ

ਸੰਯੁਕਤ ਰਾਸ਼ਟਰ ਯੂਨੀਵਰਸਿਟੀ ਨੇ 2023 ਦੇ ਵਾਤਾਵਰਨ ਦੇ ਖ਼ਤਰਿਆਂ ਬਾਰੇ ਆਪਣੀ ਰਿਪੋਰਟ ਵਿੱਚ ਪੰਜਾਬ ਤੇ ਹਰਿਆਣਾ ਵਿੱਚ ਜ਼ਮੀਨੀ ਪਾਣੀ ਘਟਣ ਬਾਰੇ ਚਿੰਤਾ ਪ੍ਰਗਟਾਈ ਹੈ। ਰਿਪੋਰਟ ਨੇ ਚਿਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਇਸ ਖ਼ਿੱਤੇ ਵਿੱਚ ਜ਼ਮੀਨੀ ਪਾਣੀ ਦੀ ਭਾਰੀ ਕਿੱਲਤ ਆਏਗੀ। ਰਿਪੋਰਟ ਅਨੁਸਾਰ ਅਸੀਂ ਖ਼ਤਰਨਾਕ ਸਥਿਤੀ ਵੱਲ ਵਧ ਰਹੇ ਹਾਂ। ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਅਨੁਸਾਰ ਭਾਰਤ 'ਚ ਸਿੰਧੂ ਗੰਗਾ ਦੇ ਮੈਦਾਨ ਦੇ ਕੁਝ ਖੇਤਰ ਪਹਿਲਾਂ ਹੀ ਧਰਤੀ ਹੇਠਲੇ ਪਾਣੀ ਦੀ ਘਾਟ ਦੇ ਖ਼ਤਰਨਾਕ ਬਿੰਦੂ ਨੂੰ ਪਾਰ ਕਰ ਚੁੱਕੇ ਹਨ ਅਤੇ ਪੰਜਾਬ ਸਮੇਤ ਪੂਰੇ ਉੱਤਰ ਪੱਛਮੀ ਖੇਤਰ ਵਿਚ ਸਾਲ 2025 ਤੱਕ ਧਰਤੀ ਹੇਠਲੇ ਪਾਣੀ ਦੀ ਘੱਟ ਉਪਲਬਧਤਾ ਦਾ ਗੰਭੀਰ ਸੰਕਟ ਹੋਣ ਦਾ ਅਨੁਮਾਨ ਹੈ ।

ਇਕ ਅਨੁਮਾਨ ਅਨੁਸਾਰ ਧਰਤੀ ਦਾ ਇੱਕ-ਤਿਹਾਈ ਹਿੱਸਾ ਬੰਜਰ ਹੋਣ ਵੱਲ ਵਧ ਰਿਹਾ ਹੈ ਅਤੇ ਹਰ ਸਾਲ 1.2 ਲੱਖ ਵਰਗ ਕਿਲੋਮੀਟਰ ਇਲਾਕਾ ਬੰਜਰ ਵਿਚ ਤਬਦੀਲ ਹੋ ਜਾਂਦਾ ਹੈ। ਅਜਿਹੀਆਂ ਤਬਦੀਲੀਆਂ ਦਾ ਉਨ੍ਹਾਂ ਇਲਾਕਿਆਂ ਦੇ ਲੋਕਾਂ 'ਤੇ ਬਹੁਤ ਮਾੜਾ ਪ੍ਰਭਾਵ ਪਵੇਗਾ। ਇੰਟਰਕਨੈਕਟਡ ਡਿਜ਼ਾਸਟਰ ਰਿਸਕ ਰਿਪੋਰਟ 2023 ਦੇ ਸਿਰਲੇਖ ਨਾਲ ਸੰਯੁਕਤ ਰਾਸ਼ਟਰ ਯੂਨੀਵਰਸਿਟੀ-ਵਾਤਾਵਰਨ ਅਤੇ ਮਨੁੱਖੀ ਸੁਰੱਖਿਆ ਸੰਸਥਾਨ ਵਲੋਂ ਪ੍ਰਕਾਸ਼ਿਤ ਰਿਪੋਰਟ ਇਸ ਗੱਲ 'ਤੇ ਰੌਸ਼ਨੀ ਪਾਉਂਦੀ ਹੈ ਕਿ ਦੁਨੀਆ ਵਾਤਾਵਰਣਕ ਤੌਰ 'ਤੇ 6 ਮਹੱਤਵਪੂਰਨ ਬਿੰਦੂਆਂ ਦੇ ਕਰੀਬ ਪਹੁੰਚ ਰਹੀ ਹੈ , ਅਲੋਪ ਹੋਣ ਦੀ ਗਤੀ ਤੇਜ਼ ਹੋ ਰਹੀ ਹੈ, ਧਰਤੀ ਹੇਠਲੇ ਪਾਣੀ ਦੀ ਕਮੀ, ਪਰਬਤੀ ਗਲੇਸ਼ੀਅਰ ਦਾ ਪਿਘਲਣਾ, ਪੁਲਾੜ ਦਾ ਮਲਬਾ, ਅਸਹਿਣਯੋਗ ਗਰਮੀ ਅਤੇ ਅਨਿਸ਼ਚਿਤ ਭਵਿੱਖ । ਵਾਤਾਵਰਣਿਕ ਰੂਪ ਨਾਲ (ਟਿਪਿੰਗ ਪੁਆਇੰਟ) ਖ਼ਤਰਨਾਕ ਬਿੰਦੂ ਧਰਤੀ ਦੀਆਂ ਪ੍ਰਣਾਲੀਆਂ ਵਿਚ ਮਹੱਤਵਪੂਰਨ ਹੱਦਾਂ ਹਨ, ਜਿਸ ਤੋਂ ਅੱਗੇ ਅਚਾਨਕ ਅਤੇ ਅਕਸਰ ਨਾ ਬਦਲਣਯੋਗ ਤਬਦੀਲੀਆਂ ਹੁੰਦੀਆਂ ਹਨ, ਜਿਸ ਨਾਲ ਈਕੋਸਿਸਟਮ, ਜਲਵਾਯੂ ਦੇ ਪੈਟਰਨ ਅਤੇ ਸਮੁੱਚੇ ਵਾਤਾਵਰਨ ਵਿਚ ਡੂੰਘੇ ਅਤੇ ਕਦੇ-ਕਦੇ ਤਬਾਹਕੁੰਨ ਬਦਲਾਅ ਹੁੰਦੇ ਹਨ। ਧਰਤੀ ਹੇਠਲੇ ਜਲ ਸਰੋਤ ਘੱਟ ਹੋਣ ਦੀ ਸਥਿਤੀ 'ਚ ਅਕਸਰ ਖੇਤੀ ਲਈ ਲਗਪਗ 70 ਪ੍ਰਤੀਸ਼ਤ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਕੀਤੀ ਜਾਂਦੀ ਹੈ । ਸੋਕੇ ਕਾਰਨ ਹੋਣ ਵਾਲੇ ਖੇਤੀ ਦੇ ਨੁਕਸਾਨ ਨੂੰ ਘੱਟ ਕਰਨ ਵਿਚ ਇਹ ਧਰਤੀ ਹੇਠਲਾ ਪਾਣੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਜਲਵਾਯੂ ਤਬਦੀਲੀ ਕਾਰਨ ਇਹ ਚੁਣੌਤੀ ਹੋਰ ਵੀ ਬਦਤਰ ਹੋਣ ਦਾ ਖਦਸ਼ਾ ਹੈ। ਰਿਪੋਰਟ ਵਿੱਚ ਚਿਤਾਵਨੀ ਦਿੱਤੀ ਗਈ ਹੈ ਕਿ ਧਰਤੀ ਹੇਠਲੇ ਜਲ ਸਰੋਤ



ਖੁਦ ਆਪਣੇ ਖਤਰਨਾਕ ਬਿੰਦੂ 'ਤੇ ਪੁੱਜ ਰਹੇ ਹਨ । ਦੁਨੀਆ ਦੇ ਅੱਧੇ ਤੋਂ ਜ਼ਿਆਦਾ ਪ੍ਰਮੁੱਖ ਧਰਤੀ ਹੇਠਲੇ ਜਲ ਸਰੋਤ ਕੁਦਰਤੀ ਤੌਰ 'ਤੇ ਫਿਰ ਤੋਂ ਭਰਨ ਦੀ ਬਜਾਏ ਤੇਜ਼ੀ ਨਾਲ ਘਟ ਰਹੇ ਹਨ । ਖੂਹਾਂ 'ਚ ਧਰਤੀ ਹੇਠਾਂ ਪਾਣੀ ਦੇ ਜਿਸ ਪੱਧਰ ਤੋਂ ਪਾਣੀ ਆਉਂਦਾ ਹੈ, ਜੇਕਰ ਪਾਣੀ ਧਰਤੀ ਹੇਠਲੇ ਪਾਣੀ ਦੇ ਉਸ ਪੱਧਰ ਤੋਂ ਹੇਠਾਂ ਚਲਾ ਜਾਂਦਾ ਹੈ ਤਾਂ ਕਿਸਾਨ ਪਾਣੀ ਤੱਕ ਪਹੁੰਚ ਗੁਆ ਸਕਦੇ ਹਨ, ਜਿਸ ਨਾਲ ਪੂਰੇ ਭੋਜਨ ਉਤਪਾਦਨ ਪ੍ਰਣਾਲੀ ਨੂੰ ਖਤਰਾ ਹੋ ਸਕਦਾ ਹੈ । ਸਾਊਦੀ ਅਰਬ ਵਰਗੇ ਕੁਝ ਦੇਸ਼ ਪਹਿਲਾਂ ਹੀ ਧਰਤੀ ਹੇਠਲੇ ਪਾਣੀ ਦੇ ਖਤਰੇ ਨੂੰ ਪਾਰ ਕਰ ਚੁੱਕੇ ਹਨ ਜਦਕਿ ਭਾਰਤ ਸਮੇਤ ਹੋਰ ਵੀ ਹੁਣ ਇਸ ਤੋਂ ਦੂਰ ਨਹੀਂ । ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਦੁਨੀਆ 'ਚ ਧਰਤੀ ਹੇਠਲੇ ਪਾਣੀ ਦਾ ਸਭ ਤੋਂ ਵੱਡਾ ਉਪਯੋਗਕਰਤਾ ਹੈ । ਭਾਰਤ ਦਾ ਉੱਤਰ-ਪੱਛਮੀ ਖੇਤਰ ਦੇਸ਼ ਦੀ ਵਧਦੀ 1.4 ਅਰਬ ਆਬਾਦੀ ਲਈ ਰੋਟੀ ਦੇ ਛਾਬੇ ਦੇ ਤੌਰ 'ਤੇ ਕੰਮ ਕਰਦਾ ਹੈ, ਜਿਸ ਵਿਚ ਪੰਜਾਬ ਅਤੇ ਹਰਿਆਣਾ ਰਾਜ ਦੇਸ਼ 'ਚ ਚੌਲ ਉਤਪਾਦਨ ਦਾ 50 ਫ਼ੀਸਦੀ ਅਤੇ 85 ਫ਼ੀਸਦੀ ਕਣਕ ਭੰਡਾਰ ਦਾ ਉਤਪਾਦਨ ਕਰਦੇ ਹਨ । ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪੰਜਾਬ 'ਚ 78 ਫ਼ੀਸਦੀ ਖੂਹਾਂ ਨੂੰ ਬਹੁਤ ਜ਼ਿਆਦਾ ਵਰਤਿਆ ਗਿਆ ਮੰਨਿਆ ਜਾਂਦਾ ਹੈ ਅਤੇ ਪੂਰੇ ਉਤਰ ਪੱਛਮੀ ਖੇਤਰ 'ਚ 2025 ਤੱਕ ਗੰਭੀਰ ਰੂਪ ਨਾਲ ਧਰਤੀ ਹੇਠਲੇ ਪਾਣੀ ਦੀ ਉਪਲਬਧਤਾ ਘਟਣ ਦਾ ਅਨੁਮਾਨ ਹੈ। ਦੁਨੀਆ ਦੇ ਦੋ-ਤਿਹਾਈ ਲੋਕ ਪਹਿਲਾਂ ਹੀ ਅਜਿਹੇ ਹਾਲਾਤ ਵਿੱਚ ਹਨ, ਜਿੰਨ੍ਹਾਂ ਵਿੱਚ ਪਾਣੀ ਦੀ ਕੁਝ ਹੱਦ ਤੱਕ ਕਮੀ ਹੈ। ਇਹੀ ਨਹੀਂ, ਅਜਿਹੇ ਵਰਤਾਰਿਆਂ ਕਰ ਕੇ 2050 ਤੱਕ ਫ਼ਸਲਾਂ ਦੀ ਪੈਦਾਵਾਰ 10 ਫ਼ੀਸਦੀ ਤੱਕ ਘਟ ਸਕਦੀ ਹੈ ਅਤੇ ਅਜਿਹਾ ਪ੍ਰਭਾਵ ਚੀਨ, ਭਾਰਤ ਤੇ ਅਫ਼ਰੀਕਾ ਮਹਾਂਦੀਪ ਦੇ ਸਬ-ਸਹਾਰਨ ਇਲਾਕਿਆਂ ਵਿੱਚ ਵੇਖਿਆ ਜਾਵੇਗਾ।

ਪੰਜਾਬ ਦੇ ਖੇਤੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਦੀ ਸਥਿਤੀ ਬਹੁਤ ਜਟਿਲ ਹੈ। ਸੂਬੇ ਦੇ 109 ਬਲਾਕਾਂ ਵਿੱਚ ਜ਼ਮੀਨੀ ਪਾਣੀ ਦੀ ਹਾਲਤ ਅਤਿਅੰਤ ਨਾਜ਼ੁਕ ਹੈ।

(**ਬਾਕੀ ਸਫ਼ਾ 31 'ਤੇ**)

# ਭਾਰਤ ਦੇ ਖੇਤਾਂ ਦਾ ਮਸ਼ੀਨੀਕਰਨ ਦੂਜੇ ਅਗਾਂਹਵਧੂ ਦੇਸ਼ਾਂ ਤੋਂ ਘੱਟ



ਡਾ. ਅੰਮ੍ਰਿਤ ਸਾਗਰ ਮਿੱਤਲ



ਖੇਤੀਬਾੜੀ, ਪਸ਼ੂ-ਪਾਲਣ ਅਤੇ ਭੋਜਨ ਪ੍ਰੋਸੈਸਿੰਗ ਬਾਰੇ ਬਣਾਈ ਗਈ ਸੰਸਦੀ ਸਥਾਈ ਕਮੇਟੀ ਨੇ ਭਾਰਤ ਦੇ ਛੋਟੇ ਅਤੇ ਹਾਸ਼ੀਏ ਦੇ ਕਿਸਾਨਾਂ ਦੀ ਬਿਹਤਰੀ ਲਈ ਖੇਤਾਂ ਦੇ ਵੱਧ ਤੋਂ ਵੱਧ ਮਸ਼ੀਨੀਕਰਨ ਦੀ ਤੁਰੰਤ ਲੋੜ 'ਤੇ ਇਕ ਵਾਰੀ ਫਿਰ ਜ਼ੋਰ ਦਿੱਤਾ ਹੈ।

ਕਮੇਟੀ ਦੀ ਤਾਜ਼ਾ ਰਿਪੋਰਟ ਇਸ ਗੱਲ 'ਤੇ ਚਾਨਣਾ ਪਾਉਂਦੀ ਹੈ ਕਿ ਖੇਤੀ ਖੇਤਰ ਦੇ ਸਨਮੁਖ ਬਹੁਪੱਖੀ ਚੁਣੌਤੀਆਂ 'ਤੇ ਕਾਬੂ ਪਾਉਣ ਲਈ ਸੰਪੂਰਨ ਮਸ਼ੀਨੀਕਰਨ ਨਾ ਸਿਰਫ਼ ਲਾਜ਼ਮੀ ਹੈ, ਬਲਕਿ ਮਹੱਤਵਪੂਰਨ ਵੀ ਹੈ, ਕਿਉਂ ਜੋ ਇਹ ਦੇਸ਼ ਦੇ ਅਰਥਚਾਰੇ 'ਚ ਇੱਕ ਖ਼ਾਸ ਭੂਮਿਕਾ ਅਦਾ ਕਰਦਾ ਹੈ। ਸੰਸਾਰ ਦੇ ਭੂਗੋਲਿਕ ਖੇਤਰ ਦਾ ਭਾਰਤ ਕੋਲ ਸਿਰਫ਼ 2.4 ਫ਼ੀਸਦੀ ਖੇਤਰ ਹੀ ਹੈ, ਜਦੋਂ ਕਿ ਸਾਰੇ ਜਲ ਸਰੋਤਾਂ ਦਾ ਸਿਰਫ਼ 4 ਫ਼ੀਸਦੀ ਹੀ ਭਾਰਤ ਕੋਲ ਹੈ, ਇਸ ਦੇ ਬਾਵਜੂਦ ਭਾਰਤ ਦਾ ਖੇਤੀ ਖੇਤਰ ਸੰਸਾਰ ਦੀ 17 ਫ਼ੀਸਦੀ ਆਬਾਦੀ ਅਤੇ 15 ਫ਼ੀਸਦੀ ਪਸ਼ੂਧਨ ਦਾ ਢਿੱਡ ਭਰ ਰਿਹਾ ਹੈ ਅਤੇ ਇਹ ਦੇਸ਼ ਦੀ ਜੀ.ਡੀ.ਪੀ. ਵਿੱਚ 20 ਫ਼ੀਸਦੀ ਹਿੱਸਾ ਪਾਉਂਦੇ ਹੋਏ ਕਰੀਬ 65 ਫ਼ੀਸਦੀ ਜਨਸੰਖਿਆ ਲਈ ਰੁਜ਼ਗਾਰ ਪੈਦਾ ਕਰਦਾ ਹੈ। ਇਸ ਲਈ ਹੁਣ, ਭਾਰਤੀ ਖੇਤੀਬਾੜੀ ਨੂੰ ਮੁੜ ਤੋਂ ਸੁਰਜੀਤ ਕਰਨ ਲਈ, ਛੋਟੇ ਅਤੇ ਹਾਸ਼ੀਏ ਦੇ ਕਿਸਾਨਾਂ ਅਤੇ ਘੱਟ ਮਸ਼ੀਨੀਕਰਨ ਵਾਲੇ ਖੇਤੀ ਖੇਤਰਾਂ ਮਸ਼ੀਨੀਕਰਨ 'ਚ ਵਾਧਾ ਕਰਦੇ ਹੋਏ, ਰਿਵਾਇਤੀ ਖੇਤੀ ਨੂੰ ਫ਼ਤਹਿ ਬੁਲਾ ਕੇ, ਉਤਪਾਦਕਤਾ ਵਧਾਉਣ ਅਤੇ ਖੇਤੀ ਨੂੰ ਇਕ ਲਾਭਕਾਰੀ ਕਿੱਤਾ ਬਣਾਉਣ ਦੀ ਡਾਹਢੀ ਲੋੜ ਹੈ।

ਭਾਰਤ ਦੇ ਖੇਤਾਂ ਦਾ ਮਸ਼ੀਨੀਕਰਨ ਦੂਜੇ ਅਗਾਂਹਵਧੂ ਦੇਸ਼ਾਂ ਤੋਂ ਘੱਟ ਹੈ। ਕਿਹਾ ਜਾਂਦਾ ਹੈ ਕਿ ਚੀਨ 'ਚ 60 ਫ਼ੀਸਦੀ ਅਤੇ ਬ੍ਰਾਜ਼ੀਲ ਵਿੱਚ 75 ਫ਼ੀਸਦੀ ਮਸ਼ੀਨੀਕਰਨ ਹੋ ਚੁੱਕਾ ਹੈ, ਜਦੋਂ ਕਿ ਭਾਰਤ ਅੱਜ ਵੀ ਕਰੀਬ 40 ਫ਼ੀਸਦੀ ਮਸ਼ੀਨੀਕਰਨ 'ਤੇ ਹੀ ਖਲੋਤਾ ਹੈ। ਧਿਆਨ ਦੇਣ ਵਾਲੀ ਗੱਲ ਇਹ ਵੀ ਹੈ ਕਿ ਪੰਜਾਬ ਅਤੇ ਹਰਿਆਣਾ ਵਰਗੇ ਖੇਤੀ ਪ੍ਰਧਾਨ ਸੂਬਿਆਂ ਨੇ ਹਰੀ ਕ੍ਰਾਂਤੀ ਦੀ ਰਹਿਨੁਮਾਈ ਕੀਤੀ ਸੀ ਅਤੇ ਉਦੋਂ ਖੇਤਾਂ ਦੇ ਮਸ਼ੀਨੀਕਰਨ ਦਾ ਪੱਧਰ 40 ਫ਼ੀਸਦੀ ਤੱਕ ਲੈ ਆਂਦਾ ਸੀ, ਜਦੋਂ ਕਿ ਭਾਰਤ ਦੇ ਦੂਜੇ ਉੱਤਰ-ਪੂਰਬੀ ਸੂਬਿਆਂ 'ਚ ਇਹ ਪੱਧਰ ਨਾਂਹ-ਮਾਤਰ ਹੀ ਹੈ।

ਸਥਾਈ ਕਮੇਟੀ ਨੇ ਦੱਸਿਆ ਹੈ ਕਿ ਭਾਰਤ ਦੀ ਵਾਹੀਯੋਗ ਕੁੱਲ ਭੂਮੀ 86 ਫ਼ੀਸਦੀ ਛੋਟੇ ਅਤੇ ਹਾਸ਼ੀਏ ਦੇ ਆਕਾਰ ਸਮੂਹਾਂ ਥੱਲੇ ਹੈ ਅਤੇ ਉਨ੍ਹਾਂ ਦੇ ਮਸ਼ੀਨੀਕਰਨ ਲਈ ਬਹੁਤ ਜ਼ਿਆਦਾ ਯਤਨ ਕਰਨ ਦੀ ਲੋੜ ਹੈ।

ਕਮੇਟੀ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਹੈ ਕਿ ਇਹ ਤਾਂ ਤੈਅ ਹੈ ਕਿ ਛੋਟੇ ਕਿਸਾਨਾਂ ਨੂੰ ਮਸ਼ੀਨਰੀ ਖਰੀਦਣ ਲਈ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਜਦੋਂ ਤੱਕ ਛੋਟੀ ਵਾਹੀ (ਆਕਾਰ) ਦੇ ਖੇਤਾਂ ਲਈ ਢੁਕਵੀਆਂ ਮਸ਼ੀਨਾਂ ਨਹੀਂ ਮੁਹੱਈਆ ਕਰਵਾਈਆਂ ਜਾਂਦੀਆਂ ਅਤੇ ਵਾਹੀ ਵਾਲੀ ਭੂਮੀ ਨੂੰ ਇਕਸਾਰ ਜਾਂ ਇਕੱਠਾ ਨਹੀਂ ਕੀਤਾ ਜਾਂਦਾ, ਉਦੋਂ ਤੱਕ, ਕੋਈ ਲਾਭ ਨਹੀਂ ਹੋ ਸਕਦਾ। ਕਿਹਾ ਜਾ ਸਕਦਾ ਹੈ ਕਿ ਮਸ਼ੀਨੀਕਰਨ ਦਾ ਪੱਧਰ 75 ਫ਼ੀਸਦੀ ਤਕ ਲੈ ਜਾਣ ਲਈ ਸਾਨੂੰ ਢਾਈ ਦਹਾਕੇ ਹੋਰ ਜਾਂ ਕਹਿ ਲਓ ਕਿ 25 ਸਾਲ ਹੋਰ ਲੱਗ ਜਾਣਗੇ।

### ਵਿਕਾਸ ਲਈ ਮੁੱਖ ਸਰੋਤ

ਅਸਰਦਾਰ ਸਰੋਤਾਂ ਦੀ ਸਹੀ ਵਰਤੋਂ ਜ਼ਰੀਏ ਖੇਤੀ ਦੀ ਲਾਗਤ ਘਟਾਉਣ ਅਤੇ ਉਤਪਾਦਕਤਾ ਵਧਾਉਣ 'ਚ ਮਸ਼ੀਨੀਕਰਨ ਦੀ ਲਾਜ਼ਮੀ ਭੂਮਿਕਾ ਨੂੰ ਅੱਡ ਨਹੀਂ ਕੀਤਾ ਜਾ ਸਕਦਾ, ਇਹ ਬਹੁਤ ਮਹੱਤਵਪੂਰਨ ਹੁੰਦੀ ਹੈ, ਇਸ ਗੱਲ ਦਾ ਇਸ਼ਾਰਾ ਮਾਹਿਰਾਂ ਅਤੇ ਕਮੇਟੀਆਂ ਨੇ ਵੀ ਕੀਤਾ ਹੈ। ਉਨ੍ਹਾਂ ਦੀ ਰਾਇ ਹੈ ਕਿ ਮਸ਼ੀਨੀਕਰਨ ਨਾਲ ਬੀਜਾਂ ਦੀ 15 ਤੋਂ 20 ਫ਼ੀਸਦੀ ਤੱਕ ਬੱਚਤ ਹੁੰਦੀ ਹੈ, ਖਾਦਾਂ 'ਚ ਅਤੇ ਪੌਦੇ ਦੇ ਉੱਗਣ ਦੀ ਦਰ 'ਚ 7 ਤੋਂ 25 ਫ਼ੀਸਦੀ ਤੱਕ ਸੁਧਾਰ ਹੁੰਦਾ ਹੈ ਅਤੇ ਸਮੇਂ ਦੀ ਵੀ ਬੱਚਤ ਹੁੰਦੀ ਹੈ।

ਨਦੀਨਾਂ ਵਿਚ 20 ਤੋਂ 40 ਫ਼ੀਸਦੀ, ਮਜ਼ਦੂਰੀ 'ਚ 20 ਤੋਂ 30 ਤੱਕ ਦੀ ਬੱਚਤ ਹੁੰਦੀ ਹੈ, ਫ਼ਸਲ ਦੀ ਘਣਤਾ (ਸੰਘਣਤਾ) ਵਿੱਚ 5 ਤੋਂ 20 ਫ਼ੀਸਦੀ ਅਤੇ ਝਾੜ ਵਿੱਚ 13 ਤੋਂ 23 ਫ਼ੀਸਦੀ ਦਾ ਵਾਧਾ ਸੰਭਵ ਹੈ। ਸਿਰਫ਼ ਏਨਾ ਹੀ ਨਹੀਂ ਇਹ ਪਾਣੀ ਅਤੇ ਮਿੱਟੀ ਦੇ ਪੌਸ਼ਟਿਕ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਕਰਨ 'ਚ ਵੀ ਮਦਦ ਕਰਦਾ ਹੈ।

### ਖੇਤ ਮਸ਼ੀਨਰੀ ਅਜੋਕੀ ਸਥਿਤੀ

ਖੇਤੀ ਅਤੇ ਇਸ ਦੇ ਨਾਲ ਮਿਲਦੇ-ਜੁਲਦੇ ਦੂਜੇ ਪਸ਼ੂਧਨ ਵਰਗੇ ਧੰਦੇ, ਇਸ ਖੇਤਰ ਦਾ ਆਧੁਨਿਕੀਕਰਨ ਕਰਨ ਦੀ ਲਗਾਤਾਰ ਮੰਗ ਕਰਦੇ ਹਨ। ਖੇਤੀ 'ਚ ਭਿੰਨਤਾ ਲਈ, ਉਹ ਚਾਹੇ ਵੱਡੇ ਪੱਧਰ 'ਤੇ ਹੋਵੇ ਜਾਂ ਛੋਟੇ। ਪਿੰਡਾਂ ਵਿੱਚ ਕਿਰਤ (ਮਜ਼ਦੂਰੀ) ਦੀ ਥੋੜ ਕਾਰਨ, ਖੇਤੀ ਔਜ਼ਾਰਾਂ ਦੇ ਵੱਡੇ ਪੱਧਰ 'ਤੇ ਵਿਸਥਾਰ ਦੀ ਲੋੜ ਹੁੰਦੀ ਹੈ। ਇੱਕ ਬੁਨਿਆਦੀ ਟਰੈਕਟਰ ਤੋਂ ਲੈ ਕੇ ਅਤਿ ਆਧੁਨਿਕ ਹਾਰਵੈਸਟਰ ਕੰਬਾਈਨ ਤੱਕ, ਇਸ ਖੇਤਰ 'ਚ ਸਾਜ਼ੋ-ਸਾਮਾਨ ਦੇ ਖ਼ਾਸ ਉਪਯੋਗ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਦੀ ਸੂਖ਼ਮ ਸਮਝ ਦੀ ਲੋੜ ਹੁੰਦੀ ਹੈ, ਇਸ ਮਸ਼ੀਨਰੀ 'ਚ ਫੀਡਿੰਗ 'ਚ ਉਪਯੋਗ ਹੋਣ ਵਾਲੇ ਵਾਲੇ ਸੰਦ, ਮੁਰਗੀਖਾਨੇ 'ਚ ਇਸਤੇਮਾਲ ਹੋਣ ਵਾਲੇ ਔਜ਼ਾਰ, ਪਸ਼ੂਆਂ ਲਈ ਕੋਰਲ ਵਾਲੀਆਂ ਰੇਹੜੀਆਂ (ਟਰਾਲੀਆਂ) ਆਦਿ ਸ਼ਾਮਿਲ ਹਨ। ਅਨੁਮਾਨ ਹੈ ਕਿ ਅਜਿਹੀ ਭਾਰਤੀ ਖੇਤੀਬਾੜੀ ਮਸ਼ੀਨਰੀ ਦਾ ਬਾਜ਼ਾਰ 2024 'ਚ 16.73 ਬਿਲੀਅਨ ਡਾਲਰ ਦਾ ਹੋਵੇਗਾ, ਜੋ ਕਿ 2029 ਤੱਕ ਪ੍ਰਭਾਵਸ਼ਾਲੀ ਢੰਗ ਨਾਲ ਵਧ ਕੇ 25.15 ਬਿਲੀਅਨ ਅਮਰੀਕੀ ਡਾਲਰ ਤੱਕ ਪੁੱਜ ਜਾਣ ਦੀ ਸੰਭਾਵਨਾ ਹੈ।

### ਪੰਜ ਤਰੀਕੇ

**ਖੇਤੀ ਇੰਜੀਨਿਅਰਿੰਗ ਡਾਇਰੈਕਟੋਰੇਟ ਦੀ ਸਥਾਪਨਾ ਕਰਨੀ:** ਸੰਸਦੀ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਸਰਕਾਰ ਦੀ ਮਸ਼ੀਨੀਕਰਨ ਨੀਤੀ ਦੀ ਪ੍ਰਭਾਵਸ਼ਾਲੀ ਅਤੇ ਅਸਰਦਾਰ ਤਰੀਕੇ ਨਾਲ ਨਿਗਰਾਨੀ ਕਰਨ ਤੇ ਉਸ ਨੂੰ ਸੁਚੱਜੇ ਢੰਗ ਨਾਲ ਲਾਗੂ ਕਰਨ ਲਈ ਹਰ ਸੂਬੇ 'ਚ ਇਕ ਡਾਇਰੈਕਟੋਰੇਟ ਦੀ ਲੋੜ ਹੈ। ਅੱਜ ਦੇ ਸਮੇਂ 'ਚ ਇਹ ਸਿਰਫ਼ ਮੱਧ ਪ੍ਰਦੇਸ਼ ਅਤੇ ਤਾਮਿਲਨਾਡੂ 'ਚ ਹੀ ਮੌਜੂਦ ਹੈ, ਪ੍ਰੰਤੂ ਭਾਰਤੀ ਖੇਤੀ ਖੋਜ ਪ੍ਰੀਸ਼ਦ (ਆਈ.ਸੀ.ਏ.ਆਰ.) ਇਸ ਨੂੰ ਹਰ ਸੂਬੇ 'ਚ ਸਥਾਪਿਤ ਕਰਨ ਦੀ ਦਿਸ਼ਾ 'ਚ ਕੰਮ ਕਰ ਰਹੀ ਹੈ। ਬਲਾਕ ਅਤੇ ਜ਼ਿਲ੍ਹਾ ਪੱਧਰ 'ਤੇ ਵੀ ਖੇਤੀ ਇੰਜੀਨੀਅਰਾਂ ਦੀ ਲੋੜ ਹੁੰਦੀ ਹੈ, ਕਿਉਂ ਜੋ ਕਿਸਾਨਾਂ ਨੂੰ ਉਨ੍ਹਾਂ ਦੇ ਬੂਹੇ 'ਤੇ ਹੀ ਮਸ਼ੀਨਰੀ ਦੀ ਸਿਖਲਾਈ ਦੇਣ, ਮੁਰੰਮਤ ਕਰਨ ਅਤੇ ਰੱਖ-ਰਖਾਅ ਵਿੱਚ ਮਦਦ ਕਰਨ ਤੇ ਉਨ੍ਹਾਂ ਦੀ ਰਹਿਨੁਮਾਈ ਕਰਨ ਲਈ ਇੰਜੀਨੀਅਰਾਂ ਦੀ ਸਹਾਇਤਾ ਉੱਥੇ ਉਪਲਬਧ ਨਹੀਂ ਹੁੰਦੀ।

**ਖੇਤ ਮਸ਼ੀਨਰੀ ਬੈਂਕ:** ਸਭ ਜਾਣਦੇ ਹਨ ਕਿ ਖੇਤੀ ਦੀ ਮਸ਼ੀਨਰੀ ਬਹੁਤ ਮਹਿੰਗੀ ਹੁੰਦੀ ਹੈ, ਛੋਟੇ ਕਿਸਾਨ ਤਾਂ ਇਸ ਨੂੰ ਖ਼ਰੀਦਣ ਦੀ ਸੋਚ ਵੀ ਨਹੀਂ ਸਕਦੇ। ਇਸ ਸਮੱਸਿਆ ਦੇ ਹੱਲ ਲਈ, ਸਰਕਾਰ ਨੇ ਲਗਭਗ ਸਾਰੇ ਹੀ ਰਾਜਾਂ 'ਚ ਕਸਟਮ ਹਾਇਰਿੰਗ ਕੇਂਦਰ (ਜਿੱਥੇ ਗਾਹਕ ਨੂੰ ਮਸ਼ੀਨਰੀ ਕਿਰਾਏ 'ਤੇ ਦਿੱਤੀ ਜਾ ਸਕੇ) ਅਤੇ ਖੇਤੀ ਮਸ਼ੀਨਰੀ ਬੈਂਕ ਸਥਾਪਿਤ ਕੀਤੇ ਹਨ, ਇੱਥੇ ਕਿਸਾਨ ਆਪਣੀ ਮਸ਼ੀਨਰੀ ਇੱਕ ਦੂਜੇ ਨਾਲ ਮਿਲ-ਵੰਡ ਕੇ ਇਸਤੇਮਾਲ ਕਰ ਸਕਦੇ ਹਨ, ਪਰ ਫਿਰ ਵੀ ਇਹ ਸੁਵਿਧਾ ਹਾਲੇ ਪਿੰਡਾਂ ਦੀਆਂ ਪੰਚਾਇਤਾਂ ਦੀ ਪੱਧਰ 'ਤੇ ਮੁਹੱਈਆ ਨਹੀਂ ਹੋ ਸਕੀ।

**ਪੂਰੀ ਤੇ ਪੱਕੀ ਯੋਜਨਾ:** ਤੰਬਰ 2022 'ਚ ਖੇਤੀ ਮਸ਼ੀਨੀਕਰਨ ਦੇ ਸਬ ਮਿਸ਼ਨ ਨੂੰ ਰਾਸ਼ਟਰੀ ਖੇਤੀ ਵਿਕਾਸ ਯੋਜਨਾ 'ਚ ਹੀ ਮਿਲਾ ਦਿੱਤਾ ਗਿਆ ਸੀ, ਇਸ ਕਾਰਨ ਇਸ ਦਾ ਅਸਰ ਹਲਕਾ ਪੈ ਗਿਆ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੂਰੀ ਤਰ੍ਹਾਂ ਨਾਲ ਵਿਕਸਿਤ ਇੱਕ ਖੇਤੀਬਾੜੀ ਮਸ਼ੀਨੀਕਰਨ ਯੋਜਨਾ ਬਣਾਵੇ ਤਾਂ ਜੋ ਇਸ ਪ੍ਰਕਿਰਿਆ ਨੂੰ ਗਤੀ ਦਿੱਤੀ ਜਾ ਸਕੇ।

**ਖੋਜ ਤੇ ਵਿਕਾਸ ਲਈ ਪੈਸੇ ਦਾ ਪ੍ਰਬੰਧ:** ਖੇਤੀਬਾੜੀ ਮਸ਼ੀਨੀਕਰਨ ਯੋਜਨਾ ਦੇ ਖੋਜ ਅਤੇ ਵਿਕਾਸ ਵਿਭਾਗ ਲਈ ਦਿੱਤੀ ਜਾਣ ਵਾਲੀ ਬਜਟ ਰਾਸ਼ੀ 'ਚ ਪਿਛਲੇ ਚਾਰ ਸਾਲਾਂ ਤੋਂ ਲਗਾਤਾਰ ਗਿਰਾਵਟ ਆ ਰਹੀ ਹੈ, ਗ਼ੌਰ ਕੀਤਾ ਜਾਵੇ ਕਿ ਇਸ 'ਚ 2019-20 ਤੋਂ 2023-24 ਦੌਰਾਨ 30 ਫ਼ੀਸਦੀ ਦੇ ਕਰੀਬ ਦੀ ਮਹੱਤਵਪੂਰਨ ਕਮੀ ਆਈ ਹੈ ਤੇ ਇਸ ਵੱਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

**ਟੈਕਸ ਅਤੇ ਡਿਊਟੀ ਪ੍ਰੋਤਸਾਹਨ ਰਾਸ਼ੀ:** ਘੱਟ ਹਾਰਸਪਾਵਰ ਦੇ ਟਰੈਕਟਰਾਂ ਨੂੰ ਉਤਸ਼ਾਹਿਤ ਕਰਨ ਵਾਸਤੇ ਤੇ ਜਿਨ੍ਹਾਂ ਦੀ ਵਰਤੋਂ ਜ਼ਿਆਦਾਤਰ ਛੋਟੇ ਅਤੇ ਹਾਸ਼ੀਏ ਦੇ ਕਿਸਾਨਾਂ ਅਤੇ ਬਾਗ਼ ਲਾਉਣ ਵਾਲਿਆਂ ਵਲੋਂ ਹੀ ਕੀਤੀ ਜਾਂਦੀ ਹੈ। ਟਰੈਕਟਰਾਂ ਅਤੇ ਉਸ ਦੀ ਸਹਾਇਕ ਮਸ਼ੀਨਰੀ 'ਤੇ ਇਸ ਵੇਲੇ 12 ਫ਼ੀਸਦੀ ਜੀ.ਐੱਸ.ਟੀ. ਲਗਦਾ ਹੈ। ਇਸ ਦਾ ਸਿੱਧਾ ਜਿਹਾ ਮਤਲਬ ਇਹ ਨਿਕਲਦਾ ਹੈ ਕਿ 5-7 ਲੱਖ ਦੀ ਲਾਗਤ ਵਾਲੇ ਇੱਕ ਛੋਟੇ ਟਰੈਕਟਰ 'ਤੇ ਇੱਕ ਕਿਸਾਨ ਨੂੰ ਕਰੀਬ 60 ਤੋਂ 84 ਹਜ਼ਾਰ ਰੁਪਏ ਦਾ ਜੀ.ਐੱਸ.ਟੀ. ਭਰਨਾ ਪੈਂਦਾ ਹੈ। ਛੋਟੇ ਕਿਸਾਨਾਂ ਲਈ ਇਸ ਨੂੰ ਹੋਰ ਜ਼ਿਆਦਾ ਕਿਫ਼ਾਇਤੀ ਬਣਾਉਣ ਲਈ ਜਾਂ ਤਾਂ ਜੀ.ਐੱਸ.ਟੀ. ਨੂੰ ਸਿਫ਼ਰ ਕੀਤਾ ਜਾਵੇ ਅਤੇ ਜਾਂ ਫਿਰ ਇਹ 5 ਫ਼ੀਸਦੀ ਕੀਤਾ ਜਾ ਸਕਦਾ ਹੈ। ਨਿਰੰਤਰ ਵਿਕਾਸ ਲਈ ਘੱਟ ਮਸ਼ੀਨੀਕਰਨ ਵਾਲੇ ਖੇਤਰਾਂ 'ਚ ਟਰੈਕਟਰ ਨਿਰਮਾਣ 'ਚ ਲੱਗੀਆਂ ਇਕਾਈਆਂ ਦੀ ਮਦਦ ਲਈ ਉਨ੍ਹਾਂ ਨੂੰ ਟੈਕਸ ਅਤੇ ਡਿਊਟੀ ਵਿੱਚ ਵੀ ਪ੍ਰੋਤਸਾਹਨ ਦਿੱਤਾ ਜਾਣਾ ਚਾਹੀਦਾ ਹੈ।

**- ਲੇਖਕ ਸੋਨਾਲੀਕਾ ਆਈ.ਟੀ.ਐੱਲ. ਗਰੁੱਪ ਦੇ ਵਾਈਸ ਚੇਅਰਮੈਨ, ਪੰਜਾਬ ਆਰਥਿਕ ਨੀਤੀ ਅਤੇ ਯੋਜਨਾ ਬੋਰਡ ਦੇ (ਕੈਬਨਿਟ ਰੈਂਕ ਵਿੱਚ) ਵਾਈਸ ਚੇਅਰਮੈਨ, ਟਰੈਕਟਰ ਅਤੇ ਮੈਕੇਨਾਈਜ਼ੇਸ਼ਨ ਐਸੋਸੀਏਸ਼ਨ (ਟੀ.ਐੱਮ.ਏ.) ਦੇ ਪ੍ਰਧਾਨ ਹਨ।**


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਖ਼ਾਲਿਸਤਾਨ: ਸਿੱਖ ਪ੍ਰਭੂਸੱਤਾ ਤੇ ਦੱਖਣੀ ਏਸ਼ੀਆ

ਭਾਈ ਦਲਜੀਤ ਸਿੰਘ

ਸਿੱਖ ਇਤਿਹਾਸ ਦੇ ਵੱਖ-ਵੱਖ ਦੌਰਾਂ ਵਿੱਚ ਗੁਰੂ ਖ਼ਾਲਸਾ ਪੰਥ ਸਮੇਂ ਦੇ ਹਾਲਾਤ ਅਤੇ ਹਕੀਕਤਾਂ ਅਨੁਸਾਰ ਜ਼ੁਲਮੀ ਰਾਜਾਂ ਤੇ ਢਾਂਚਿਆਂ ਨੂੰ ਢਾਹ ਕੇ ਬੇਗਮਪੁਰਾ- ਹਲੇਮੀ ਰਾਜ ਸਥਾਪਿਤ ਕਰਨ ਲਈ ਕਾਰਜਸ਼ੀਲ ਰਿਹਾ ਹੈ। ਸਮੇਂ ਤੇ ਸਥਾਨ ਦੀਆਂ ਹੱਦਬੰਦੀਆਂ ਤੋਂ ਪਾਰ ਖ਼ਾਲਸਾ ਪੰਥ ਦੇ ਗੁਰਮੁਖਾਂ ਨੇ ਇਸ ਪਵਿੱਤਰ ਅਕੀਦੇ ਦੀ ਪੂਰਤੀ ਲਈ ਕਈ ਜੰਗਾਂ ਵਿੱਚ ਤੇਗ ਵਾਹੀ ਅਤੇ ਸ਼ਹੀਦੀ ਰੁਤਬੇ ਹਾਸਿਲ ਕੀਤੇ। ਇਸੇ ਵਿਰਾਸਤ ਨੂੰ ਸਮਕਾਲੀ ਸਮੇਂ ਵਿੱਚ ਅੱਗੇ ਵਧਾਉਂਦਿਆਂ 29 ਅਪ੍ਰੈਲ 1986 ਨੂੰ ਕੀਤਾ ਗਿਆ ਆਜ਼ਾਦ ਅਤੇ ਪ੍ਰਭੂਸਤਾ ਸੰਪੰਨ ਖ਼ਾਲਿਸਤਾਨ ਦਾ ਐਲਾਨ ਸਿੱਖਾਂ ਦੇ ਸਿਆਸੀ ਨਿਸ਼ਾਨੇ ਦਾ ਸਪਸ਼ਟ ਪ੍ਰਗਟਾਵਾ ਹੈ।

1849 ਵਿੱਚ ਪੰਜਾਬ ਉੱਤੇ ਬਰਤਾਨਵੀ ਬਸਤੀਵਾਦੀ ਗਲਬੇ ਤੋਂ ਬਾਅਦ ਸਿੱਖਾਂ ਨੇ ਮੌਜੂਦਾ ਸੰਸਾਰ ਨਿਜ਼ਾਮ (ਵਰਲਡ ਆਰਡਰ), ਜਿਹੜਾ ਕਿ ਉੱਤੇ ਸਿਰਜੇ ਬਸਤੀਵਾਦੀ ਢਾਂਚਿਆਂ ਦੇ ਪਦਾਰਥਵਾਦੀ ਦਾਬੇ ਅਤੇ ਆਧੁਨਿਕਤਾ (ਮੌਡਰੇਨਾਈਜੇਸ਼ਨ) ਦੀ ਭਾਖਾ (ਵਿਚਾਰਾਂ/ਕਦਰਾਂ-ਕੀਮਤਾਂ) ਉੱਤੇ ਅਧਾਰਿਤ ਹੈ, ਵਿੱਚ ਸਿੱਖ ਆਪਣੀ ਪ੍ਰਭੂਸੱਤਾ ਨੂੰ ਮੁੜ ਸਥਾਪਿਤ ਕਰਨ ਦਾ ਚੁਣੌਤੀ ਭਰਿਆ ਕਾਰਜ ਕਰਨ ਲਈ ਲਗਾਤਾਰ ਯਤਨ ਜਾਰੀ ਰੱਖੇ ਹਨ। ਸੰਸਾਰ ਦੇ ਵਿਆਪਕ ਹਿੱਸੇ ਨੂੰ ਲਪੇਟ ਵਿੱਚ ਲੈਣ ਵਾਲੇ ਬਸਤੀਵਾਦੀ ਅਮਲ ਨੇ ਲੋਕਾਈ ਦਾ ਅਣਮਨੁੱਖੀਕਰਨ (ਡੀਹਿਊਮੇਨਾਈਜੇਸ਼ਨ)/ਰਲੇਵਾਂਕਰਨ (ਅਸਿਮੀਲੇਸ਼ਨ), ਅਤੇ ਸ਼ੋਸ਼ਣ (ਐਕਸਪੋਲਾਈਟੇਸ਼ਨ) ਕਰਨ ਵਾਲੇ ਇੱਕ ਅਜਿਹੇ ਸੰਸਾਰ ਨਿਜ਼ਾਮ ਨੂੰ ਸਥਾਪਿਤ ਕੀਤਾ ਹੈ ਜਿਸ ਨੂੰ ਕਿ 'ਸੱਭਿਅਕਕਰਨ' (ਸਿਵਿਲਾਈਜੇਸ਼ਨ) ਅਤੇ 'ਆਧੁਨਿਕਤਾ' ਦਾ ਨਾਮ ਦਿੱਤਾ ਗਿਆ ਹੈ। ਇਹਨਾਂ ਸਾਮਰਾਜਵਾਦੀ ਵਧੀਕੀਆਂ ਦੇ ਪ੍ਰਤੀਕਰਮ ਵਿੱਚ ਸੰਸਾਰ ਭਰ ਵਿਚੋਂ ਬਸਤੀਵਾਦੀ ਗਲਬਾ ਝੱਲ ਰਹੇ ਲੋਕਾਂ ਨੇ ਆਪਣੇ ਸਵੈਮਾਣ ਤੇ ਸਵੈਨਿਰਣੈ ਦੇ ਹੱਕ ਵਾਸਤੇ ਬਸਤੀਵਾਦ ਵਿਰੋਧ ਜਾਨਦਾਰ ਜੱਦੋਜਹਿਦ ਕੀਤੀ-ਅਕਸਰ ਜਿਸਦਾ ਜ਼ਿਕਰ ਅਜ਼ਾਦੀ ਲਈ ਚਲੀਆਂ ਨੈਸ਼ਨਲ ਲਹਿਰਾਂ ਦੇ ਤੌਰ 'ਤੇ ਕੀਤਾ ਜਾਂਦਾ ਹੈ। ਪਰ ਅਜ਼ਾਦੀ ਦਾ ਨਿਸ਼ਾਨਾ ਹਾਸਿਲ ਕਰ ਕੇ ਹੋਂਦ ਵਿੱਚ ਆਏ ਨਵੇਂ ਰਾਜਾਂ (ਸਟੇਟਾਂ) ਨੂੰ ਲਗਾਤਾਰ ਦੋ ਮਸਲਿਆਂ ਨਾਲ ਜੂਝਣਾ ਪਿਆ ਹੈ:

1) ਬੇਨਿਆਏ ਸੰਸਾਰ ਨਿਜ਼ਾਮ ਤਹਿਤ ਆਲਮੀ ਤਾਕਤਾਂ ਨੇ ਆਲਮੀ ਦੱਖਣ (ਗਲੋਬਲ ਸਾਊਥ) ਨੂੰ ਆਪਣੇ ਆਰਥਕ ਅਤੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਦੁਬੇਲ ਬਣਾ ਕੇ ਰੱਖਿਆ ਹੋਇਆ ਹੈ।

2) ਦਾਬੇ ਵਾਲੇ ਸਿਆਸੀ ਢਾਂਚਾ (ਭਾਵ ਕਿ ਆਧੁਨਿਕ ਨੇਸ਼ਨ-ਸਟੇਟ) ਭਿੰਨ ਪਛਾਣਾਂ ਵਾਲੇ ਲੋਕਾਂ ਨੂੰ ਇੱਕੋ ਇਕਹਿਰੀ 'ਨੇਸ਼ਨ/ਕੌਮ' ਵਿੱਚ ਜਜ਼ਬ ਕਰਨਾ ਲੋਚਦਾ ਹੈ ਤਾਂ ਕਿ ਸਟੇਟ ਉੱਤੇ ਚੁਣੌਤੀ ਰਹਿਤ ਦਾਬਾ ਅਤੇ ਗਲਬਾ ਯਕੀਨੀ ਬਣਾਇਆ ਜਾ ਸਕੇ।



ਖ਼ਾਲਿਸਤਾਨ ਲਈ ਸਿੱਖ ਸੰਘਰਸ਼ ਅਜਿਹੇ ਸਮੇਂ ਦੌਰਾਨ ਕੌਮਾਂਤਰੀ ਨਿਜ਼ਾਮ ਅਤੇ ਸਿਆਸੀ ਢਾਂਚੇ ਬਾਰੇ ਇੱਕ ਬਦਲਵੀਂ ਦ੍ਰਿਸ਼ਟੀ ਪੇਸ਼ ਕਰਦਿਆਂ ਇੱਕ ਆਜ਼ਾਦੀ ਸੰਗਰਾਮ ਵੱਜੋਂ ਉੱਭਰਿਆ। ਇੱਕ ਨਸਲੀ ਸਮੂਹ ਵੱਲੋਂ ਘਰੇਲੂ (ਡੋਮੈਸਟਿਕ) ਪੱਧਰ 'ਤੇ ਸਿਆਸੀ ਤਾਕਤ ਹਾਸਿਲ ਕਰਨ ਦੇ ਇੱਕ ਨੈਸ਼ਨਲ ਸੰਗਰਾਮ ਦੀ ਬਜਾਏ, ਖ਼ਾਲਿਸਤਾਨ ਦੀ ਸਿੱਖ ਦ੍ਰਿਸ਼ਟੀ ਦਾ ਮੂਲ ਸਰੋਤ ਅੱਜ ਦੇ ਸੰਸਾਰ ਵਿੱਚ ਬੇਗਮਪੁਰਾ-ਹਲੇਮੀ ਰਾਜ ਸਥਾਪਿਤ ਕਰਨ ਦੀ ਸਦੀਵੀ ਖ਼ਾਲਸਾਈ ਜੱਦੋਜਹਿਦ ਹੈ। ਇਹ ਦ੍ਰਿਸ਼ਟੀ ਸਿਰਫ਼ ਸਿੱਖਾਂ ਲਈ ਇੱਕ ਆਧੁਨਿਕ ਨੇਸ਼ਨ-ਸਟੇਟ ਸਥਾਪਿਤ ਕਰਨ ਦਾ ਵਿਚਾਰ ਨਹੀਂ ਹੈ, ਬਲਕਿ ਨਿਆ, ਸਵੈਸਿਰਮੌਰਤਾ, ਅਤੇ ਸਵੈ-ਨਿਰਣੇ ਬਾਰੇ ਮੌਲਿਕ ਤੇ ਮੁਕੰਮਲ ਦ੍ਰਿਸ਼ਟੀ ਦਾ ਪ੍ਰਗਟਾਵਾ ਹੈ ਜਿਸ ਦੀ ਬੁਨਿਆਦ 'ਸਰਬੱਤ ਦੇ ਭਲੇ' ਅਤੇ 'ਗਰੀਬ ਦੀ ਰੱਖਿਆ, ਜਰਵਾਣੇ ਦੀ ਭੱਖਿਆ' ਦੇ ਖ਼ਾਲਸਾਈ ਆਦਰਸ਼ ਹਨ। ਜਿਵੇਂ ਕਿ ਗੁਰਮਤਿ ਅਤੇ ਸਿੱਖਰਾਜਨੀਤੀ-ਦਰਸ਼ਨ (ਪੁਲਿਟਿਕਲ ਥਿਊਰੀ) ਵਿੱਚ ਕੋਈ ਵੀ 'ਬੇਗਾਨਾ' ਜਾਂ 'ਗੈਰ' ਨਹੀਂ ਹੈ, ਇਸ ਲਈ ਇਹ ਕੋਈ ਬਾਕੀਆਂ ਨੂੰ ਬਾਹਰ ਧੱਕਣ ਵਾਲੀ ਸਿਆਸੀ ਲਹਿਰ ਨਹੀਂ ਹੈ ਬਲਕਿ ਗੁਰਮਤਿ ਕਦਰਾਂ-ਕੀਮਤਾਂ ਨਾਲ ਲਬਰੇਜ਼ ਸਮੂਹਿਕ ਅਜ਼ਾਦੀ ਸੰਗਰਾਮ ਹੈ। ਇਸ ਭਾਵ ਵਿੱਚ, ਖ਼ਾਲਿਸਤਾਨ ਦਾ ਸਿੱਖ ਸੰਗਰਾਮ ਇੱਕ ਨਵੇਕਲਾ ਸੰਗਰਾਮ ਹੈ ਜਿਹੜਾ ਕਿ ਆਧੁਨਿਕ ਨੈਸ਼ਨਲਿਜ਼ਮ ਦੀ ਹੀ ਇੱਕ ਵਨਗੀ ਬਣਨ ਦੀ ਬਜਾਏ ਸਿੱਖਾਂ ਦੇ ਆਪਣੇ 'ਤਾਕਤ' ਤੇ 'ਸਿਆਸੀ ਸਮੂਹ' (ਪੁਲਿਟਿਕਲ ਕਮਿਊਨਟੀ) ਦੇ ਸੰਕਲਪਾਂ ਉੱਤੇ ਅਧਾਰਿਤ ਸਿੱਖ ਪ੍ਰਭੂਸਤਾ ਸਥਾਪਿਤ ਕਰਨੀ ਲੋਚਦਾ ਹੈ।

ਸਾਡਾ ਸਿਆਸੀ ਨਿਸ਼ਾਨਾ ਗੁਰਮਤਿ ਆਦਰਸ਼ਾਂ ਉੱਤੇ ਅਧਾਰਿਤ ਅਜਿਹਾ ਪ੍ਰਭੂਸਤਾਸੰਪੰਨ ਸਿਆਸੀ ਢਾਂਚਾ ਅਤੇ ਆਲਮੀ ਨਿਜ਼ਾਮ ਸਥਾਪਿਤ ਕਰਨਾ ਹੈ ਜਿਹੜਾ ਖ਼ਾਲਸਾ ਜੀ ਦੇ ਪਾਤਿਸ਼ਾਹੀ ਦਾਅਵੇ ਦਾ ਸਨਮਾਨ ਕਰੇ ਅਤੇ ਇਸ ਵਿਆਪਕ ਖਿੱਤੇ ਤੇ ਸੰਸਾਰ ਵਿੱਚ 'ਸਰਬੱਤ ਦੇ ਭਲੇ' ਅਤੇ 'ਗਰੀਬ ਦੀ ਰੱਖਿਆ, ਜਰਵਾਣੇ ਦੀ ਭੱਖਿਆ' ਦੇ ਆਦਰਸ਼ਾਂ ਦਾ ਪਾਬੰਦ ਹੋਵੇ।

ਪਿਛਲੇ ਕਈ ਸਾਲਾਂ ਦੌਰਾਨ, ਆਲਮੀ ਤਾਕਤਾਂ ਕਈ ਅਜਿਹੀਆਂ ਚੁਣੌਤੀਆਂ ਅਤੇ ਟਕਰਾਵਾਂ ਦਾ ਸਾਹਮਣਾ ਕਰ ਰਹੀਆਂ ਹਨ ਜਿਹਨਾਂ ਨੇ ਇੱਕ ਵਾਰ ਮੁੜ ਸਿੱਖਾਂ ਦੇ ਸੰਗਰਾਮ ਨੂੰ ਸੰਸਾਰ ਦੇ ਸਾਹਮਣੇ ਲੈ ਆਂਦਾ ਹੈ।

ਸਿਧਾਂਤਕ ਤਬਦੀਲੀ ਦੇ ਨਾਲ-ਨਾਲ, ਜਿੱਥੇ ਕਿ ਹੁਣ ਰਾਜਨੀਤਕ ਢਾਂਚਿਆਂ ਅਤੇ ਅਰਥਚਾਰੇ ਦੇ ਯੂਰਪ-ਕੇਂਦ੍ਰਿਤ ਦ੍ਰਿਸੰਕਲਪ ਆਲਮੀ ਸਿਆਸਤ ਦਾ ਵਾਹਿਦ ਧੁਰਾ ਨਹੀਂ ਰਹੇ, ਸੰਸਾਰ ਆਰਥਿਕ ਅਤੇ ਰਾਜਨੀਤਕ ਤਬਦੀਲੀਆਂ ਵਿਚੋਂ ਗੁਜ਼ਰ ਰਿਹਾ ਹੈ ਜਿਥੇ ਕਿ ਨਵੇਂ ਵਪਾਰਕ ਲਾਂਘੇ ਅਤੇ ਸਿਆਸੀ ਗਠਜੋੜ ਤਾਕਤ ਦੇ ਨਵੇਂ ਕੇਂਦਰ ਦੇ ਨਕਸ਼ ਉਭਾਰ ਰਹੇ ਹਨ। ਇਸ ਲਈ ਦੱਖਣੀ ਏਸ਼ੀਆ ਵਿੱਚ ਖਿਤਾ-ਰਾਜਨੀਤਕ ਮੁਕਾਬਲੇਬਾਜ਼ੀ ਅਤੇ ਟਕਰਾਅ ਦੇਖ ਰਹੇ ਹਨ। ਇਸ ਦੇ ਨਾਲ ਹੀ ਕਈ ਆਲਮੀ ਚੁਣੌਤੀਆਂ ਜਿਵੇਂ ਕਿ ਮਹਾਂਮਾਰੀਆਂ, ਬਨਾਉਟੀ ਸੂਝ (ਏ.ਆਈ), ਅਤੇ ਵਾਤਾਵਰਣਕ ਤਬਦੀਲੀ (ਕਲਾਈਮੇਟ ਚੇਂਜ) ਉਭਰ ਰਹੀਆਂ ਹਨ। ਇਸ ਦੇ ਨਤੀਜੇ ਵੱਜੋਂ ਸੰਸਾਰ ਦੀ ਖਿਤਾ-ਰਾਜਨੀਤੀ ਦੀ ਖਿੱਚ ਦਾ ਧੁਰਾ ਦੱਖਣੀ ਏਸ਼ੀਆ ਵੱਲ ਸਰਕ ਰਿਹਾ ਹੈ ਜਿੱਥੇ ਕਿ ਗੁਰੂ ਖਾਲਸਾ ਪੰਥ ਅਤੇ ਸਿੱਖ ਸੰਗਤ ਅਹਿਮ ਧਿਰ ਹਨ ਜਿਹੜੇ ਕਿ ਇਸ ਖਿੱਤੇ ਅਤੇ ਸੰਸਾਰ ਨਿਜ਼ਾਮ ਦੇ ਭਵਿੱਖ ਦੇ ਨਕਸ਼ ਉਭਾਰਨ ਵਿੱਚ ਯੋਗਦਾਨ ਪਾਉਣਗੇ।

ਇੰਡੀਆ ਵਿੱਚ ਹਿੰਦੂਤਵਾ ਫਾਸ਼ੀਵਾਦ ਦੀ ਚੱਲ ਰਹੀ ਢਾਂਚਾਗਤ ਉਸਾਰੀ ਨਾਲ ਆਉਣ ਵਾਲੇ ਸਾਲਾਂ ਵਿੱਚ ਇਸ ਖਿੱਤੇ ਵਿੱਚ ਤਣਾਅ ਅਤੇ ਟਕਰਾਅ ਵਧਣੇ ਤੈਅ ਹਨ। ਸੱਤਾ ਦੇ ਕੇਂਦਰੀਕਰਨ, ਸੱਭਿਆਚਾਰਕ ਰਲੇਵੇਂਕਰਨ (ਕਲਚਰਲ ਅਸਿਮੀਲੇਸ਼ਨ), ਅਤੇ ਸਮਾਜਿਕ ਧਰੁਵੀਕਰਨ (ਸੋਸ਼ਲ ਪੋਲੇਰਾਈਜੇਸ਼ਨ), ਇੰਡੀਆ ਨੂੰ ਨਸਲਕੁਸ਼ੀ ਦੀ ਇੱਕ ਨਵੀਂ ਤਰੰਗ ਵੱਲ ਲਗਾਤਾਰ ਧੱਕੀ ਜਾ ਰਿਹਾ ਹੈ। ਇਸ ਸਾਰੇ ਖੇਤਰ/ਉਪਮਹਾਂਦੀਪ ਵਿੱਚ ਵਿਲੱਖਣ ਪਛਾਣਾਂ ਵਾਲੇ ਭਾਈਚਾਰਿਆਂ ਲਈ ਪਰਤੱਖ ਖਤਰੇ ਦੇ ਨਾਲ-ਨਾਲ ਫਾਸ਼ੀਵਾਦ ਵੱਲ ਵਧ ਰਹੇ ਇਸ ਦੇ ਲਗਾਤਾਰ ਕਦਮ ਇੰਡੀਆ ਨੂੰ ਇੱਕ ਅਜਿਹੀ ਅਸਥਿਰ (ਵੋਲਾਟਾਈਲ) ਸਟੇਟ ਬਣਾਉਂਦਾ ਹੈ, ਜਿਹੜੀ ਕਿ ਸਮੁੱਚੇ ਰੂਪ ਵਿੱਚ ਇੱਕ ਗੈਰ-ਭਰੋਸੇਯੋਗ ਆਲਮੀ ਸਾਂਝੀਦਾਰ ਅਤੇ ਸਾਰੇ ਖਿੱਤੇ ਦੇ ਅਮਨ ਅਤੇ ਸੁਰੱਖਿਆ ਲਈ ਇੱਕ ਗੰਭੀਰ ਖਤਰਾ ਹੈ।

ਦੂਜੇ ਪਾਸੇ ਇਸ ਉਪਮਹਾਂਦੀਪ ਦੇ ਇਤਿਹਾਸ ਨੇ ਕਈ ਵਾਰ ਇਹ ਪਰਤੱਖ ਦਰਸਾਇਆ ਹੈ ਕਿ ਜ਼ਬਰ ਖ਼ਿਲਾਫ਼ ਸਿੱਖਾਂ ਦਾ ਵਿਰੋਧ ਤੇ ਅਗਵਾਈ ਜ਼ਾਬਰ ਦਾ ਰਾਹ ਰੋਕਣ ਅਤੇ ਉਸ ਵਿਰੁੱਧ ਢਾਂਚਾਗਤ ਤਬਦੀਲੀਆਂ ਲਿਆਉਣ ਦੇ ਸਮਰੱਥ ਲਹਿਰ ਖੜ੍ਹੀ ਕਰਨ ਦੇ ਕਾਬਲੀਅਤ ਰੱਖਦੀ ਹੈ। 1975-77 ਦੇ ਹੰਗਾਮੀ ਦੌਰ (ਐਮਰਜੈਂਸੀ) ਅਤੇ 2020-21 ਦਾ ਕਿਰਸਾਨ ਮੋਰਚੇ ਦੌਰਾਨ ਸਿੱਖਾਂ ਵੱਲੋਂ ਨਿਭਾਈ ਭੂਮਿਕਾ ਇੰਡੀਅਨ ਤਾਨਾਸ਼ਾਹੀ ਦੇ ਹਮਲਾਵਰ ਰੁਖ ਨੂੰ ਰੋਕਣ ਦੀ ਸਿੱਖਾਂ ਦੀ ਕਾਬਲੀਅਤ ਅਤੇ ਸਮਰੱਥਾ ਦੀਆਂ ਹਾਲੀਆ ਇਤਿਹਾਸ ਵਿਚਲੀਆਂ ਹੀ ਦੋ ਮਿਸਾਲਾਂ ਹਨ।

ਅਜਾਦ ਅਤੇ ਪ੍ਰਭੂਸਤਾਸੰਪੰਨ ਖ਼ਾਲਿਸਤਾਨ ਦੀ ਸਥਾਪਤੀ ਇਸ ਸਾਰੇ ਖਿੱਤੇ ਵਿੱਚ ਵਿਲੱਖਣ ਪਛਾਣਾਂ ਨੂੰ ਬਰਤਾਨਵੀ ਬਸਤੀਵਾਦੀਆਂ ਵੱਲੋਂ ਥੋਪੇ ਗਏ ਪ੍ਰਬੰਧਕੀ ਢਾਂਚੇ ਵਿੱਚ ਨੂੜੀ ਰੱਖਣ ਦੀ ਬਜਾਏ ਉਹਨਾਂ ਦੇ ਸਨਮਾਨ ਅਤੇ ਸਵੈ-ਨਿਰਣੇ ਦੀ ਯਕੀਨਦਹਾਨੀ ਵਾਸਤੇ ਇਸ ਖੇਤਰ ਨੂੰ ਮੁੜ ਚਿਤਵਣ ਤੇ ਮੁੜ ਉਸਾਰਨ ਵੱਲ ਪਹਿਲਾ ਕਦਮ ਹੋਵੇਗਾ। ਇਸ ਸਾਰੇ ਖੇਤਰ ਵਿੱਚ ਹੇਠਲੇ ਪੱਧਰ ਤੱਕ ਤਾਕਤਾਂ ਲੋਕਾਂ ਨੂੰ ਸੌਂਪਣ (ਤਾਕਤ ਦਾ ਵਿਆਪਕ ਵਿਕੇਂਦਰੀਕਰਨ ਅਤੇ ਜਮਹੂਰੀਕਰਨ) ਦੇ ਅਮਲ ਨਾਲ ਇਸ ਖੇਤਰ ਵਿੱਚ ਸਮਾਜ ਦੇ ਸਭ ਤੋਂ ਬੁਨਿਆਦੀ ਪੱਧਰ (ਮੋਸਟ ਗਰਾਸ-ਰੂਟ ਲੈਵਲ) ਤੱਕ ਆਪਣੇ ਫੈਸਲੇ ਆਪ ਕਰਨ, ਭਾਵ ਸਵੈ-ਨਿਰਣੇ ਦਾ ਹੱਕ ਦੇਣ ਵਾਲੇ ਸਿਆਸੀ ਢਾਂਚਿਆਂ ਦੀ ਉਸਾਰੀ ਇੱਥੋਂ ਦੇ ਅਮਨ ਅਤੇ ਸਥਿ ਰਤਾ ਲਈ ਇੱਕ ਅਗਾਉਂ-ਜਰੂਰਤ ਹੈ। ਇਸੇ ਤਰ੍ਹਾਂ, ਵਿਕਾਸ ਦੀਆਂ ਪਹਿਲਕਦਮੀਆਂ ਅਤੇ ਵਪਾਰ ਦੀਆਂ ਤਰਜੀਹਾਂ ਕਿ ਰਤ ਦੇ ਸਨਮਾਨ ਅਤੇ ਸਾਂਝੀਵਾਲਤਾ ਵਾਲੇ ਸਮਾਜ ਅਤੇ ਟਿਕਾਊ ਤੇ ਹੰਡਣਸਾਰ ਵਾਤਾਵਰਣ ਦੀ ਲੋੜਾਂ ਅਨੁਸਾਰੀ ਹੋਣੀਆਂ ਜ਼ਰੂਰੀ ਹਨ।

ਖਾਲਿਸਤਾਨ ਆਤਮ-ਸਨਮਾਨ, ਨਿਆ ਅਤੇ ਇਸ ਖਿੱਤੇ ਵਿੱਚ ਅਮਨ ਦਾ ਪ੍ਰਤੀਕ ਹੋਵੇਗਾ ਜਿਸ ਵਿੱਚ ਹਮਦਰਦੀ, ਖੇਤਰੀ ਸਹਿਯੋਗ ਅਤੇ ਇਸ ਖਿੱਤੇ ਤੇ ਇਸ ਤੋਂ ਪਾਰ ਦੇ ਦਬਾਏ ਜਾ ਰਹੇ ਸਾਰੇ ਲੋਕਾਂ ਦੀ ਸਾਂਝੀ ਅਜ਼ਾਦੀ ਵਾਸਤੇ ਅਗਵਾਈ ਦੇਣ ਦੀ ਸਮਰੱਥਾ ਹੋਵੇਗੀ।



# ਸ੍ਰੀ ਗੁਰੂ ਤੇਗ ਬਹਾਦਰ ਜੀ



ਡਾ.ਚਰਨਜੀਤ ਸਿੰਘ ਗੁਮਟਾਲਾ
9417533060

ਗੁਰੂ ਤੇਗ ਬਹਾਦਰ ਜੀ ਦਾ ਜਨਮ ਛੇਵੇਂ ਗੁਰੂ ਹਰਿਗੋਬਿੰਦ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ਸੰਨ 1621 ਈ. (ਵਿਸਾਖ ਵਦੀ 5, 1678 ਬਿ.) ਨੂੰ ਅੰਮ੍ਰਿਤਸਰ ਵਿੱਚ ਹੋਇਆ। ਇਹ ਸਥਾਨ ਗੁਰੂ ਬਜ਼ਾਰ ਦੇ ਨਾਲ ਹੈ, ਜਿੱਥੇ ਅੱਜ ਕੱਲ੍ਹ ਗੁਰਦੁਆਰਾ ਗੁਰੂ ਕੇ ਮਹਿਲ ਸੁਸ਼ੋਭਿਤ ਹੈ। ਆਪ ਦਾ ਵਿਆਹ ਕਰਤਾਰਪੁਰ ਦੇ ਨਿਵਾਸੀ ਭਾਈ ਲਾਲ ਚੰਦ ਦੀ ਸਪੁੱਤਰੀ ਗੁਜਰੀ ਨਾਲ ਸੰਨ 1632 ਈ. (15 ਅੱਸੂ, 1689 ਬਿ.) ਵਿੱਚ ਹੋਇਆ। ਆਪ ਨੇ ਜਲੰਧਰ ਲਾਗੇ ਕਰਤਾਰ ਵਿਖੇ ਹੋਈ ਲੜਾਈ, ਜੋ ਪਹਿਲੀ ਜੇਠ ਬਿ:1692 (1635 ਈ.) ਨੂੰ ਹੋਈ, ਵਿੱਚ ਐਸੇ ਜੌਹਰ ਵਿਖਾਏ ਕਿ ਆਪ ਜੀ ਦਾ ਨਾਂ ਤੇਗ ਮਲ ਤੋਂ ਤੇਗ ਬਹਾਦਰ ਪ੍ਰਸਿੱਧ ਹੋ ਗਿਆ । ਸੰਨ 1644 ਈ. ਵਿੱਚ ਆਪ ਆਪਣੀ ਪਤਨੀ ਅਤੇ ਮਾਤਾ ਸਹਿਤ ਬਕਾਲਾ ਪਿੰਡ ਵਿੱਚ ਆ ਵਸੇ ਜੋ ਸਮਾਂ ਪਾ ਕੇ ਆਪ ਦੇ ਨਾਂ 'ਤੇ 'ਬਾਬਾ ਬਕਾਲਾ' ਕਰਕੇ ਪ੍ਰਸਿੱਧ ਹੋਇਆ ।

ਆਪ ਦੇ ਪਿਤਾ ਗੁਰੂ ਹਰਿਗੋਬਿੰਦ ਜੀ ਤੋਂ ਬਾਅਦ ਗੁਰੂ ਹਰਿਰਾਇ ਜੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਕ੍ਰਮਵਾਰ ਸੱਤਵੇਂ ਅਤੇ ਅੱਠਵੇਂ ਗੁਰੂ ਬਣੇ । ਬਾਲ-ਕਾਲ ਵਿੱਚ ਜੋਤੀ -ਜੋਤਿ ਸਮਾਉਣ ਕਾਰਨ ਅੱਠਵੇਂ ਗੁਰੂ ਨੇ ਗੁਰੂ-ਗੱਦੀ ਦੇ ਉਤਰਾਧਿਕਾਰੀ ਬਾਰੇ ਕੇਵਲ 'ਬਾਬਾ ਬਕਾਲੇ' ਸ਼ਬਦ ਕਹੇ । ਇਸ ਅਸਪੱਸ਼ਟ ਸੰਕੇਤ ਕਾਰਨ ਗੱਦੀ ਦੇ ਕਈ ਦਾਵੇਦਾਰ ਖੜੇ ਹੋ ਗਏ । ਆਖ਼ਰ ਭਾਈ ਮੱਖਣ ਸ਼ਾਹ ਲੁਬਾਣਾ ਨੇ ਆਪਣੀ ਮੰਨਤ ਭੇਟਾ ਕਰਨ ਲਈ ਸੂਖਮ ਦ੍ਰਿਸ਼ਟੀ ਨਾਲ 22 ਅਖੌਤੀ ਗੱਦੀਆਂ ਵਿਚੋਂ ਸੱਚੇ ਗੁਰੂ ਨੂੰ ਲੱਭ ਲਿਆ। ਇਸ ਤਰ੍ਹਾਂ ਆਪ 20 ਮਾਰਚ 1665 ਈ. (ਚੇਤ ਸੁਦੀ 14, 1722 ਬਿ.) ਨੂੰ 43 ਵਰ੍ਹਿਆਂ ਦੀ ਉਮਰ ਵਿੱਚ ਗੁਰੂ-ਗੱਦੀ ਉੱਤੇ ਬੈਠੇ । ਉਪਰੰਤ ਆਪ ਕਈ ਗੁਰੂ-ਧਾਮਾਂ ਦੀ ਯਾਤਰਾ ਕਰਦੇ ਹੋਏ ਕੀਰਤਪੁਰ ਪਹੁੰਚੇ ।



ਕੁਝ ਸਮਾਂ ਉੱਥੇ ਟਿਕੇ ਅਤੇ ਫਿਰ ਨੈਣਾਂ ਦੇਵੀ ਦੇ ਨੇੜੇ ਸਤਲੁਜ ਨਦੀ ਦੇ ਕੰਢੇ, ਮਾਖੋਵਾਲ ਪਿੰਡ ਦੀ ਧਰਤੀ ਪਹਾੜੀ ਰਾਜਿਆਂ ਤੋਂ ਖ਼ਰੀਦ ਕੇ ਸੰਨ 1666 ਈ. (ਸੰਨ 1723 ਬਿ.) ਵਿੱਚ ਆਨੰਦਪੁਰ ਦੀ ਸਥਾਪਨਾ ਕੀਤੀ ਜੋ ਬਾਦ ਵਿੱਚ ਖ਼ਾਲਸੇ ਦੀ ਜਨਮ-ਭੂਮੀ ਵਜੋਂ ਪ੍ਰਸਿੱਧ ਹੋਈ।

ਇਸ ਤੋਂ ਬਾਅਦ ਆਪ ਧਰਮ-ਪ੍ਰਚਾਰ ਲਈ ਯਾਤਰਾ ਉੱਤੇ ਨਿਕਲ ਪਏ ਅਤੇ ਮਾਲਵਾ ਤੇ ਬਾਂਗਰ ਖੇਤਰਾਂ ਵਿਚੋਂ ਹੁੰਦੇ ਹੋਏ ਅਹੀਆਪੁਰ (ਅਲਾਹਾਬਾਦ) ਪਹੁੰਚੇ ਅਤੇ ਫਿਰ ਉੱਥੋਂ ਬਨਾਰਸ, ਪਟਨਾ ਅਤੇ ਗਯਾ ਆਦਿ ਥਾਂਵਾਂ ਉੱਤੇ ਗਏ। ਪਰਿਵਾਰ ਨੂੰ ਪਟਨੇ ਛੱਡ ਕੇ ਉੱਥੋਂ ਪਹਿਲਾਂ ਬੰਗਾਲ ਵਲ ਗਏ ਅਤੇ ਕੁਝ ਸਮੇਂ ਲਈ ਢਾਕੇ ਵਿੱਚ ਵੀ ਰਹੇ। ਆਪ ਦੇ ਪਿਛੋਂ ਪਟਨਾ ਵਿੱਚ ਬਾਲਕ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ ਜੀ) ਦਾ 22 ਦਸੰਬਰ 1666 ਈ. (ਪੋਹ ਸੁਦੀ ਸਪਤਮੀ, 1723 ਬਿ.) ਨੂੰ ਜਨਮ ਹੋਇਆ । ਆਪ ਜੋਧਪੁਰ ਦੇ ਰਾਜਾ ਰਾਮ ਸਿੰਘ ਨਾਲ ਅਸਾਮ ਦੀ ਮੁਹਿੰਮ ਉੱਤੇ ਚਲੇ ਗਏ ਅਤੇ ਉੱਥੋਂ ਦਾ ਸਾਰਾ ਮਾਮਲਾ, ਰਾਸ਼ਟਰੀ-ਹਿਤਾਂ ਨੂੰ ਮੁੱਖ ਰੱਖਦਿਆਂ, ਸ਼ਾਂਤੀ ਪੂਰਵਕ ਹਲ਼ ਕੀਤਾ। ਉੱਥੋਂ ਵਾਪਸ ਆ ਕੇ ਕੁਝ ਸਮਾਂ ਆਪ ਪਟਨਾ ਨਗਰ ਵਿੱਚ ਟਿਕੇ ਅਤੇ ਫਿਰ ਪਰਿਵਾਰ ਨੂੰ ਉਥੇ ਛੱਡ ਕੇ ਸੰਨ 1668 ਈ. ਵਿੱਚ ਆਨੰਦਪੁਰ ਪਰਤ ਆਏ । ਸੰਨ 1672 ਈ. ਵਿੱਚ ਪਟਨੇ ਤੋਂ ਆਪਣੇ ਪਰਿਵਾਰ ਨੂੰ ਵੀ ਉੱਥੇ ਸੱਦ ਲਿਆ ।

ਕੁਝ ਵਰ੍ਹੇ ਆਪ ਆਨੰਦਪੁਰ ਵਿੱਚ ਧਰਮ-ਪ੍ਰਚਾਰ ਕਰਦੇ ਰਹੇ। ਇਸੇ ਦੌਰਾਨ ਔਰੰਗਜ਼ੇਬ ਬਾਦਸ਼ਾਹ ਨੇ ਹਿੰਦੂਆਂ ਨੂੰ ਸਮੂਹਿਕ ਤੌਰ 'ਤੇ ਮੁਸਲਮਾਨ ਬਣਾਉਣ ਦੀ ਯੋਜਨਾ ਨੂੰ ਸਭ ਤੋਂ ਪਹਿਲ਼ਾਂ ਕਸ਼ਮੀਰ ਵਿੱਚ ਲਾਗੂ ਕਰਨ ਦਾ ਯਤਨ ਕੀਤਾ। ਫਲਸਰੂਪ ਕਸ਼ਮੀਰ ਦੇ ਬ੍ਰਾਹਮਣ ਆਪਣੇ ਧਰਮ ਦੀ ਰੱਖਿਆ ਲਈ ਆਪ ਦੀ ਸ਼ਰਣ ਵਿੱਚ ਆਏ ਅਤੇ ਸੰਨ 1675 ਈ. ਵਿੱਚ ਉਨ੍ਹਾਂ ਦੇ ਧਾਰਮਿਕ ਸੰਕਟ ਨੂੰ ਖ਼ਤਮ ਕਰਨ ਲਈ ਕੁਝ ਸਿੱਖ-ਸੇਵਕਾਂ ਨੂੰ ਨਾਲ ਲੈ ਕੇ ਆਪ ਦਿੱਲੀ ਵੱਲ ਚੱਲ ਪਏ। ਯਾਤਰਾ ਦੌਰਾਨ ਆਪ ਕਈ ਨਗਰਾਂ/ ਉਪਨਗਰਾਂ ਵਿੱਚ ਠਹਿਰੇ ਅਤੇ ਧਰਮ ਪ੍ਰਤਿ ਦ੍ਰਿੜ੍ਹਤਾ ਦਾ ਪ੍ਰਚਾਰ ਕਰਦੇ ਰਹੇ। ਦਿੱਲੀ ਪਹੁੰਚਣ ਤੋਂ ਪਹਿਲ਼ਾਂ ਆਪ ਨੂੰ ਆਗਰੇ ਵਿੱਚ ਬੰਦੀ ਬਣਾ ਲਿਆ ਗਿਆ। ਬਾਦਸ਼ਾਹ ਵੱਲੋਂ ਮੁਸਲਮਾਨ ਬਣਨ ਦੀ ਹਰ ਪ੍ਰਕਾਰ ਦੀ ਪੇਸ਼ਕਸ਼ ਨੂੰ ਆਪ ਨੇ ਠੁਕਰਾ ਦਿੱਤਾ। ਬਾਦਸ਼ਾਹ ਨੇ ਆਪ ਨੂੰ 11 ਨਵੰਬਰ 1675 ਈ. (ਮੱਘਰ ਸੁਦੀ 5, 1732 ਬਿ.) ਨੂੰ ਦਿੱਲੀ ਵਿੱਚ ਕੋਤਵਾਲੀ ਦੇ ਨੇੜੇ ਗੁਰਦੁਆਰਾ ਸੀਸਗੰਜ ਵਾਲੇ ਸਥਾਨ ਉੱਤੇ ਸ਼ਹੀਦ ਕਰ ਦਿੱਤਾ ।

ਭਾਈ ਲੱਖੀ ਸ਼ਾਹ ਨੇ ਆਪਣੇ ਤਿੰਨ ਪੁੱਤਰਾਂ ਨਿਗਾਹੀਆ, ਹੇਮਾ, ਹਾੜ੍ਹੀ ਤੇ ਚੌਥੇ ਸਿੱਖ ਭਾਈ ਧੂਮਾ ਦੀ ਮਦਦ ਨਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਧੜ ਨੂੰ ਆਪਣੇ ਰੂੰ ਵਾਲੇ ਗੱਡੇ ਵਿੱਚ ਲੁਕਾ ਕੇ ਆਪਣੇ ਘਰ ਪਿੰਡ ਰਾਇਨਸੀਨਾ ਲੈ ਆਂਦਾ ਤੇ ਘਰ ਨੂੰ ਅੱਗ ਲਾ ਕੇ ਸਸਕਾਰ ਕਰ ਦਿੱਤਾ। ਇਸ ਸਥਾਨ ਉੱਤੇ ਹੁਣ ਗੁਰਦੁਆਰਾ ਰਕਾਬਗੰਜ (ਨਵੀਂ ਦਿੱਲੀ) ਬਣਿਆ ਹੋਇਆ ਹੈ।

ਆਪ ਦੇ ਸੀਸ ਨੂੰ ਚਾਦਰ ਵਿੱਚ ਲਪੇਟ ਕੇ ਭਾਈ ਜੈਤਾ ਆਨੰਦਪੁਰ ਪਹੁੰਚਿਆ ਜਿਥੇ ਬਾਲਕ ਗੋਬਿੰਦ ਰਾਇ ਨੇ ਬੜੇ ਸਤਿਕਾਰ ਨਾਲ ਉਸ ਦਾ ਸਸਕਾਰ ਕੀਤਾ । ਇਸ ਸਦ-ਉਦਮ ਕਾਰਨ ਇਤਿਹਾਸ ਵਿੱਚ ਭਾਈ ਜੈਤਾ ਨੂੰ 'ਗੁਰੂ ਕਾ ਬੇਟਾ 'ਅਖਵਾਉਣ ਦਾ ਸਨਮਾਨ ਪ੍ਰਾਪਤ ਹੋਇਆ। 'ਬਚਿਤ੍ਰ ਨਾਟਕ' ਵਿੱਚ ਆਪ ਦੇ ਮਹਾਂ-ਬਲਿਦਾਨ ਦੀ ਘਟਨਾ ਬਾਰੇ ਲਿਖਿਆ ਹੈ: ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭੁਪੁਰ ਕੀਯਾ ਪਯਾਨ । ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ । ਆਪ ਕੁਲ 10 ਵਰ੍ਹੇ, 7 ਮਹੀਨੇ ਅਤੇ 18 ਦਿਨ ਗੁਰੂ-ਗੱਦੀ ਉੱਤੇ ਬਿਰਾਜਮਾਨ ਰਹੇ । ਆਪ ਦੀ ਸ਼ਹਾਦਤ ਤੋਂ ਬਾਅਦ ਆਪ ਦੇ ਸਪੁੱਤਰ ਗੋਬਿੰਦ ਰਾਇ ਜੀ ਗੁਰੂ-ਗੱਦੀ ਉੱਤੇ ਬੈਠੇ, ਜਿਨ੍ਹਾਂ ਨੇ ਕੌਮ ਨੂੰ ਇੱਕ ਨਵੀਂ ਸੇਧ ਦਿੱਤੀ ।

ਏਥੇ ਵਰਣਨਯੋਗ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਦ੍ਰਿੜ੍ਹਤਾ ਨੂੰ ਵੇਖਦੇ ਹੋਇ ਸ਼ਹਾਦਤ ਤੋਂ ਇੱਕ ਦਿਨ ਪਹਿਲ਼ਾਂ 10 ਨਵੰਬਰ 1675 ਈ. ਨੂੰ ਆਪ ਜੀ ਦੇ ਤਿੰਨ ਸਿੱਖਾਂ ਨੂੰ ਸਖ਼ਤ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਭਾਈ ਮਤੀਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਸਾੜ ਕੇ ਸ਼ਹੀਦ ਕੀਤਾ ਗਿਆ। ਭਾਈ ਦਿਆ ਦਾਸ ਜੀ ਨੂੰ ਉਬਲਦੀ ਦੇਗ਼ ਵਿੱਚ ਪਾ ਕੇ ਸ਼ਹੀਦ ਕੀਤਾ ਗਿਆ ਪਰ ਆਪ ਜੀ ਅਡੋਲ ਰਹੇ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਲਿਖੇ ਹੋਏ 59 ਸ਼ਬਦ ਅਤੇ 57 ਸਲੋਕ ਹਨ। ਸਲੋਕ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿੱਚ ਦਰਜ ਹਨ । ਸ਼ਬਦ 15 ਰਾਗਾਂ ਵਿੱਚ ਹਨ। ਗਉੜੀ ਰਾਗ ਵਿੱਚ 9, ਤਿਲੰਗ 3, ਆਸਾ 1, ਬਿਲਾਵਲ 3, ਦੇਵਗੰਧਾਰੀ 3, ਬਿਹਾਗੜਾ 1, ਮਾਰੂ 3, ਸੋਰਠ 12, ਬਸੰਤ 5, ਧਨਾਸਰੀ4 , ਸਾਰੰਗ 4, ਰਾਮਕਲੀ 3, ਜੈਤਸਰੀ 3, ਜੈਜਾਵੰਤੀ 4, ਟੋਡੀ 1 ਜੋੜ =59 । ਇੱਥੇ ਵਰਨਣਯੋਗ ਹੈ ਕਿ ਜੈਜਾਵੰਤੀ ਰਾਗ ਸਿਰਫ਼ ਗੁਰੂ ਤੇਗ ਬਹਾਦਰ ਸਾਹਿਬ ਨੇ ਵਰਤਿਆ ਹੈ।

# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ



ਸੁਖਚੈਨ ਸਿੰਘ
9914184794



ਜਨਮ : ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਵੈਸਾਖ ਸੁਦੀ 7 ਸੰਮਤ 1620 ਮੁਤਾਬਕ 15 ਅਪਰੈਲ 1563 ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਬੀਬੀ ਭਾਨੀ ਜੀ ਦੀ ਕੁਖੋਂ ਆਪਣੇ ਨਾਨਕੇ ਪਿੰਡ ਗੋਬਿੰਦਵਾਲ ਸਾਹਿਬ (ਤਰਨਤਾਰਨ) ਵਿਖੇ ਹੋਇਆ। ਇਹਨਾਂ ਨੇ ਆਪਣੇ ਨਾਨਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੀ ਗੋਦ ਦਾ ਅਨੰਦ ਮਾਣਿਆ ਅਤੇ ਇਹਨਾਂ ਨੂੰ ਜਨਮ ਸਮੇਂ ਤੋਂ ਹੀ ਗੁਰਮਤਿ ਦੀ ਗੁੜਤੀ ਮਿਲੀ। ਇਹਨਾਂ ਨੇ ਬਚਪਨ ਦੇ 11 ਸਾਲ ਗੋਇੰਦਵਾਲ ਸਾਹਿਬ ਵਿਚ ਹੀ ਗੁਜ਼ਰੇ। ਗੁਰੂ ਅਰਜਨ ਦੇਵ ਜੀ ਦਾ ਗੁਰਬਾਣੀ ਨਾਲ ਅੱਤ ਦਰਜੇ ਦਾ ਪਿਆਰ ਹੋਣ ਕਰਕੇ ਹੀ ਗੁਰੂ ਅਮਰਦਾਸ ਜੀ ਨੇ ਕਹਿ ਦਿੱਤਾ ਸੀ 'ਇਹ ਦੋਹਿਤਾ ਬਾਣੀ ਕਾ ਬੋਹਿਥਾ' ਹੋਵੇਗਾ।

ਗੁਰਤਾ ਗੱਦੀ ਮਿਲਣਾ: ਗੁਰੂ ਰਾਮਦਾਸ ਜੀ ਨੇ ਆਪਣਾ ਅੰਤਿਮ ਸਮਾਂ ਨੇੜੇ ਆਉਂਦਾ ਅਨੁਭਵ ਕਰਕੇ ਭਾਦਰੋਂ ਸੰਮਤ 1638 ਮੁਤਾਬਿਕ ਅਗਸਤ 1581 ਵਿੱਚ ਸੰਗਤ ਇਕੱਠੀ ਕਰਕੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਦਿੱਤੀ।

ਗੁਰੂ ਅਰਜਨ ਦੇਵ ਜੀ ਨੂੰ ਚੌਂਕੀ ਉੱਤੇ ਬਿਠਾ ਕੇ ਉਨ੍ਹਾਂ ਨੂੰ ਆਪ ਮੱਥਾ ਟੇਕਿਆ ਅਤੇ ਗੁਰਬਾਣੀ ਦਾ ਖ਼ਜਾਨਾ ਉਹਨਾਂ ਨੂੰ ਦੇ ਦਿੱਤਾ।

1 ਸਤੰਬਰ 1581 ਨੂੰ ਸ੍ਰੀ ਗੁਰੂ ਰਾਮਦਾਸ ਜੀ ਗੋਬਿੰਦਵਾਲ ਸਾਹਿਬ ਜੋਤੀ ਜੋਤ ਸਮਾ ਗਏ। ਦਸਤਾਰ ਬੰਦੀ ਦੀ ਰਸਮ ਸਮੇਂ ਸੰਗਤਾਂ ਦਾ ਇਕੱਠ ਹੋਇਆ। ਭੱਟ ਵੀ ਦਰਸ਼ਨ ਕਰਨ ਆਏ ਇਹਨਾਂ ਨੇ ਹਰੇਕ ਗੁਰੂ ਜੀ ਦੀ ਵਡਿਆਈ ਕੀਤੀ, ਸਵੱਈਏ ਉਚਾਰਨ ਕੀਤੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਕੇ ਚੱਕ ਆ ਗਏ। ਉਹਨਾਂ ਦੀ ਪ੍ਰਿਥੀ ਚੰਦ ਨੇ ਬਹੁਤ ਵਿਰੋਧਤਾ ਕੀਤੀ। ਪਰ ਗੁਰੂ ਜੀ ਸ਼ਾਂਤ ਚਿੱਤ ਅਡੋਲ ਰਹੇ। ਗੁਰੂ ਜੀ ਨੇ ਅੰਮ੍ਰਿਤਸਰ ਵਿੱਚ ਸਰੋਵਰ ਦੀ ਸੇਵਾ ਅਰੰਭ ਕਰਵਾਈ। ਸਰੋਵਰ 1588 ਈ: ਵਿੱਚ ਮੁਕੰਮਲ ਹੋਇਆ। ਸਰੋਵਰ ਵਿੱਚ ਦਰਬਾਰ ਸਾਹਿਬ ਦੀ ਨੀਹ ਆਪਣੇ ਸ਼ਰਧਾਲੂ ਸਾਈ ਮੀਆਂ ਮੀਰ ਤੋਂ ਅਕਤੂਬਰ 1588 ਵਿੱਚ ਰਖਵਾਈ। ਅੰਮ੍ਰਿਤ ਸਰੋਵਰ ਦੇ ਨਾਮ 'ਤੇ ਸ਼ਹਿਰ ਦਾ ਨਾਮ ਅੰਮ੍ਰਿਤਸਰ ਮਸ਼ਹੂਰ ਹੋਇਆ।

ਵਿਆਹ: 1589 ਈ: ਵਿੱਚ ਆਪ ਜੀ ਦੀ ਸ਼ਾਦੀ ਪਿੰਡ ਮੌਂ ਤਹਿਸੀਲ ਫਿਲੌਰ ਦੇ ਵਸਨੀਕ ਸ੍ਰੀ ਕਿਸ਼ਨ ਚੰਦ ਦੀ ਪੁੱਤਰੀ ਮਾਤਾ ਬੀਬੀ ਗੰਗਾ ਜੀ ਨਾਲ ਹੋਈ। ਇਹਨਾਂ ਦੇ ਘਰ ਇੱਕ ਪੁੱਤਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਜਨਮ ਲਿਆ।

ਆਦਿ ਬੀੜ : ਹਰੇਕ ਗੁਰੂ ਸਾਹਿਬਾਨ ਦੀ ਬਾਣੀ ਵੱਖਰੀ ਵੱਖਰੀ ਸੀ ਉਂਞ ਰਾਗਾਂ ਵਾਰ ਸੀ। ਰਾਗਾਂ ਦੀ ਇਸ ਪਰਧਾਨਤਾ ਨੂੰ ਕਇਮ ਰੱਖਣ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂਆਂ ਦੀ ਬਾਣੀ ਰਾਗਾਂ ਅਨੁਸਾਰ ਹੀ ਨਵੇਂ ਸਿਰਿਉ ਤਰਤੀਬ ਕਰਨੀ ਸ਼ੁਰੂ ਕੀਤੀ। ਜਿਵੇਂ ਪਹਿਲਾਂ ਗੁਰੂ ਸਹਿਬਾਨ ਜੀ ਦੀ ਬਾਣੀ ਵੱਖ ਵੱਖ ਇਕੱਠੀ ਸੀ। ਇਸ ਤਰਾਂ ਹਰੇਕ ਭਗਤ ਦੀ ਬਾਣੀ ਵੀ ਵੱਖ ਵੱਖ ਸੀ। ਇਸ ਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਅਨੁਸਾਰ ਆਪੋ ਆਪਣੇ ਟਿਕਾਣੇ ਰੱਖ ਦਿੱਤਾ। ਕਵਿਤਾ ਦੇ ਦ੍ਰਿਸਟੀ ਕੋਣ ਤੋਂ ਬਾਣੀ ਕਈ ਕਿਸਮਾਂ ਦੇ ਕਾਵਿ ਛੰਦਾਂ ਤੋਂ ਲਿਖੀ ਹੋਈ ਸੀ। ਸ਼ਬਦ ਅਸ਼ਟਪਦੀਆਂ, ਛੰਤ, ਵਾਰ, ਸਲੋਕ ਆਦਿਕ ਹਰੇਕ ਰਾਗ ਵਿੱਚ ਪਹਿਲਾਂ ਹਰੇਕ ਗੁਰੂ ਸਾਹਿਬ ਦੇ ਸ਼ਬਦ ਇਕੱਠੇ ਕੀਤੇ ਗਏ ਫਿਰ ਅਸ਼ਟਪਦੀਆਂ ਫਿਰ ਛੰਤ ਆਦਿਕ।

ਜਦੋਂ ਸਾਰੀ ਬਾਣੀ ਦੀ ਤਰਤੀਬ ਹੋ ਗਈ ਤਾਂ ਗੁਰੂ ਸਾਹਿਬ ਜੀ ਨੇ ਇਸ ਨੂੰ ਇੱਕ ਨਵੇਂ ਰੂਪ ਵਿੱਚ ਮੁੜ ਲਿਖਣ ਲਈ ਭਾਈ ਗੁਰਦਾਸ ਜੀ ਨੂੰ ਆਗਿਆ ਕੀਤੀ। ਭਾਈ ਗੁਰਦਾਸ ਜੀ ਉਸ ਵੇਲੇ ਸਿੱਖਾਂ ਵਿੱਚ ਉਚਕੋਟੀ ਦੇ ਵਿਦਵਾਨ ਸਨ। ਇਹ ਆਪ ਵੀ ਕਵੀ ਸਨ। ਭਾਈ ਗੁਰਦਾਸ ਜੀ ਨੇ ਇਹ ਬਾਣੀ ਦੀ ਸੇਵਾ ਰਾਮਸਰ ਸਰੋਵਰ ਦੇ ਕੰਢੇ ਬੈਠ ਕੇ ਨਿਭਾਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਖੇ ਭਾਦੋਂ ਵਦੀ 1 ਸੰਮਤ 1661 ਮੁਤਾਬਕ ਸਤੰਬਰ 1604 ਨੂੰ ਪ੍ਰਕਾਸ਼ ਕੀਤਾ ਗਿਆ। ਬਾਬਾ ਬੁਢਾ ਜੀ ਨੂੰ ਪਹਿਲੇ ਗ੍ਰੰਥੀ ਥਾਪਿਆ ਗਿਆ।

ਸ਼ਹੀਦੀ : 30 ਮਈ 1606 ਈ: ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਖਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਚੰਦੂ ਨੇ ਗੁਰੂ ਅਰਜਨ ਪਾਤਿਸ਼ਾਹ ਨੂੰ ਸੜਦੇ ਉਬਲਦੀ ਪਾਣੀ ਦੀ ਦੇਗ ਵਿੱਚ ਬਿਠਾਇਆ। ਫਿਰ ਨੰਗੇ ਪਿੰਡੇ ਉੱਤੇ ਸੜਦੀ ਬਲਦੀ ਤੱਤੀ ਰੇਤ ਪਾਈ ਗਈ। ਫਿਰ ਉਹਨਾਂ ਨੂੰ ਲੋਹ ਉਤੇ ਬਿਠਾ ਕੇ ਅੱਗ ਦਾ ਭਾਬੜ ਮਚਾਇਆ ਗਿਆ ਪਰ ਆਪ ਅਕਾਲ ਪੁਰਖ ਦੇ ਭਾਣੇ ਵਿੱਚ ਅਡੋਲ ਟਿਕੇ ਰਹੇ। ਸ਼ਹੀਦ ਹੋਣ ਲਈ ਜਾਣ ਤੋਂ ਪਹਿਲਾਂ ਉਹਨਾਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗੁਰਿਆਈ ਬਖਸ਼ ਦਿੱਤੀ ਸੀ।

## ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼

# ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377



ਸਿੱਖ ਧਰਮ ਦੇ ਗੁਰੂ ਕਾਲ ਤੋਂ ਪਹਿਲਾਂ ਸਮਾਜ ਦੀ ਰਾਜਸੀ, ਧਾਰਮਿਕ, ਸਮਾਜਿਕ ਤੇ ਆਰਥਿਕ ਦਸ਼ਾ ਵਿੱਚ ਕੂੜ ਪ੍ਰਧਾਨ ਸੀ। ਧਰਮ ਦੇ ਠੇਕੇਦਾਰ ਧਰਮ ਦੇ ਨਾਂਅ 'ਤੇ ਜਨਤਾ ਨੂੰ ਵਹਿਮਾਂ ਭਰਮਾਂ ਵਿੱਚ ਪਾ ਕੇ ਲੁੱਟ ਰਹੇ ਸਨ। ਉਸ ਸਮੇਂ ਸਿੱਖ ਧਰਮ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਸਾਹਿਬ ਜੀ ਦਾ ਆਗਮਨ ਹੋਇਆ। ਜਿਨ੍ਹਾਂ ਨੇ ਲੋਕਾਈ ਦੀ ਭਲਾਈ ਲਈ ਉਪਦੇਸ਼ ਦਿੱਤਾ ਕਿ ਸਾਵੀਂ ਪੱਧਰੀ ਜੀਵਨ ਜਾਚ 'ਤੇ ਚਲਦਿਆਂ , ਕ੍ਰਾਂਤੀਕਾਰੀ ਉਪਦੇਸ਼ ਹੇਠ ਤਿੰਨ ਮੁੱਢਲੇ ਸਿਧਾਂਤ ਦਿੱਤੇ ਕਿ ਨਾਮ ਜਪਣਾ, ਕ੍ਰਿਤ ਕਰਨੀ ਅਤੇ ਵੰਡ ਛਕਣਾ ਹੈ। ਅੱਗੇ ਜਾ ਕੇ ਸਾਰੇ ਗੁਰੂ ਸਾਹਿਬਾਨ ਦੀ ਨਿਰੰਤਰ ਜੋਤ ਨੇ ਇਸ ਧਰਮ ਸੰਕਲਪ ਨੂੰ ਅੱਗੇ ਤੋਰਿਆ। ਇਸੇ ਸੰਦਰਭ ਵਿੱਚ ਪੰਜਵੀਂ ਪਾਤਿਸ਼ਾਹੀ ਗੁਰੂ ਅਰਜਨ ਦੇਵ ਸਾਹਿਬ ਜੀ ਦਾ ਪ੍ਰਕਾਸ਼ 15 ਅਪ੍ਰੈਲ 1563 ਨੂੰ ਗੋਇੰਦਵਾਲ ਵਿਖੇ ਗੁਰਪਿਤਾ ਰਾਮਦਾਸ ਸਾਹਿਬ ਜੀ ਅਤੇ ਮਾਤਾ ਭਾਨੀ ਜੀ ਦੇ ਗ੍ਰਹਿ ਹੋਇਆ।

ਆਪ ਜੀ ਦਾ ਬਚਪਨ ਗੋਇੰਦਵਾਲ ਵਿਖੇ ਨਾਨਾ ਗੁਰੂ ਅਮਰਦਾਸ ਸਾਹਿਬ ਜੀ ਕੋਲ਼ 11 ਸਾਲ ਦੀ ਉਮਰ ਤੱਕ ਬੀਤਿਆ। ਆਪ ਜੀ ਦੀ ਧਾਰਮਿਕ ਬਿਰਤੀ ਨੂੰ ਵੇਖਦਿਆਂ , ਚੰਗੀ ਵਿਦਿਆ ਦਾ ਪ੍ਰਬੰਧ ਕੀਤਾ ਗਿਆ। ਆਪ ਸੰਤ ਸੁਭਾਅ ਤੇ ਸਤ ਗੁਣੀ ਸਨ। ਆਪ ਸ਼ਾਂਤ ਚਿੱਤ ਠਹਿਰਾਓ ਵਿੱਚ ਰਹਿੰਦੇ ਸਨ। ਆਪ ਹਮੇਸ਼ਾ ਪਰਮਾਤਮਾ ਦੀ ਯਾਦ ਵਿੱਚ ਜੁੜੇ ਰਹਿੰਦੇ। ਗੁਰੂ ਅਮਰਦਾਸ ਸਾਹਿਬ ਜੀ ਜੋਤੀ ਜੋਤ ਸਮਾ ਗਏ ਤਾਂ ਆਪ ਗੁਰਪਿਤਾ ਰਾਮਦਾਸ ਜੀ ਨਾਲ ਗੁਰੂ ਕੇ ਚੱਕ ਵਿਖੇ ਆ ਗਏ ਸੰਨ 1579, 16 ਸਾਲ ਦੀ ਉਮਰ ਵਿੱਚ ਆਪ ਜੀ ਦਾ ਵਿਆਹ ਪਿੰਡ ਮਉ ਤਹਿਸੀਲ ਫਲੌਰ, ਜ਼ਿਲ੍ਹਾ ਜਲੰਧਰ ਦੇ ਵਸਨੀਕ ਕ੍ਰਿਸ਼ਨ ਚੰਦ ਜੀ ਦੀ ਸਪੁੱਤਰੀ ਮਾਤਾ ਗੰਗਾ ਜੀ ਨਾਲ ਹੋਇਆ। ਆਪ ਜੀ ਦੇ ਤਿੰਨ ਪੁੱਤਰ ਬਾਬਾ ਪ੍ਰਿਥੀ ਚੰਦ, ਮਹਾਦੇਵ ਤੇ ਹਰਿਗੋਬਿੰਦ ਸਾਹਿਬ ਜੀ ਸਨ। ਹਰਿਗੋਬਿੰਦ ਸਾਹਿਬ ਜੀ ਦਾ ਆਗਮਨ ਜੂਨ 15, 1595 ਵਿੱਚ ਹੋਇਆ।

ਗੁਰੂ ਰਾਮਦਾਸ ਸਾਹਿਬ ਜੀ ਆਪਣੇ ਅੰਤਿਮ ਪੜਾਅ ਵਿੱਚ ਗੋਇੰਦਵਾਲ ਚਲੇ ਗਏ ਸਨ, ਇਥੇ ਹੀ ਉਨ੍ਹਾਂ ਨੇ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ 18 ਸਾਲ ਦੀ ਉਮਰ ਵਿੱਚ ਸਤੰਬਰ 1,1581 ਨੂੰ ਗੁਰਿਆਈ ਬਖ਼ਸ਼ ਦਿੱਤੀ। ਨਾਲ ਹੀ ਗੁਰਬਾਣੀ ਦਾ ਸਾਰਾ ਖ਼ਜ਼ਾਨਾ , ਜੋ ਉਨ੍ਹਾਂ ਕੋਲ ਸੀ, ਉਹ ਵੀ ਬਖ਼ਸ਼ ਦਿੱਤਾ। ਇਸ 'ਤੇ ਬਾਬਾ ਪ੍ਰਿਥੀ ਚੰਦ ਨਾਰਾਜ਼ ਹੋ ਗਿਆ। ਉਹ ਵੱਡਾ ਹੋਣ ਕਰਕੇ ਗੁਰਿਆਈ 'ਤੇ ਆਪਣਾ ਪਹਿਲਾ ਹੱਕ ਸਮਝਦਾ ਸੀ।

ਗੁਰੂ ਜੀ ਵਾਪਿਸ 'ਗੁਰੂ ਕੇ ਚੱਕ' ਆ ਗਏ। ਆਪ ਜੀ ਨੇ ਸਿੱਖੀ ਦਾ ਪ੍ਰਚਾਰ ਖਡੂਰ ਸਾਹਿਬ, ਗੋਇੰਦਵਾਲ, ਸਰਹਾਲੀ ਖਾਨਪੁਰ ਆਦਿ ਮਾਝੇ ਦੇ ਪਿੰਡਾਂ ਇਲਾਕਿਆਂ ਵਿੱਚ ਕੀਤਾ। ਬਾਬਾ ਪ੍ਰਿਥੀ ਚੰਦ ਜੀ ਦੀ ਵਿਰੋਧਤਾ ਵੀ ਚਲਦੀ ਰਹੀ। ਉਹ ਗੁਰੂ ਜੀ ਦੀ ਬਰਾਬਰੀ ਕਰਨ ਲੱਗਾ। ਉਸ ਦਾ ਸੰਗਤਾਂ ਵਿੱਚ ਬੜਾ ਰਸੂਖ ਸੀ। ਉਹ ਸੰਗਤਾਂ ਨੂੰ ਗੁਮਰਾਹ ਕਰਕੇ ਭੇਟਾ ਵੀ ਵਸੂਲਣ ਲੱਗਾ। ਗੁਰੂ ਜੀ ਸ਼ਾਂਤ ਚਿੱਤ, ਰੱਬ ਦੇ ਭਾਣੇ ਵਿੱਚ ਰਹੇ। ਜਿੰਨੀ ਵੀ ਭੇਟਾ ਪੁੱਜਦੀ , ਉਸ ਵਿੱਚ ਹੀ ਗੁਜਾਰਾ ਕਰ ਲੈਂਦੇ। ਉਹ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ। ਉਨ੍ਹਾਂ ਦੇ ਸਬਰ ਨਾਲ ਸਭ ਕੁਝ ਠੀਕ ਹੋ ਗਿਆ। ਸੰਗਤਾਂ ਨੇ ਬਾਬਾ ਪ੍ਰਿਥੀ ਚੰਦ ਜੀ ਦੀਆਂ ਕੋਝੀਆਂ ਚਾਲਾਂ ਨੂੰ ਪਛਾੜ ਦਿੱਤਾ। ਉਸ ਨੇ ਸਰਕਾਰੇ ਦਰਬਾਰੇ ਵੀ ਪਹੁੰਚ ਕੀਤੀ ਪਰ ਸਫਲ ਨਾ ਹੋਇਆ। ਉਸ ਨੇ ਗੁਰੂ ਜੀ ਦੇ ਪੁੱਤਰ ਹਰਿਗੋਬਿੰਦ ਜੀ ਨੂੰ ਮਾਰਨ ਦੀਆਂ ਅਸਫਲ ਕੋਸ਼ਿਸ਼ਾਂ ਵੀ ਕੀਤੀਆਂ। ਗੁਰੂ ਜੀ ਨੇ ਮਕਾਨਾਂ ਅਤੇ ਜ਼ਮੀਨ ਦੀ ਆਮਦਨ ਦੋਨੋਂ ਭਰਾਵਾਂ ਦੇ ਹਵਾਲੇ ਕਰ ਦਿੱਤੀ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖਾਂ ਦੀ ਗਿਣਤੀ ਵਿੱਚ ਬਹੁਤ ਵਾਧਾ ਹੋਇਆ। ਸੰਗਤ ਜੁੜਦੀ ਗਈ। ਗੁਰੂ ਜੀ ਨੇ ਮਰਯਾਦਾ ਤਹਿਤ ਹਰੇਕ ਸਿੱਖ ਨੂੰ ਕਿਹਾ ਕਿ ਉਹ ਆਪਣੀ ਨੇਕ ਕਮਾਈ ਵਿਚੋਂ ਸਾਂਝੇ ਕਾਰਜਾਂ ਲਈ ਦਸਵੰਧ ਅਦਾ ਕਰੇ। ਇਸ ਕਾਰਜ ਲਈ ਮਸੰਦ ਪ੍ਰਥਾ ਚਲਾਈ। ਧਾਰਮਿਕ ਰੁਤਬੇ ਵਾਲੇ ਅਤੇ ਸੰਗਤਾਂ ਵਿੱਚ ਚੰਗਾ ਰਸੂਖ ਰੱਖਣ ਵਾਲਿਆਂ ਨੂੰ ਮਸੰਦ ਨਿਯੁਕਤ ਕੀਤਾ। ਜੋ ਦਸਵੰਧ ਦੀ ਭੇਟਾ ਇਕੱਠੀ ਕਰਕੇ ਖ਼ਜ਼ਾਨੇ ਵਿੱਚ ਜਮਾਂ ਕਰਵਾਉਂਦੇ ਸਨ। ਉਹ ਸੰਗਤਾਂ ਦੀਆਂ ਧਾਰਮਿਕ ਲੋੜਾਂ ਨੂੰ ਪੂਰਾ ਕਰਦੇ ਸਨ। ਉਹ ਸੰਗਤਾਂ ਨੂੰ ਗੁਰ ਦਰਬਾਰ ਨਾਲ ਜੋੜਦੇ ਸਨ। ਮਸੰਦਾਂ ਨੂੰ ਹਦਾਇਤ ਸੀ ਕਿ ਉਹ ਵਿਸਾਖੀ ਦੇ ਦਿਨ ਆਪਣੇ ਇਲਾਕੇ ਦੀਆਂ ਸੰਗਤਾਂ ਦਾ ਚੜ੍ਹਾਵਾ ਗੁਰੂ ਦਰਬਾਰ ਖਜਾਨੇ ਵਿੱਚ ਜਮਾ ਕਰਵਾਉਣ।



ਗੁਰੂ ਜੀ ਨੇ ਜਾਤ ਪਾਤ ਦਾ ਵਿਤਕਰਾ ਦੂਰ ਕਰਦੇ ਹੋਏ ਲੰਗਰ ਦੀ ਪ੍ਰਥਾ ਨੂੰ ਹੋਰ ਪ੍ਰਫੁਲਤ ਕੀਤਾ ਅਤੇ ਸੰਗਤਾਂ ਵਿੱਚ ਲੰਗਰ ਦੀ ਮਹੱਤਤਾ ਨੂੰ ਕਾਇਮ ਰੱਖਿਆ।

ਸਮਾਜਿਕ ਕਾਰਜਾਂ ਵਿੱਚ ਸੰਨ 1595 ਵਿੱਚ ਔੜ ਲੱਗ ਗਈ, ਪਾਣੀ ਦੀ ਥੁੜ ਕਰਕੇ ਕਈ ਪਿੰਡਾਂ ਵਿੱਚ ਖੂਹ ਲਵਾਏ। ਯਤੀਮਾਂ ਦੀ ਪਾਲਣਾ ਲਈ ਆਸ਼ਰਮ ਬਣਾਏ ਅਤੇ ਲੰਗਰ ਜਾਰੀ ਕੀਤੇ।

ਸੰਨ 1598 ਵਿੱਚ ਲਾਹੌਰ ਵਿੱਚ ਕਾਲ ਪੈ ਗਿਆ ਤੇ ਭੁੱਖਮਰੀ ਨਾਲ ਬਿਮਾਰੀ ਫੈਲ ਗਈ। ਗੁਰੂ ਜੀ ਨੇ ਆਪਣੇ ਹੱਥੀਂ ਸੰਗਤਾਂ ਨਾਲ ਮਿਲ ਕੇ ਪੀੜਤਾਂ ਦੀ ਸੇਵਾ ਕੀਤੀ। ਸਾਰਾ ਦਸਵੰਧ ਪੀੜਤਾਂ ਦੀ ਸੇਵਾ 'ਤੇ ਖਰਚ ਕਰ ਦਿੱਤਾ। ਮੁਗਲ ਬਾਦਸ਼ਾਹ ਅਕਬਰ ਆਗਰੇ ਤੋਂ ਲਾਹੌਰ ਆਇਆ। ਗੁਰੂ ਜੀ ਦੀ ਸੇਵਾ ਤੋਂ ਪ੍ਰਸੰਨ ਹੋਇਆ। ਗੁਰੂ ਜੀ ਨੇ ਫਸਲਾਂ ਦੇ ਹੋਏ ਨੁਕਸਾਨ ਤੇ ਬਾਦਸ਼ਾਹ ਕੋਲੋਂ ਕਿਸਾਨਾਂ ਦਾ ਮਾਮਲਾ ਮਾਫ਼ ਕਰਵਾ ਲਿਆ।

ਬਾਅਦ ਵਿੱਚ ਪ੍ਰਚਾਰ ਕਰਦਿਆਂ ਗੁਰੂ ਜੀ ਗੋਇੰਦਵਾਲ ਤੋਂ ਹੋ ਕੇ ਅੰਮ੍ਰਿਤਸਰ ਗਏ। ਕੁਝ ਸਮੇਂ ਬਾਅਦ ਡੇਰਾ ਬਾਬਾ ਨਾਨਕ, ਕਲਾਨੌਰ, ਬਾਰਨ ਆਦਿ ਪਿੰਡਾਂ ਵਿੱਚ ਦੋ ਸਾਲ ਤੱਕ ਸਿੱਖੀ ਦਾ ਪ੍ਰਚਾਰ ਕੀਤਾ। ਗੁਰੂ ਜੀ ਨੇ ਉਸਾਰੀ ਦੇ ਕੰਮਾਂ ਨੂੰ ਮੁਕੰਮਲ ਕੀਤਾ। ਗੁਰੂ ਕੇ ਚੱਕ ਦਾ ਨਾਉਂ ਚੱਕ ਰਾਮਦਾਸ ਜਾਂ ਰਾਮਦਾਸਪੁਰ ਰੱਖਿਆ। ਉਸਾਰੀ ਅਤੇ ਨਿਰਮਾਣ ਦੇ ਕਾਰਜਾਂ ਵਿੱਚ ਵੇਰਵੇ ਮਿਲਦੇ ਹਨ ਕਿ :

1. ਅੰਮ੍ਰਿਤਸਰ ਸਰੋਵਰ ਦੀ ਖੁਦਵਾਈ ਗੁਰੂ ਰਾਮਦਾਸ ਜੀ ਨੇ 1577 ਈ. ਵਿੱਚ ਸ਼ੁਰੂ ਕਰਵਾਈ ਸੀ। ਸਰੋਵਰ ਨੂੰ ਹੋਰ ਡੂੰਘਾ ਅਤੇ ਪੱਕਾ ਕਰਨ ਦਾ ਕੰਮ ਗੁਰੂ ਜੀ ਨੇ ਪੂਰਾ ਕੀਤਾ।

2. ਡਿਊੜੀ ਗੁਰੂ ਬਾਜ਼ਾਰ ਦੇ ਕੋਲ ਰਾਮਦਾਸਪੁਰ ਵਿਖੇ ਬਣਾਈ।

3. ਗੁਰੂ ਕੇ ਮਹਿਲ :ਗੁਰੂ ਬਾਜ਼ਾਰ ਦੇ ਕੋਲ ਹੀ ਰਿਹਾਇਸ਼ੀ ਮਕਾਨ ਜੋ ਗੁਰੂ ਰਾਮਦਾਸ ਸਾਹਿਬ ਜੀ ਨੇ ਬਣਵਾਏ ਸਨ, ਨੂੰ ਪੱਕਿਆ ਕੀਤਾ।

4. ਸੰਤੋਖਸਰ : ਸੰਤੋਖਸਰ ਦੀ ਖੁਦਵਾਈ ਗੁਰੂ ਰਾਮਦਾਸ ਸਾਹਿਬ ਨੇ 1570 ਵਿੱਚ ਸ਼ੁਰੂ ਕੀਤੀ ਸੀ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਇਕ ਪਿਸ਼ੌਰੀ ਸਿੱਖ ਭਾਈ ਸੰਤੋਖ ਸਿੰਘ ਜੀ ਦੀ ਭੇਟਾ ਨਾਲ 1588 ਈ: ਨੂੰ ਪੱਕਾ ਕੀਤਾ।

5. ਹਰਿਮੰਦਰ ਸਾਹਿਬ ਜੀ ਦਾ ਨੀਂਹ ਪੱਥਰ 1588 ਈ: ਵਿੱਚ ਰੱਖਿਆ, ਉਸਾਰੀ ਦੀ ਵਿਉਂਤ ਗੁਰੂ ਜੀ ਦੀ ਆਪਣੀ ਹੀ ਸੀ।

6. ਤਰਨ ਤਾਰਨ ਸ਼ਹਿਰ ਵਿੱਚ ਇੱਕ ਵੱਡੇ ਸਰੋਵਰ ਨਾਲ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ।

7. ਇੱਕ ਵਾਰ ਗੁਰੂ ਜੀ ਨਗਰ ਡੱਲਾ ਵਿਖੇ ਠਹਿਰੇ ਸਨ। ਉਥੇ ਜਲੰਧਰ ਦਾ ਸੂਬਾ ਅਜੀਮ ਖਾਂ ਗੁਰੂ ਦਰਸ਼ਨਾਂ ਲਈ ਆਇਆ। ਸੰਗਤਾਂ ਦਾ ਪ੍ਰਬੰਧ ਵੇਖ ਕੇ ਬੜਾ ਪ੍ਰਸੰਨ ਹੋਇਆ। ਉਸ ਨੇ ਬੇਨਤੀ ਕੀਤੀ ਕਿ ਦੋਆਬਾ ਵਿੱਚ ਵੀ ਕੋਈ ਅਜਿਹਾ ਨਗਰ ਵਸਾਓ। ਉਸ ਦੀ ਬੇਨਤੀ 'ਤੇ ਕਰਤਾਰਪੁਰ (ਜਲੰਧਰ ) ਵਸਾਇਆ।

8. ਛੇਹਰਟਾ ਸਾਹਿਬ : ਵਡਾਲੀ ਪਿੰਡ ਦੇ ਕੋਲ ਸਿੰਚਾਈ ਲਈ ਇੱਕ ਅਜਿਹਾ ਖੂਹ ਲਗਵਾਇਆ, ਜਿਸ ਦੇ 6 ਹਰਟ ਚਲਦੇ ਸਨ। ਇਸ ਦਾ ਨਾਉਂ ਛੇਹਰਟਾ ਰੱਖਿਆ। ਇੱਥੋਂ ਦੇ ਗੁਰਦੁਆਰਾ ਸਾਹਿਬ ਵਿੱਚ ਬਸੰਤ ਪੰਚਮੀ 'ਤੇ 'ਜੋੜ ਮੇਲਾ' ਲੱਗਦਾ ਹੈ। ਵਡਾਲੀ ਵਿੱਚ ਹੀ ਤਿੰਨ ਹਰਟਾਂ ਵਾਲ ਖੂਹ ਵੀ ਲਗਵਾਇਆ ਗਿਆ।

9. ਗੁਰੂ ਹਰਿਗੋਬਿੰਦਪੁਰਾ : ਗੁਰਦਾਸਪੁਰ ਬਟਾਲਾ ਵਿੱਚ ਗੋਬਿੰਦਪੁਰ ਨਗਰ ਵਸਾਇਆ ਗਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਇਸ ਨਗਰ ਦੀ ਬੜੀ ਰੌਣਕ ਵੱਧ ਗਈ ਤਾਂ ਨਾਉਂ ਹਰਿਗੋਬਿੰਦਪੁਰਾ ਪ੍ਰਚਲਿਤ ਹੋ ਗਿਆ।

10. ਬਾਉਲੀ ਸਾਹਿਬ : ਡੱਬੀ ਬਾਜ਼ਾਰ ਲਾਹੌਰ ਵਿੱਚ ਇੱਕ ਬਾਉਲੀ ਤਿਆਰ ਕੀਤੀ ਅਤੇ ਗੁਰਦੁਆਰਾ ਸਾਹਿਬ ਵੀ ਸਥਾਪਤ ਕੀਤਾ।

11. ਗੁਰੂ ਕਾ ਬਾਗ : ਪਹਿਲਾਂ ਇਸ ਅਸਥਾਨ ਨੂੰ 'ਗੁਰੂ ਕੀ ਰੋਜ਼' ਕਹਿੰਦੇ ਸਨ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇੱਥੇ ਬਾਗ ਲਗਵਾਇਆ। ਜਿਸ ਨਾਲ ਇਸ ਸਥਾਨ ਦਾ ਨਾਉਂ ਗੁਰੂ ਕਾ ਬਾਗ ਪੈ ਗਿਆ। ਸੰਨ 1922 ਵਿੱਚ ਇੱਥੇ ਅਕਾਲੀ ਮੋਰਚਾ ਲੱਗਾ ਸੀ।

12. ਰਾਮਸਰ : ਰਾਮਸਰ ਦਾ ਇੱਕ ਛੋਟਾ ਜਿਹਾ ਸਰੋਵਰ ਬਣਵਾਇਆ ਸੀ। ਸੁਖਮਨੀ ਸਾਹਿਬ ਜੀ ਦੀ ਰਚਨਾ ਹੋਈ। ਫਿਰ ਭਾਈ ਗੁਰਦਾਸ ਜੀ ਪਾਸੋਂ ਆਦਿ ਗ੍ਰੰਥ ਦੀ ਬੀੜ ਲਿਖਵਾਈ ਗਈ।

ਗੁਰੂ ਅਰਜਨ ਦੇਵ ਜੀ ਕਮਾਲ ਦੇ ਸ਼ਾਇਰ ਸਨ ਅਤੇ ਸੰਗੀਤਕਾਰ ਵੀ ਸਨ। ਸਾਰੀ ਬਾਣੀ ਉਨ੍ਹਾਂ ਕੋਲ ਸੀ। ਗੁਰੂ ਅਮਰਦਾਸ ਸਾਹਿਬ ਜੀ ਨੇ ਉਨ੍ਹਾਂ ਨੂੰ 'ਬਾਣੀ ਦਾ ਬੋਹਿਥਾ ' ਦਾ ਵਰ ਦਿੱਤਾ ਸੀ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਜਿਥੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ। ਉਥੇ ਉਹਨਾਂ ਦੇ 2218 ਸ਼ਬਦ ਵੀ ਹਨ। ਇਹਨਾਂ ਦੀਆਂ ਬਾਣੀਆਂ ਹਨ : ਬਾਰਾਂ ਮਾਹ,ਬਾਵਨ ਅੱਖਰੀ, ਗਉੜੀ, ਥਿਤੀ, ਸੁਖਮਨੀ ਅਤੇ ਗਾਥਾ।

ਸਿੱਖ ਧਰਮ ਦੀ ਵੱਧਦੀ ਉੱਨਤੀ ਨੂੰ ਵੇਖ ਕੇ ਹਿੰਦੂਆਂ ਅਤੇ ਮੁਸਲਮਾਨਾਂ ਨੇ ਵੀ ਸਿੱਖ ਧਰਮ ਗ੍ਰਹਿਣ ਕਰਨ ਵੱਲ ਰੁਖ ਮੋੜ ਲਿਆ ਸੀ। ਬਹੁਤ ਸਾਰੇ ਸਿੱਖ ਬਣੇ ਸਨ। ਅਹਿਮਦ ਸਰਹੱਦੀ ਤੇ ਸ਼ੇਖ ਫ਼ਰੀਦ ਬੁਖ਼ਾਰੀ ਵਰਗੇ ਜਨੂਨੀ ਮੁਸਲਮਾਨਾਂ ਨੇ ਮੁਗਲ ਬਾਦਸ਼ਾਹ ਜਹਾਂਗੀਰ ਦੇ ਕੰਨ ਭਰੇ ਕਿ ਸਿੱਖੀ ਦੀ ਵੱਧਦੀ ਤਾਕਤ ਨੂੰ ਇੱਥੇ ਹੀ ਖਤਮ ਕਰਨਾ ਚਾਹੀਦਾ ਹੈ। ਬਾਦਸ਼ਾਹ ਨੇ ਖ਼ੁਸਰੋ ਦੀ ਬਗਾਵਤ ਸਮੇਂ ਗੁਰੂ ਜੀ ਉੱਤੇ ਮਦਦ ਦਾ ਝੂਠਾ ਇਲਜਾਮ ਲਾ ਕੇ ਸਜਾ ਵਜੋਂ ਜੁਰਮਾਨਾ ਅਦਾ ਕਰਨ ਲਈ ਕਿਹਾ। ਗੁਰੂ ਜੀ ਨੂੰ ਤਲਬ ਕੀਤਾ ਗਿਆ ਤਾਂ ਗੁਰੂ ਜੀ ਜਾਣ ਗਏ ਸਨ ਕਿ ਉਨ੍ਹਾਂ ਨੇ ਮੁੜ ਕੇ ਨਹੀਂ ਆਉਣਾ। ਉਨ੍ਹਾਂ ਨੇ 25 ਮਈ 1606 ਨੂੰ ਗੁਰਿਆਈ, ਆਪਣੇ ਸਪੁੱਤਰ ਗੁਰੂ ਹਰਿਗੋਬਿੰਦ ਜੀ ਨੂੰ ਸੌਂਪ ਦਿੱਤੀ। ਹਥਿਆਰਬੰਦ ਹੋਣ ਅਤੇ ਫ਼ੌਜ ਰੱਖਣ ਦੀ ਵੀ ਹਦਾਇਤ ਕੀਤੀ ਕਿ ਆਉਣ ਵਾਲੇ ਸਮੇਂ ਵਿੱਚ ਹਥਿਆਰ ਚੁੱਕਣ ਦੀ ਲੋੜ ਹੈ। ਜਹਾਂਗੀਰ ਨੇ 30 ਮਈ, 1606 ਨੂੰ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ। ਸ਼ਹੀਦੀ ਦਾ ਇਕ ਵੱਖਰਾ ਵਿਸ਼ਾਲ ਵਿਸ਼ਾ ਹੈ।

ਅੰਤਿਕਾ : ਪ੍ਰਭੂ ਦਾ ਸਿਮਰਨ ਕਰਨ ਨਾਲ ਜੀਵ ਜਨਮ ਵਿੱਚ ਨਹੀਂ ਆਉਂਦਾ। ਜੀਵ ਦਾ ਦੁੱਖ ਅਤੇ ਜਮ ਦਾ ਡਰ ਦੂਰ ਹੋ ਜਾਂਦਾ ਹੈ। ਮੌਤ ਦਾ ਭਉ ਪਰੇ ਹੱਟ ਜਾਂਦਾ ਹੈ। ਵਿਕਾਰ ਰੂਪੀ ਦੁਸ਼ਮਣ ਟਲ ਜਾਂਦਾ ਹੈ। ਪ੍ਰਭੂ ਨੂੰ ਸਿਮਰਿਆ ਜਿੰਦਗੀ ਦੇ ਰਾਹ ਵਿੱਚ ਕੋਈ ਰੁਕਾਵਟ ਨਹੀਂ ਪੈਂਦੀ, ਕਿਉਂਕਿ ਪ੍ਰਭੂ ਦਾ ਸਿਮਰਨ ਕਰਨ ਨਾਲ ਮਨੁੱਖ ਹਰ ਵੇਲੇ ਸੁਚੇਤ ਰਹਿੰਦਾ ਹੈ। ਪ੍ਰਭੂ ਦਾ ਸਿਮਰਨ ਕਰਨ ਨਾਲ ਕੋਈ ਡਰ ਜੀਵ ਉਤੇ ਦਬਾਓ ਨਹੀਂ ਪਾ ਸਕਦਾ। ਕੋਈ ਦੁੱਖ ਵਿਆਕੁਲ ਨਹੀਂ ਕਰ ਸਕਦਾ। ਅਕਾਲ ਪੁਰਖ ਦਾ ਸਿਮਰਨ ਗੁਰਮੁੱਖਿ ਦੀ ਸੰਗਤ ਵਿੱਚ ਮਿਲਦਾ ਹੈ। ਜੋ ਮਨੁੱਖ ਸਿਮਰਨ ਕਰਦਾ ਹੈ। ਉਸ ਨੂੰ ਹੇ ਨਾਨਕ! ਅਕਾਲ ਪੁਰਖ ਦੇ ਪਿਆਰ ਵਿੱਚ ਹੀ ਦੁਨੀਆਂ ਦੇ ਸਾਰੇ ਖ਼ਜ਼ਾਨੇ ਪ੍ਰਤੀਤ ਹੁੰਦੇ ਹਨ।

ਸੁਖਮਨੀ ਸਾਹਿਬ ਤੋਂ ਗੁਰੂ ਅਰਜਨ ਦੇਵ ਜੀ ਦੀ ਬਾਣੀ ( ਅੰਗ 262-263)






# ਸਕੂਲ ਬੈਗ ਦੇ ਬੋਝ ਹੇਠ ਦੱਬਿਆ ਬਚਪਨ



## ਬੱਚਿਆਂ ਨੂੰ ਕਿਤਾਬੀ ਕੀੜੇ ਬਣਨ ਤੋਂ ਬਚਾਉਣ ਦੀ ਲੋੜ

ਕਿਸੇ ਨੇ ਕਿਹਾ ਹੈ ਕਿ ਇਸ ਭੌਤਿਕ ਸੰਸਾਰ ਵਿੱਚ ਜੇ ਸਾਡੇ ਨਾਲ ਕੁਝ ਨਵਾਂ ਵਾਪਰਦਾ ਹੈ, ਤਾਂ ਇਹ ਆਪਣੇ ਆਪ ਨਹੀਂ ਵਾਪਰਦਾ। ਕੁਝ ਨਵਾਂ ਕਰਨ ਲਈ ਕੁਝ ਕਦਮ ਚੁੱਕਣੇ ਪੈਂਦੇ ਹਨ, ਕੁਝ ਯਤਨ ਕਰਨੇ ਪੈਂਦੇ ਹਨ। ਕੁਝ ਸਮਾਂ ਪਹਿਲਾਂ ਇੱਕ ਪਾਰਕ ਵਿੱਚ ਤਿੰਨ-ਚਾਰ ਬੱਚੇ ਹੱਸ ਰਹੇ ਸਨ ਅਤੇ ਤਾੜੀਆਂ ਵਜਾ ਰਹੇ ਸਨ ਅਤੇ ਆਪਸ ਵਿਚ ਕੁਝ ਸ਼ਬਦਾਂ ਦੀ ਹੇਰਾਫੇਰੀ ਕਰਕੇ ਕੁਝ ਨਵਾਂ ਬਣਾ ਰਹੇ ਸਨ। ਕੋਈ ਵੀ ਉਨ੍ਹਾਂ ਬੱਚਿਆਂ ਨੂੰ ਮੋਹ ਨਾਲ ਦੇਖਣ ਅਤੇ ਸੁਣਨਾ ਪਸੰਦ ਕਰਦਾ ਸੀ।

ਦੋ ਵਕਤ ਦੀ ਰੋਟੀ ਦਾ ਇੰਤਜ਼ਾਮ ਕਰਨ ਵਾਲੇ ਮਾਪਿਆਂ ਦੇ ਬੱਚਿਆਂ ਨਾਲ ਮਿੱਠੀਆਂ-ਮਿੱਠੀਆਂ ਗੱਲਾਂ ਕਰਦਿਆਂ ਜੋ ਉਤਸ਼ਾਹ ਤੇ ਜੋਸ਼ ਦੇਖਣ ਨੂੰ ਮਿਲਦਾ ਸੀ, ਉਹ ਕਾਰਾਂ ਅਤੇ ਹਵਾਈ ਜਹਾਜ਼ਾਂ ਵਿੱਚ ਸਫ਼ਰ ਕਰ ਰਹੇ ਬੱਚਿਆਂ ਦੇ ਚਿਹਰਿਆਂ ’ਤੇ ਸ਼ਾਇਦ ਕਦੇ ਨਜ਼ਰ ਨਾ ਆਵੇ । ਸਾਫ਼ ਨਜ਼ਰ ਆ ਰਿਹਾ ਸੀ ਕਿ ਇਹ ਬੱਚੇ ਕਦੇ ਵੀ ਕਿਸੇ ਦੀ ਉੱਤਮ ਦੇਖ-ਰੇਖ ਹੇਠ ਨਹੀਂ ਆਏ ਸਨ, ਪਰ ਉਨ੍ਹਾਂ ਦੁਆਰਾ ਰਚੀਆਂ ਗਈਆਂ ਕਵਿਤਾਵਾਂ ਦੇ ਵਾਕ ਅਤੇ ਉਨ੍ਹਾਂ ਦੀ ਕਲਪਨਾ ਉਨ੍ਹਾਂ ਅੰਦਰ ਛੁਪੀ ਪ੍ਰਤਿਭਾ ਦਾ ਸੂਚਕ ਸੀ। ਸਹੀ ਅਤੇ ਚੰਗੀ ਤਰ੍ਹਾਂ ਸਮਝਿਆ ਮਾਰਗਦਰਸ਼ਨ ਉਨ੍ਹਾਂ ਨੂੰ ਵਧਾ ਸਕਦਾ ਹੈ ਅਤੇ ਤਿਆਰ ਕਰ ਸਕਦਾ ਹੈ। ਜੇਕਰ ਮੌਕਾ ਦਿੱਤਾ ਜਾਵੇ ਤਾਂ ਸ਼ਾਇਦ ਇਨ੍ਹਾਂ ਵਿਚੋਂ ਸਮਾਜ ਨੂੰ ਕੋਈ ਨਵਾਂ ਲੇਖਕ, ਕਵੀ ਜਾਂ ਦਾਰਸ਼ਨਿਕ ਮਿਲ ਜਾਵੇ।

ਪਰ ਇਹ ਸਭ ਕੁਝ ਸੋਚਣ ਦੀ ਗੱਲ ਹੈ। ਅੱਜ ਵੀ ਸਰਕਾਰਾਂ ਅਨਪੜ੍ਹਤਾ ਨੂੰ ਖ਼ਤਮ ਕਰਨ ਦੀਆਂ ਹੀ ਗੱਲਾਂ ਕਰਦੀਆਂ ਰਹਿੰਦੀਆਂ ਹਨ। ਜੇ ਬੱਚਿਆਂ ਦੀਆਂ ਸਮੱਸਿਆਵਾਂ ਨੂੰ ਜ਼ਮੀਨੀ ਪੱਧਰ ’ਤੇ ਹੱਲ ਕੀਤਾ ਜਾਵੇ ਤਾਂ ਸ਼ਾਇਦ ਉਨ੍ਹਾਂ ਲਈ ਇਸ ਦਾ ਕੋਈ ਅਰਥ ਨਹੀਂ ਹੋਵੇਗਾ।

ਸਿਸਟਮ ਦੀ ਖੇਡ ਵੀ ਵਿਲੱਖਣ ਹੈ, ਇੱਕ ਕੋਲ ਬਹੁਤ ਹੈ, ਇਸ ਲਈ ਉਹ ਇਸਨੂੰ ਕੂੜੇ ਵਿੱਚ ਸੁੱਟ ਦਿੰਦਾ ਹੈ ਅਤੇ ਦੂਜੇ ਕੋਲ ਇੱਕ ਬੁਰਕੀ ਵੀ ਨਹੀਂ ਹੁੰਦੀ। ਜੇਕਰ ਕਿਸੇ ਦਾ ਮਨ ਇਨ੍ਹਾਂ ਬੱਚਿਆਂ ਬਾਰੇ ਸੋਚ ਕੇ ਭਰ ਜਾਵੇ



ਤਾਂ ਅੱਜ ਦਾ ਅਮੀਰ, ਵਿਸ਼ੇਸ਼ ਅਧਿਕਾਰ ਅਤੇ ਆਲੀਸ਼ਾਨ ਸਮਾਜ ਕਿਸੇ ਦੀਆਂ ਅੱਖਾਂ ਅੱਗੇ ਅਚਾਨਕ ਗਾਇਬ ਹੋ ਸਕਦਾ ਹੈ। ਜੇਕਰ ਇਹ ਮੰਨ ਵੀ ਲਿਆ ਜਾਵੇ ਕਿ ਗਰੀਬ ਬੱਚੇ ਚੰਗੀ ਤਰ੍ਹਾਂ ਪੜ੍ਹਦੇ ਹਨ ਅਤੇ ਹੁਨਰਮੰਦ ਬਣ ਜਾਂਦੇ ਹਨ, ਤਾਂ ਇਹ ਕੁਲੀਨ ਵਰਗ ਅਤੇ ਦੰਭੀ ਸਮਾਜ ਉਨ੍ਹਾਂ ਨੂੰ ਦਿਖਾਵੇ ਅਤੇ ਦਿਖਾਵੇ ਰਾਹੀਂ ਆਪਣੇ ਦਬਾਅ ਨਾਲ ਨਿਰਾਸ਼ ਕਰੇਗਾ।

ਇਨ੍ਹੀਂ ਦਿਨੀਂ ਅਖੌਤੀ ‘ਸ਼੍ਰੀਮੰਤ ਸਮਾਜ’ ਵਿੱਚ ਇੱਕ ਵੱਖਰੀ ਕਿਸਮ ਦਾ ਹੰਕਾਰ ਵੇਖਣ ਨੂੰ ਮਿਲਣ ਲੱਗਾ ਹੈ। ਬਹੁਤ ਸਾਰੇ ਵਿਸ਼ੇਸ਼ ਅਧਿਕਾਰ ਪ੍ਰਾਪਤ ਅਤੇ ਅਮੀਰ ਮਾਪੇ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਘਰ ਤੋਂ ਬਾਹਰ ਨਾ ਜਾਣ ਅਤੇ ਹਰ ਸਮੇਂ ਸਕੂਲੀ ਬੈਗ ਦੇ ਬੋਝ ਵਿੱਚ ਰਹਿਣ। ਉਹ ਕਦੇ ਵੀ ਇਹ ਨਹੀਂ ਸੋਚਦੇ ਕਿ ਬੱਚਿਆਂ ਨੂੰ ਸਕੂਲੀ ਬੈਗਾਂ ਦਾ ਬੋਝ ਨਹੀਂ ਬਣਾਉਣਾ ਚਾਹੀਦਾ ਅਤੇ ਟੀ.ਵੀ., ਮੋਬਾਈਲ ਆਦਿ ਤੋਂ ਦੂਰ ਰੱਖ ਕੇ ਕੁਝ ਬਣਾਉਣ ਦਾ ਖਿਆਲ ਉਨ੍ਹਾਂ ਦੇ ਮਨਾਂ ਵਿੱਚ ਬਿਠਾਉਣਾ ਚਾਹੀਦਾ ਹੈ। ਸਕੂਲਾਂ ਵਿੱਚ ਚਾਰ ਦਿਨ ਦੀ ਛੁੱਟੀ ਹੋਣ ’ਤੇ ਵੀ ਬੱਚਿਆਂ ਨੂੰ ਉਨ੍ਹਾਂ ਦੀ ਮਰਜ਼ੀ ਅਨੁਸਾਰ ਜ਼ਿੰਦਗੀ ਜਿਊਣ ਨਹੀਂ ਦਿੱਤੀ ਜਾਂਦੀ। ਅੱਜ ਦਾਦੀਆਂ-ਦਾਦੀਆਂ ਦੀਆਂ ਕਹਾਣੀਆਂ, ਚਾਚੀਆਂ-ਚਾਚੀਆਂ ਦੀਆਂ ਗੱਪਾਂ ਅਤੇ ਗਲੀਆਂ ਵਿੱਚ ਘੁੰਮਣ-ਫਿਰਨ ਆਦਿ ਦੀਆਂ ਰੌਣਕਾਂ ਖ਼ਤਮ ਹੋ ਗਈਆਂ ਹਨ।

ਹੁਣ ਛੁੱਟੀਆਂ ਖ਼ਤਮ ਹੁੰਦੇ ਹੀ ਉਨ੍ਹਾਂ ਨੂੰ ਵਰਚੁਅਲ ਜੇਲ੍ਹ ਭੇਜ ਦਿੱਤਾ ਜਾਂਦਾ ਹੈ, ਜਿੱਥੇ ਉਨ੍ਹਾਂ ਨੂੰ ਕੁਝ ਅਜੀਬੋ-ਗਰੀਬ ਸਿਖਾਇਆ ਜਾਂਦਾ ਹੈ ਅਤੇ ਦਿਖਾਵੇ ਵਾਲੀ ਜੀਵਨ ਸ਼ੈਲੀ ਤੋਂ ਜਾਣੂ ਕਰਵਾਇਆ ਜਾਂਦਾ ਹੈ। ਉਦਾਹਰਣ ਵਜੋਂ, ਇੱਕ ਬਹੁਤ ਹੀ ਮਹਿੰਗੇ ਸਕੂਲ ਦੇ ਬੱਚੇ ਇੱਕ ਟੀਵੀ ਚੈਨਲ ’ਤੇ ਕਹਿ ਰਹੇ ਸਨ ਕਿ ਵੱਡੀਆਂ ਫੀਸਾਂ ਭਰਨ ਤੋਂ ਬਾਅਦ, ਉਹ ਸਾਰੇ ‘ਬਿਨਾਂ ਅੱਗ ਤੋਂ’ ਖਾਣਾ ਬਣਾਉਣਾ ਸਿੱਖ ਗਏ ਹਨ। ਦੁੱਧ-ਕੇਲਾ, ਦੁੱਧ-ਬਿਸਕੁਟ, ਭੇਲਪੁਰੀ, ਫਰੂਟ ਚਾਟ ਆਦਿ ਨੂੰ ਸਦੀਆਂ ਤੋਂ ਕੌਣ ਨਹੀਂ ਜਾਣਦਾ। ਪਰ ਹੁਣ ਉਨ੍ਹਾਂ ਨੂੰ ਇਹ ਸਿਖਾਇਆ ਜਾ ਰਿਹਾ ਹੈ। ਅੱਜ ਦਾ ਸਮਾਂ ਬੱਚਿਆਂ ਨੂੰ ਆਪਣੇ ਬਾਰੇ ਸੋਚਣ ਨਹੀਂ ਦੇ ਰਿਹਾ। ਉਸ ਨੂੰ ਸਭ ਕੁਝ ਤਿਆਰ-ਬਰ-ਤਿਆਰ ਮਿਲ ਰਿਹਾ ਹੈ, ਇਸ ਤਰ੍ਹਾਂ ਹਰ ਬੱਚੇ ਦੇ ਕੱਚੇ ਮਨ ਨੂੰ ਮਾਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਅੱਜ ਜ਼ਿੰਦਗੀ ਦੇ ਅਰਥ ਕੁਝ ਬਦਲ ਗਏ ਹਨ। ਇਸੇ ਕਰਕੇ ਘਰਾਂ ਦੇ ਵਿਹੜੇ ਅਲੋਪ ਹੋ ਗਏ ਹਨ। ਸਾਡੇ ਮਨਾਂ ਨੂੰ ਇਕ-ਦੂਜੇ ਨਾਲ ਜੋੜਨ ਵਾਲੀ ਕੋਨੇ-ਕੋਨੇ ’ਤੇ ਛੱਡੀ ਜਗ੍ਹਾ ਵਿੱਚ ਇੱਕ ਬੂਟਾ ਲਗਾਉਣ ਦੀ ਇੱਛਾ ਵੀ ਕਿਸ ਦੀ ਹੈ? ਹੋਰ ਤਾਂ ਹੋਰ, ਕੋਈ ਸਮਾਂ ਸੀ ਜਦੋਂ ਬੱਚੇ ਘਰ ਦੀਆਂ ਸੀਮਾਵਾਂ ਤੋਂ ਬਾਹਰ ਤਰ੍ਹਾਂ-ਤਰ੍ਹਾਂ ਦੀਆਂ ਖੇਡਾਂ ਖੇਡਿਆ ਕਰਦੇ ਸਨ ਅਤੇ ਉਨ੍ਹਾਂ ਨੂੰ ਦੇਖ ਕੇ ਸੁਣ ਕੇ ਦਿਲ ਖੁਸ਼ ਹੋ ਜਾਂਦਾ ਸੀ। ਪਰ ਅੱਜ ਹਾਲਾਤ ਇਹ ਹਨ ਕਿ ਹੁਣ ਤਾਂ ਪਿੰਡ ਵੀ ਸ਼ਹਿਰਾਂ ਵਾਂਗ ਬਣਨ ਲੱਗ ਪਏ ਹਨ। ਪਿੰਡਾਂ ਵਿੱਚ ਵੀ ਮੋਟਰ ਗੱਡੀਆਂ ਚੱਲਣ ਲੱਗ ਪਈਆਂ ਹਨ, ਖੂਹਾਂ ਦੇ ਮਿੱਠੇ ਪਾਣੀ ਦੀ ਥਾਂ ਬੋਤਲਬੰਦ ਪਾਣੀ ਨੇ ਲੈ ਲਈ ਹੈ ਅਤੇ ਕੋਲਡ ਡਰਿੰਕਸ ਅਤੇ ਫੌਰੀ ਫੂਡ ਦੀ ਥਾਂ ਮੱਖਣ-ਰਬੜੀ ਨੇ ਲੈ ਲਈ ਹੈ। ਅਜਿਹੇ ’ਚ ਇਸ ਬੱਚੇ ਨੇ ਆਪਣੇ ਦੋਸਤਾਂ ਨੂੰ ਆਪਣੇ ਕੋਲ ਬਿਠਾ ਕੇ ਨਵੀਆਂ ਭਾਵਨਾਵਾਂ ਨੂੰ ਸ਼ਬਦਾਂ ਨਾਲ ਬਿਆਨ ਕਰਨਾ ਪਸੰਦ ਕੀਤਾ। ਹੁਣ, ਇਹ ਕਿੰਨਾ ਵਧੀਆ ਹੋਵੇਗਾ ਜੇਕਰ ਇਨ੍ਹਾਂ ਬੱਚਿਆਂ ਨੂੰ ਸ਼ਾਨਦਾਰ ਜੀਵਨ ਬਖ਼ਸ਼ਿਆ ਜਾਵੇ!



# ਮੌਲਿਕ ਅਧਿਕਾਰਾਂ ਤੋਂ ਵਾਂਝੇ ਕਰਦੀ ਹੈ ਬਾਲ ਮਜ਼ਦੂਰੀ



## ਬੱਚਿਆਂ ਦੇ ਮਾਨਸਿਕ, ਸਰੀਰਕ, ਆਤਮਿਕ, ਬੌਧਿਕ ਅਤੇ ਸਮਾਜਿਕ ਹਿੱਤ ਵੀ ਹੁੰਦੇ ਹਨ ਪ੍ਰਭਾਵਿਤ

ਭਾਰਤ ਵਿੱਚ ਭਾਵੇਂ ਬਾਲ ਮਜ਼ਦੂਰੀ ’ਤੇ ਰੋਕ ਲੱਗੀ ਹੋਈ ਹੈ, ਅਤੇ ਸਰਕਾਰਾਂ ਵੱਲੋਂ ਵੀ ਬਾਲ ਮਜ਼ਦੂਰੀ ਰੋਕਣ ਲਈ ਯਤਨ ਕਰਨ ਦੇ ਦਾਅਵੇ ਕੀਤੇ ਜਾਂਦੇ ਹਨ

ਪਰ ਵੱਖ ਵੱਖ ਥਾਂਵਾਂ, ਢਾਬਿਆਂ, ਕਾਰਖ਼ਾਨਿਆਂ ਵਿੱਚ ਕੰਮ ਕਰਦੇ ਬਾਲ ਮਜ਼ਦੂਰ ਸਰਕਾਰੀ ਦਾਅਵਿਆਂ ਦੀ ਪੋਲ ਖੋਲ੍ਹ ਰਹੇ ਹਨ। ਭਾਰਤ ਵਿੱਚ ਹਰ ਸਾਲ ਬਾਲ ਮਜ਼ਦੂਰੀ ਵਿਰੋਧੀ ਦਿਵਸ ਵੀ ਮਨਾਇਆ ਜਾਂਦਾ ਹੈ, ਜਿਸ ਦਿਨ ਅਨੇਕਾਂ ਸੈਮੀਨਾਰ ਵੀ ਕੀਤੇ ਜਾਂਦੇ ਹਨ ਪਰ ਇਹ ਸਭ ਕੁਝ ਭਾਰਤ ਵਿੱਚ ਬਾਲ ਮਜ਼ਦੂਰੀ ਦਾ ਪੂਰਨ ਖਾਤਮਾ ਨਹੀਂ ਕਰ ਸਕਿਆ। ਜਿਸ ਕਰਕੇ ਅੱਜ ਭਾਰਤ ਵਿੱਚ ਬਾਲ ਮਜ਼ਦੂਰੀ ਬਹੁਤ ਵੱਡੀ ਸਮੱਸਿਆ ਹੈ। ਸਰਕਾਰਾਂ ਵੱਲੋਂ ਸਮੇਂ-ਸਮੇਂ ’ਤੇ ਬਾਲ ਮਜ਼ਦੂਰੀ ਨੂੰ ਰੋਕਣ ਲਈ ਕਾਨੂੰਨ ਬਣਾਏ ਜਾਂਦੇ ਹਨ ਅਤੇ ਇਸ ਬੁਰਾਈ ਨੂੰ ਰੋਕਣ ਲਈ ਵੱਡੇ ਉਪਰਾਲੇ ਕੀਤੇ ਜਾਣ ਦੇ ਦਾਅਵੇ ਵੀ ਹੁੰਦੇ ਹਨ ਪਰ ਅੱਜ ਢਾਬਿਆਂ, ਉਦਯੋਗਿਕ ਇਕਾਈਆਂ ਅਤੇ ਹੋਰ ਅਨੇਕ ਥਾਂਵਾਂ ’ਤੇ ਮਜ਼ਦੂਰੀ ਕਰਦੇ ਬਾਲ ਇਨ੍ਹਾਂ ਸਰਕਾਰੀ ਦਾਅਵਿਆਂ ਦੀ ਹਵਾ ਕੱਢਦੇ ਨਜ਼ਰ ਆਉਂਦੇ ਹਨ।

ਦੇਸ਼ ਵਿੱਚ ਬਾਲ ਮਜ਼ਦੂਰੀ ਦਾ ਅੰਕੜਾ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਮੌਜੂਦਾ ਸਮੇਂ ਵਿੱਚ ਗਰੀਬ ਬੱਚੇ ਸਭ ਤੋਂ ਜਿਆਦਾ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਨੂੰ ਸਕੂਲ ਭੇਜਣ ਦੀ ਬਜਾਏ ਬਾਲ ਮਜ਼ਦੂਰੀ ਕਰਵਾਈ ਜਾਂਦੀ ਹੈ। ਜ਼ਿਆਦਾਤਰ



ਬੱਚੇ ਆਪਣੇ ਘਰਾਂ ਦੀ ਆਰਥਿਕ ਹਾਲਤ ਅਤਿ ਕਮਜ਼ੋਰ ਹੋਣ ਕਾਰਨ ਜਾਂ ਉਨ੍ਹਾਂ ਦੇ ਮਾਪੇ ਸਮਾਜਿਕ ਬੁਰਾਈਆਂ ਦਾ ਸ਼ਿਕਾਰ ਹੋਣ ਕਾਰਨ ਬਾਲ ਮਜ਼ਦੂਰੀ ਕਰਨ ਲਈ ਮਜਬੂਰ ਹੁੰਦੇ ਹਨ।

ਬਾਲ ਮਜ਼ਦੂਰੀ ਬੱਚਿਆਂ ਦੇ ਮਾਨਸਿਕ, ਸਰੀਰਕ, ਆਤਮਿਕ, ਬੌਧਿਕ ਅਤੇ ਸਮਾਜਿਕ ਹਿੱਤਾਂ ਨੂੰ ਪ੍ਰਭਾਵਿਤ ਕਰਦੀ ਹੈ ਜੋ ਬੱਚੇ ਬਾਲ ਮਜ਼ਦੂਰੀ ਕਰਦੇ ਹਨ ਉਹ ਮਾਨਸਿਕ ਰੂਪ ਵਿੱਚ ਬਿਮਾਰ ਰਹਿੰਦੇ ਹਨ ਅਤੇ ਬਾਲ ਮਜ਼ਦੂਰੀ ਉਨ੍ਹਾਂ ਦੇ ਸਰੀਰਕ ਅਤੇ ਬੌਧਿਕ ਵਿਕਾਸ ਵਿੱਚ ਵੱਡੀ ਰੁਕਾਵਟ ਬਣਦੀ ਹੈ। ਬਾਲ ਮਜ਼ਦੂਰੀ ਬੱਚਿਆਂ ਨੂੰ ਉਨ੍ਹਾਂ ਦੇ ਮੌਲਿਕ ਅਧਿਕਾਰਾਂ ਤੋਂ ਵਾਂਝੇ ਕਰਦੀ ਹੈ ਜੋ ਕਿ ਸੰਵਿਧਾਨ ਦੇ ਵਿਰੁੱਧ ਹੈ ਅਤੇ ਮਾਨਵੀ ਅਧਿਕਾਰਾਂ ਦੀ ਉਲੰਘਣਾ ਹੈ।

ਭਾਰਤ ਵਿੱਚ 1986 ਵਿੱਚ ਬਾਲ ਮਜ਼ਦੂਰੀ ਵਿਰੁੱਧ ਇੱਕ ਐਕਟ ਪਾਸ ਹੋਇਆ ਹੈ। ਇਸ ਐਕਟ ਦੇ ਅਨੁਸਾਰ ਉਦਯੋਗਾਂ ਵਿੱਚ ਬੱਚਿਆਂ ਤੋਂ ਕੰਮ ਕਰਵਾਉਣ ਦੀ ਮਨਾਹੀ ਹੈ। 14 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਬੱਚੇ ਨੂੰ ਕਿਸੇ ਫੈਕਟਰੀ ਜਾਂ ਖਦਾਨ ਵਿੱਚ ਕੰਮ ਕਰਨ ਲਈ ਨਹੀਂ ਰੱਖਿਆ ਜਾ ਸਕਦਾ। 15 ਤੋਂ 18 ਸਾਲ ਤੱਕ ਦੇ ਬੱਚਿਆਂ ਨੂੰ ਕਿਸੇ ਫੈਕਟਰੀ ਵਿੱਚ ਉਦੋਂ ਰੱਖਿਆ ਜਾ ਸਕਦਾ ਹੈ ਜਦੋਂ ਉਨ੍ਹਾਂ ਕੋਲ ਕਿਸੇ ਮਾਨਤਾ ਪ੍ਰਾਪਤ ਡਾਕਟਰ ਦਾ ਫਿਟਨੈੱਸ ਸਰਟੀਫਿਕੇਟ ਹੋਵੇ।

ਇਸ ਕਾਨੂੰਨ ਵਿੱਚ 14 ਤੋਂ 18 ਸਾਲ ਤੱਕ ਦੇ ਬੱਚਿਆਂ ਲਈ ਹਰ ਦਿਨ ਸਾਢੇ ਚਾਰ ਘੰਟੇ ਕੰਮ ਕਰਨਾ ਤੈਅ ਕੀਤਾ ਗਿਆ ਹੈ ਅਤੇ ਰਾਤ ਸਮੇਂ ਉਨ੍ਹਾਂ ਦੇ ਕੰਮ ਕਰਨ ’ਤੇ ਰੋਕ ਲਾਈ ਗਈ ਹੈ ਪਰ ਅਫ਼ਸੋਸ ਕਿ ਐਨੇ ਸਖ਼ਤ ਕਾਨੂੰਨ ਹੋਣ ਦੇ ਬਾਅਦ ਵੀ ਬੱਚਿਆਂ ਕੋਲੋਂ ਹੋਟਲਾਂ, ਕਾਰਖ਼ਾਨਿਆਂ, ਦੁਕਾਨਾਂ ਆਦਿ ਵਿੱਚ ਦਿਨ-ਰਾਤ ਕੰਮ ਕਰਾ ਕੇ ਜਿੱਥੇ ਕਾਨੂੰਨ ਦੀ ਉਲੰਘਣਾ ਕੀਤੀ ਜਾਂਦੀ ਹੈ, ਉੱਥੇ ਹੀ ਮਾਸੂਮ ਬੱਚਿਆਂ ਦਾ ਬਚਪਨ ਵੀ ਪ੍ਰਭਾਵਿਤ ਕੀਤਾ ਜਾ ਰਿਹਾ ਹੈ।

ਇੱਕ ਅੰਕੜੇ ਅਨੁਸਾਰ ਅੱਜ ਸੰਸਾਰ ਵਿੱਚ ਜਿੰਨੇ ਵੀ ਬਾਲ ਮਜ਼ਦੂਰ ਹਨ ਉਨ੍ਹਾਂ ਵਿੱਚੋਂ ਸਭ ਤੋਂ ਜ਼ਿਆਦਾ ਭਾਰਤ ਵਿੱਚ ਹਨ। ਭਾਰਤ ਦੇ 50 ਫ਼ੀਸਦੀ ਬੱਚੇ ਆਪਣੇ ਬਚਪਨ ਦੇ ਅਧਿਕਾਰਾਂ ਤੋਂ ਵਾਂਝੇ ਹਨ। ਉਨ੍ਹਾਂ ਕੋਲ ਸਿੱਖਿਆ ਦੀ ਜੋਤ ਨਹੀਂ ਪਹੁੰਚ ਰਹੀ ਅਤੇ ਨਾ ਹੀ ਉਨ੍ਹਾਂ ਦਾ ਉਚਿਤ ਪਾਲਣ-ਪੋਸ਼ਣ ਹੋ ਰਿਹਾ ਹੈ।

(ਬਾਕੀ ਸਫ਼ਾ 31 ’ਤੇ)

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

ਕਹਾਣੀ

# ਮੀਂਹ ਜਾਵੇ ਅਨ੍ਹੇਰੀ ਜਾਵੇ

ਸੰਤ ਸਿੰਘ ਸੇਖੋਂ

ਜਦੋਂ ਦਾ ਮੰਗਲ ਸਿੰਘ ਫੌਜ ਵਿੱਚ ਭਰਤੀ ਹੋ ਗਿਆ ਸੀ, ਬਸੰਤ ਕੌਰ ਨੂੰ ਮੱਝ ਲਈ ਪੱਠੇ ਖੇਤੋਂ ਆਪ ਲਿਆਉਣੇ ਪੈ ਗਏ ਸਨ। ਪਿਛਲੇ ਛੇ ਮਹੀਨਿਆਂ ਵਿੱਚ ਦੋ ਬਰਸਾਤ ਦੇ ਸਨ, ਜਦੋਂ ਬੰਜਰਾਂ ਵਿੱਚ ਘਾਹ ਇਤਨਾ ਉਗਿਆ ਹੋਇਆ ਸੀ ਕਿ ਮੱਝਾਂ ਨੂੰ ਚਾਰ ਕੇ ਲਿਆਉਣ ਤੋਂ ਪਿਛੋਂ ਬਹੁਤਾ ਤੂੜੀ ਪੱਠਾ ਪਾਉਣ ਦੀ ਲੋੜ ਨਹੀਂ ਸੀ ਤੇ ਬਸੰਤ ਕੌਰ ਦੀ ਮੱਝ, ਜੋ ਦੁੱਧੋਂ ਨੱਸ ਚੁੱਕੀ ਸੀ, ਨੂੰ ਤਾਂ ਬੰਜਰਾਂ ਵਿੱਚ ਚਰਨ ਤੋਂ ਬਿਨਾਂ ਹੋਰ ਕੁਝ ਪਾਇਆ ਵੀ ਨਹੀਂ ਸੀ ਜਾਂਦਾ। ਚਾਰ ਇਸ ਨੂੰ ਵਾਗੀ ਮੁੰਡਾ ਲੈ ਆਉਂਦਾ ਸੀ ਜਿਸ ਨੂੰ ਦੋ ਰੁਪਏ ਮਹੀਨਾ ਦਿੱਤੇ ਜਾਂਦੇ ਸਨ, ਪਰ ਪਿਛਲੇ ਦੋ ਮਹੀਨਿਆਂ ਤੋਂ ਜਦੋਂ ਦੀ ਮੱਝ ਸੂ ਪਈ ਸੀ ਅਤੇ ਸਿਆਲ ਦੀ ਰੁੱਤ ਆ ਰਹੀ ਸੀ, ਇਸ ਨੂੰ ਮੱਕੀ ਦੇ ਪੱਠੇ ਪਾਉਣੇ ਬਹੁਤ ਜ਼ਰੂਰੀ ਹੋ ਗਏ ਸਨ ਜੋ ਵਟਾਈ ਉਤੇ ਦਿੱਤੇ ਖੇਤਾਂ ਵਿਚੋਂ ਬਸੰਤ ਕੌਰ ਨੂੰ ਆਪ ਲਿਆਉਣੇ ਪੈਂਦੇ ਸਨ।

ਬਸੰਤ ਕੌਰ ਦੀ ਸੱਸ, ਬੁੱਢੀ ਮਹਾਂ ਕੌਰ ਨੂੰ ਅੱਖਾਂ ਤੋਂ ਥੋੜ੍ਹਾ ਦਿਸਦਾ ਸੀ ਤੇ ਸ਼ਾਇਦ ਇਸੇ ਕਰ ਕੇ ਉਸ ਨੂੰ ਬਸੰਤ ਕੌਰ ਦੇ ਬਾਹਰ ਖੇਤ ਵਿਚੋਂ ਇਕੱਲੀ ਪੱਠੇ ਲੈਣ ਜਾਣ ਉਤੇ ਬਹੁਤ ਧੁੜਕੂ ਲਗਿਆ ਰਹਿੰਦਾ ਸੀ। ਜੇ ਉਸ ਦੀਆਂ ਅੱਖਾਂ ਦੀ ਜੋਤ ਠੀਕ ਹੁੰਦੀ ਤਾਂ ਉਹ ਸ਼ਾਇਦ ਘਰ ਤੋਂ ਲੈ ਕੇ ਖੇਤ ਤੱਕ ਬਸੰਤ ਕੌਰ ਦੇ ਰਾਹ ਦੀ ਰਾਖੀ ਕਰ ਸਕਦੀ, ਪਰ ਹੁਣ ਤਾਂ ਉਸ ਨੂੰ ਚੁੱਲ੍ਹੇ ਚੌਂਕੇ ਵਿੱਚ ਪਈਆਂ ਚੀਜ਼ਾਂ ਵੀ ਘੱਟ ਹੀ ਦਿਸਦੀਆਂ ਸਨ।

ਪੁੱਤ, ਜ਼ਮਾਨਾ ਬੜਾ ਭੈੜਾ ਆ ਗਿਆ ਏ। ਆਪਣੀ ਪਤ ਆਪੇ ਸੰਭਾਲਣ ਦੀਓ ਈ ਐ , ਉਹ ਬਸੰਤ ਕੌਰ ਨੂੰ ਤਾੜਨਾ ਕਰਦੀ।

ਕੋਈ ਫਿਕਰ ਨਾ ਕਰ ਬੇਬੇ। ਕੋਈ ਜੰਮਿਆ ਨੀ ਅੱਖ ਚੱਕ ਕੇ ਦੇਖਣ ਵਾਲਾ ਮੈਨੂੰ , ਬਸੰਤ ਕੌਰ ਦਿਲਜਮੀ ਨਾਲ ਉਤਰ ਦਿੰਦੀ।

ਆਹੋ ਪੁੱਤ, ਆਪਣਾ ਮਨ ਚੰਗਾ ਹੋਵੇ ਤਾਂ ਕਿਸੇ ਦੀ ਕੀ ਮਜਾਲ ਐ।

ਬਸੰਤ ਕੌਰ ਦਾ ਮਨ ਹਾਲੀ ਤੱਕ ਠੀਕ ਹੀ ਚੰਗਾ ਸੀ, ਪਰ ਜਾਗੀਰਦਾਰ ਹਰਦਿਆਲ ਸਿੰਘ ਦੇ ਪੁੱਤਰ ਗੁਰਦੇਵ ਸਿੰਘ ਦਾ ਮਨ ਚੰਗਾ ਨਹੀਂ ਸੀ। ਪਿਛਲੇ ਪੰਦਰਾਂ ਕੁ ਦਿਨਾਂ ਤੋਂ ਜਦੋਂ ਤੋਂ ਉਸ ਨੂੰ ਬਸੰਤ ਕੌਰ ਦੇ ਪੱਠਿਆਂ ਨੂੰ ਜਾਣ ਦੇ ਰਾਹ ਅਤੇ ਵੇਲੇ ਦਾ ਪੱਕ ਹੋ ਚੁਕਿਆ ਸੀ, ਉਹ ਰੋਜ਼ ਬਸੰਤ ਕੌਰ ਨੂੰ ਅੱਗੇ-ਪਿਛੇ ਰਾਹ ਵਿੱਚ ਮਿਲਦਾ ਅਤੇ ਖੰਘੂਰਾ ਮਾਰ ਕੇ ਲੰਘਦਾ ਸੀ। ਬਸੰਤ ਕੌਰ ਦਾ ਮਨ ਭਾਵੇਂ ਸਾਫ ਸੀ, ਉਸ ਨੂੰ ਗੁਰਦੇਵ ਸਿੰਘ ਦੇ ਇਸ ਤਰ੍ਹਾਂ ਰੋਜ਼ ਉਸ ਨੂੰ ਰਾਹ ਵਿੱਚ ਟੱਕਰਨ ਅਤੇ ਖੰਘੂਰਾ ਮਾਰਨ ਤੋਂ ਕੋਈ ਏਡਾ ਰੋਸ ਨਹੀਂ ਸੀ ਚੜ੍ਹਦਾ। ਇਸ ਨਾਲ ਸਗੋਂ ਉਸ ਦੇ ਮਨ ਵਿੱਚ ਇੱਕ ਤਰ੍ਹਾਂ ਦਾ ਅਭਿਮਾਨ ਜਿਹਾ ਉਪਜਦਾ ਸੀ। ਉਸ ਦਾ ਮਨ ਅੰਦਰੋ-ਅੰਦਰ ਗੁਰਦੇਵ ਸਿੰਘ ਦੀ ਇਸ ਵਿਅਰਥ ਚੇਸ਼ਟਾ ਉਤੇ ਮੁਸਕਰਾਂਦਾ ਸੀ, ਇੱਕ ਤੈਰਾਕ ਵਾਕਰ ਜਿਸ ਨੂੰ ਨਦੀ ਦੀ ਲਹਿਰ ਦੇ ਚੜ੍ਹਾਉ ਤੋਂ ਸਗੋਂ ਆਪਣੀ ਸ਼ਕਤੀ ਉਤੇ ਮਾਣ ਉਪਜਦਾ ਹੈ। ਬਸੰਤ ਕੌਰ ਉਸ ਦੇ ਅਤੇ ਉਸ ਦੇ ਖੰਘੂਰੇ ਦੇ ਪਾਸੋਂ ਅਡੋਲ ਲੰਘ ਕੇ ਹਰ ਰੋਜ਼ ਇੱਕ ਤਰ੍ਹਾਂ ਦੇ ਜਿੱਤ ਭਾਵ ਨਾਲ ਘਰ ਆਉਂਦੀ ਸੀ।

ਮੰਗਲ ਸਿੰਘ ਆਪਣੀ ਮਾਂ ਮਹਾਂ ਕੌਰ ਅਤੇ ਪਤਨੀ ਬਸੰਤ ਕੌਰ ਦੀ ਮਰਜ਼ੀ ਦੇ ਉਲਟ ਫੌਜ ਵਿੱਚ ਭਰਤੀ ਹੋਇਆ ਸੀ। ਭਰਤੀ ਨਾ ਹੁੰਦਾ ਤਾਂ ਕੀ ਕਰਦਾ ? ਫਸਲਾਂ ਦੇ ਭਾਅ ਭਾਵੇਂ ਚੋਖੇ ਚੜ੍ਹੇ ਹੋਏ ਸਨ, ਫਿਰ ਵੀ ਪੰਜੀ ਕੱਚੇ ਵਿਘੇ ਭੋਇੰ ਵਿਚੋਂ ਉਹ ਕੀ ਕਮਾ ਸਕਦਾ ਸੀ ? ਮਿੱਟੀ ਨਾਲ ਮਿੱਟੀ ਹੋ ਕੇ ਕੰਮ ਤਾਂ ਭਾਵੇਂ ਉਹ ਕਰਦਾ ਸੀ, ਪਰ ਉਹ ਅਤਿ ਗਰੀਬੀ ਦਾ ਜੀਵਨ ਜੋ ਇਸ ਮਿੱਟੀ ਵਿਚੋਂ ਪ੍ਰਾਪਤ ਹੋ ਸਕਦਾ ਸੀ, ਉਸ ਨੂੰ ਸੰਤੁਸ਼ਟ ਨਹੀਂ ਸੀ ਕਰ ਸਕਿਆ। ਪਿਛਲੇ ਚਾਰ ਵਰ੍ਹਿਆਂ ਵਿੱਚ ਉਸ ਦੇ ਸਿਰ ਹਜ਼ਾਰ ਦੇ ਕਰੀਬ ਕਰਜ਼ਾ ਹੋ ਗਿਆ ਸੀ। ਤੇ ਜੇ ਉਹ ਇਸੇ ਤਰ੍ਹਾਂ ਚਲਦਾ ਰਹਿੰਦਾ ਤਾਂ ਹੋਰ ਪੰਜਾਂ ਕੁ ਸਾਲਾਂ ਵਿੱਚ ਉਸ ਨੂੰ ਪਿਉ-ਦਾਦੇ ਦੀ ਭੌਇੰ ਤੋਂ ਵੀ ਹੱਥ ਧੋਣੇ ਪੈਣੇ ਸਨ। ਸੋ ਹਾਰ ਹੁੱਟ ਕੇ ਉਹ ਫੌਜ ਵਿੱਚ ਭਰਤੀ ਜਾ ਹੋਇਆ ਸੀ। ਉਸ ਨਾਲ ਉਸ ਦਾ ਕਰਜ਼ੇ ਦਾ ਭਾਰ ਵੀ ਹੌਲਾ ਹੋ ਗਿਆ ਸੀ। ਢੱਗੇ-ਢਾਂਡੇ ਵੇਚ ਕੇ ਉਸ ਨੇ ਕਰਜ਼ੇ ਵਿਚੋਂ ਪੰਜ ਸੌ ਉਤਾਰ ਵੀ ਦਿੱਤਾ ਸੀ।

ਪਰ ਘਰ ਵਿੱਚ ਭੋਇੰ ਤੋਂ ਵੀ ਵਧੇਰੇ ਦੌਲਤ ਸੀ ਬਸੰਤ ਕੌਰ, ਜਿਸ ਦਾ ਬੁੱਢੀ ਮਹਾਂ ਕੌਰ ਨੂੰ ਬਹੁਤ ਫਿਕਰ ਸੀ। ਜੇ ਮਹਾਂ ਕੌਰ ਦੀਆਂ ਅੱਖਾਂ ਠੀਕ ਹੁੰਦੀਆਂ ਤਾਂ ਉਸ ਨੂੰ ਏਡਾ ਫ਼ਿਕਰ ਨਾ ਹੁੰਦਾ, ਪਰ ਹੁਣ ਤਾਂ ਉਹ ਬਸੰਤ ਕੌਰ ਨੂੰ ਜਾਣੋਂ ਬਿਲਕੁਲ ਹੀ ਉਘਾੜ ਪਈ ਵਸਤ ਸਮਝਦੀ ਸੀ। ਉਹ ਅਗਲੇ ਪੰਜ ਸਾਲ ਕਿਸਮਤ ਨੂੰ ਪਰਤਿਆਉਣ ਲਈ ਤਿਆਰ ਸੀ। ਉਹ ਹੋਰ ਗਰੀਬੀ ਵਿੱਚ ਜੀ ਲੈਣ ਨੂੰ ਤਿਆਰ ਸੀ, ਜੇ ਮੰਗਲ ਸਿੰਘ ਘਰ ਰਹਿ ਕੇ ਬਸੰਤ ਕੌਰ ਦੀ ਰਾਖੀ ਰੱਖੇ, ਪਰ ਮੰਗਲ ਸਿੰਘ ਨਹੀਂ ਸੀ ਮੰਨਿਆ।



ਬਸੰਤ ਕੌਰ ਨੇ ਵੀ ਅੱਖਾਂ ਕਈ ਦਿਨ ਹੰਝੂਆਂ ਵਿੱਚ ਡੁਬਾਈ ਰੱਖੀਆਂ ਸਨ, ਜਦੋਂ ਮੰਗਲ ਸਿੰਘ ਭਰਤੀ ਹੋ ਕੇ ਘਰੋਂ ਚਲਿਆ ਗਿਆ ਸੀ; ਪਰ ਦੋ ਕੁ ਮਹੀਨੇ ਬਾਅਦ ਉਸ ਦੇ ਪੰਜਾਹ ਰੁਪਏ ਮਨੀਆਰਡਰ ਰਾਹੀਂ ਆ ਗਏ ਸਨ ਜਿਨ੍ਹਾਂ ਵਿਚੋਂ ਵੀਹਾਂ ਕੁ ਦੇ ਮਹਾਂ ਕੌਰ ਨੇ ਬਸੰਤ ਕੌਰ ਨੂੰ ਅਤੇ ਉਸ ਦੀ ਸਾਲ ਕੁ ਦੀ ਧੀ ਨੂੰ ਸਿਆਲ ਆਉਂਦਾ ਦੇਖ ਕੇ ਮੋਟੇ ਕੱਪੜੇ ਸੰਵਾ ਦਿੱਤੇ ਸਨ ਤੇ ਇੱਕ ਸੂਟ ਜ਼ਰਾ ਪਤਲੇ ਕਪੜੇ ਦਾ ਬਸੰਤ ਕੌਰ ਨੇ ਆਪਣੀ ਪਸੰਦ ਦਾ ਵੀ ਸੰਵਾ ਲਿਆ ਸੀ ਤੇ ਹੋਰ ਵੀਹਾਂ ਕੁ ਦੇ ਖਲ-ਵੜੇਵੇਂ ਆਦਿ ਮੱਝ ਲਈ ਆ ਗਏ ਸਨ ਜਿਨ੍ਹਾਂ ਸਦਕਾ ਘਰ ਵਿੱਚ ਘਿਉ ਦਾ ਪੀਪਾ ਰੋਜ਼-ਬਰੋਜ਼ ਭਰਦਾ ਜਾ ਰਹਿਆ ਸੀ।

ਜਦੋਂ ਗੁਰਦੇਵ ਸਿੰਘ ਅਤੇ ਬਸੰਤ ਕੌਰ ਨੂੰ ਰਾਹ ਵਿੱਚ ਟੱਕਰਦਿਆਂ ਪੰਦਰਾਂ ਕੁ ਦਿਨ ਲੰਘ ਗਏ ਤਾਂ ਬਸੰਤ ਕੌਰ ਨੂੰ ਮਹਿਸੂਸ ਹੋਣ ਲੱਗਿਆ ਕਿ ਉਸ ਦੇ ਕੱਪੜੇ ਭਾਵੇਂ ਇਹ ਉਸ ਨੇ ਦੋ-ਤਿੰਨ ਵਾਰੀ ਹੀ ਧੋਤੇ ਸਨ, ਕੁਝ ਵਧੇਰੇ ਹੀ ਉਦਾਸ ਪੈ ਗਏ ਸਨ। ਸੋ, ਸੋਲ੍ਹਵੇਂ ਕੁ ਦਿਨ ਉਸ ਨੇ ਆਪਣਾ ਸੂਟ ਬਦਲ ਲਿਆ।

ਇਸ ਦਿਨ ਉਹ ਨ੍ਹਾਤੀ ਵੀ ਜ਼ਰਾ ਵਧੇਰੇ ਸ਼ੌਕ ਨਾਲ ਸੀ। ਤੇ ਜਦੋਂ ਉਹ ਖੇਤ ਨੂੰ ਜਾ ਰਹੀ ਸੀ ਤਾਂ ਉਸ ਦੇ ਮਨ ਨੇ ਉਸ ਨੂੰ ਮਖੌਲ ਜਿਹੇ ਨਾਲ ਆਖਿਆ ਸੀ, ਅੱਜ ਗੁਰਦੇਵ ਸਿੰਘ ਦੇ ਸੰਘ ਵਿਚੋਂ ਖੰਘੂਰਾ ਨਹੀਂ, ਹਉਕਾ ਨਿਕਲੇਗਾ।

ਤੇ ਹੋਇਆ ਵੀ ਕੁਝ ਇਸੇ ਤਰ੍ਹਾਂ। ਜਦੋਂ ਗੁਰਦੇਵ ਸਿੰਘ ਅਤੇ ਬਸੰਤ ਕੌਰ ਰਾਹ ਵਿੱਚ ਮਿਲੇ ਤਾਂ ਗੁਰਦੇਵ ਸਿੰਘ ਨੇ ਖੰਘੂਰਾ ਕੋਈ ਨਾ ਮਾਰਿਆ। ਕੁਝ ਹੌਸਲਾ ਕਰ ਕੇ ਉਹ ਬੋਲਿਆ,

ਬਸੰਤ ਕੌਰੇ, ਅੱਜ ਕਿਧਰੇ ਮੰਗਲ ਸਿਹੁੰ ਤਾਂ ਨਹੀਂ ਆਇਆ ?

ਨਹੀਂ ਜੀ , ਬਸੰਤ ਕੌਰ ਨੇ ਸ਼ਰਮਾਂਦੀ-ਸ਼ਰਮਾਂਦੀ ਨੇ ਜਵਾਬ ਦਿੱਤਾ।

ਤਾਂ ਫੇਰ ਕੱਲ੍ਹ ਆਉਣਾ ਹੋਊ।

ਬਸੰਤ ਕੌਰ ਉਸੇ ਧੀਮੀ 'ਵਾਜ ਅਤੇ ਨੀਵੀਆਂ ਅੱਖਾਂ ਨਾਲ ਜਵਾਬ ਦੇ ਕੇ ਲੰਘ ਗਈ। ਇਸ ਤੋਂ ਤੀਜੇ ਕੁ ਦਿਨ ਗੁਰਦੇਵ ਸਿੰਘ ਐਨ ਉਸ ਵੇਲੇ ਬਸੰਤ ਕੌਰ ਕੋਲ ਖੇਤ ਵਿੱਚ ਆ ਗਿਆ ਜਦੋਂ ਉਹ ਪੱਠੇ ਵੱਢ ਕੇ ਭਰੀ ਚੁੱਕਣ ਦੀ ਸਲਾਹ ਕਰ ਰਹੀ ਸੀ। ਬਿਨਾਂ ਬੁਲਾਏ ਹੀ ਗੁਰਦੇਵ ਸਿੰਘ ਨੇ ਆ ਕੇ ਪੱਠਿਆਂ ਦੀ ਭਰੀ ਬਸੰਤ ਕੌਰ ਦੇ ਸਿਰ ਉਤੇ ਚੁਕਾ ਦਿੱਤੀ। ਬਸੰਤ ਕੌਰ ਦਾ ਲਹੂ ਜਾਣੋਂ ਉਸ ਦੀਆਂ ਨਾੜੀਆਂ ਵਿੱਚ ਜੰਮ ਗਿਆ। ਉਹ ਬੋਲੀ-ਚਾਲੀ ਕੁਝ ਨਾ ਅਤੇ ਪੱਠੇ ਚੁੱਕ ਕੇ ਘਰ ਨੂੰ ਆ ਗਈ।

ਘਰ ਆਉਂਦੀ ਨੂੰ ਉਹੋ ਹੀ ਮਹਾਂ ਕੌਰ ਦੀ ਨਿੱਤ ਦਿਹਾੜੀ ਵਾਲੀ ਤਾੜਨਾ ਹੋਈ- ਦੇਖੀਂ ਪੁੱਤ, ਕਿਸੇ ਦੇ ਝਾਂਸੇ ਵਿੱਚ ਆ ਕੇ ਘਰ ਨੂੰ ਲਾਜ ਨਾ ਲਵਾ ਦੇਈਂ। ਸਾਡੇ ਪਿੰਡ ਦਾ ਰਵੱਈਆ ਕੁਝ ਚੰਗਾ ਨ੍ਹੀਂ। ਤੇ ਇਹ ਜਾਗੀਰਦਾਰਾਂ ਦਾ ਮੁੰਡਾ ਤਾਂ ਕਿਸੇ ਦੇ ਸਾਧਣ ਦਾ ਹੈ ਨ੍ਹੀਂ।

ਬਸੰਤ ਕੌਰ ਦੇ ਇਹ ਗੱਲ ਖਾਨੇ ਤਾਂ ਲੱਗੀ, ਪਰ ਉਹ ਆਪਣੇ ਆਪ ਨੂੰ ਕੁੜੱਕੀ ਵਿੱਚ ਫਸੀ ਮਹਿਸੂਸ ਕਰ ਰਹੀ ਸੀ। ਜੇ ਰੱਬ ਇਸ ਮੁੰਡੇ ਨੂੰ ਆਪ ਹੀ ਸੁਮੱਤ ਦੇਵੇ ਤਾਂ ਚੰਗਾ ਏ, ਉਸ ਨੇ ਸੋਚਿਆ। ਉਸ ਨੇ ਪੰਜ ਪੈਸੇ ਦੇ ਪਤਾਸੇ ਸੁੱਖੇ, ਜੇ ਕੱਲ੍ਹ ਤੋਂ ਗੁਰਦੇਵ ਸਿੰਘ ਉਸ ਦਾ ਪਿੱਛਾ ਛੱਡ ਦੇਵੇ। ਮਹਾਂ ਕੌਰ ਦੀ ਉਸ ਨੇ ਅੱਗੇ ਵਾਂਗ ਹੀ ਦ੍ਰਿੜ੍ਹਤਾ ਭਰੇ ਉਤਰ ਨਾਲ ਤਸੱਲੀ ਕਰਵਾ ਦਿੱਤੀ।

ਪਰ ਕੱਪੜੇ-ਲੱਤੇ ਦੀ ਚੌਂਫ਼ ਬਸੰਤ ਕੌਰ ਦੀ ਕੋਈ ਨਾ ਘਟੀ। ਦੂਜੇ ਨਹੀਂ ਤਾਂ ਤੀਜੇ ਦਿਨ ਤਾਂ ਉਹ ਜ਼ਰੂਰ ਸੂਟ ਬਦਲਦੀ।

ਇੱਕ ਦਿਨ ਤਾਂ ਇੱਕ ਗੁਆਂਢਣ ਨੇ ਆਖ ਹੀ ਦਿੱਤਾ, ਕੁੜੇ ਪੱਠਿਆਂ ਨੂੰ ਚੱਲੀ ਐਂ ਕਿ ਤੀਆਂ 'ਤੇ। ਪਰ ਬਸੰਤ ਕੌਰ ਨੇ ਹੱਸ ਕੇ ਗੱਲ ਟਾਲ ਦਿੱਤੀ।

ਫਿਰ ਵੀ ਬਸੰਤ ਕੌਰ ਆਪਣੇ ਪੱਠਿਆਂ ਨੂੰ ਜਾਣ ਦੇ ਵੇਲੇ ਵਿੱਚ ਥੋੜ੍ਹੇ ਬਹੁਤ ਮਿੰਟਾਂ ਦੀ ਬਦਲੀ ਜ਼ਰੂਰ ਨਿੱਤ ਕਰ ਦਿੰਦੀ। ਤੇ ਇਸ ਤਰ੍ਹਾਂ ਕਈ ਵਾਰੀ ਗੁਰਦੇਵ ਸਿੰਘ ਉਸ ਨੂੰ ਭਰੀ ਚੁਕਾਉਣ ਵੇਲੇ ਨਾ ਮਿਲ ਸਕਦਾ। ਉਨ੍ਹਾਂ ਦੀ ਅੱਗੇ ਪਿਛੇ ਰਾਹ ਵਿੱਚ ਹੀ ਟੱਕਰ ਹੋ ਜਾਂਦੀ। ਪੰਦਰਾਂ ਵੀਹ ਦਿਨ ਇਸ ਤਰ੍ਹਾਂ ਜਿਉਂ-ਤਿਉਂ ਕਰ ਕੇ ਲੰਘ ਗਏ ਤਾਂ ਮੰਗਲ ਸਿੰਘ ਦੀ ਚਿੱਠੀ ਆ ਗਈ ਕਿ ਉਹ ਹੋਰ ਪੰਦਰਾਂ ਕੁ ਦਿਨ ਤੱਕ ਮਹੀਨੇ ਦੀ ਛੁੱਟੀ ਆਵੇਗਾ। ਮਹਾਂ ਕੌਰ ਦੀ ਤਾਂ ਜਾਨ ਵਿੱਚ ਜਾਨ ਪੈ ਗਈ। ਬਸੰਤ ਕੌਰ ਦੇ ਭਾਵਾਂ ਨੂੰ ਵੀ ਸੁਭਾਵਕੀ ਹਿਲੂਣਾ ਆ ਗਿਆ। ਉਸ ਦੇ ਦਿਨ ਰਾਤ ਉਡੀਕ ਵਿੱਚ ਲੰਘਣ ਲਗੇ ਤੇ ਗੁਰਦੇਵ ਸਿੰਘ ਦੇ ਲਛਣਾਂ ਤੋਂ ਵੀ ਉਸ ਦਾ ਮਨ ਕੁਝ ਖਿਝਣ ਜਿਹਾ ਲੱਗ ਪਿਆ। ਦੋ ਚਾਰ ਵਾਰੀ ਤਾਂ ਉਸ ਨੇ ਗੁਰਦੇਵ ਸਿੰਘ ਪਾਸੋਂ ਭਰੀ ਚੁਕਾਉਣ ਤੋਂ ਨਾਂਹ ਵੀ ਕਰ ਦਿੱਤੀ।

ਇੱਕ ਦਿਨ ਜਦੋਂ ਗੁਰਦੇਵ ਸਿੰਘ ਨੇ ਉਸ ਨੂੰ ਭਰੀ ਚੁਕਾਈ ਤਾਂ ਪਿਛੋਂ ਉਸ ਦੇ ਹੱਥਾਂ ਨੂੰ ਹੱਥ ਲਾ ਦਿੱਤਾ ਜਿਸ ਉਤੇ ਉਸ ਨੇ ਖਿਝ ਕੇ ਗੁਰਦੇਵ ਸਿੰਘ ਨੂੰ ਕੁਝ ਬੁਰਾ ਭਲਾ ਵੀ ਭਾਸਰਿਆ ਜਿਸ ਨੂੰ ਗੁਰਦੇਵ ਸਿੰਘ ਨੇ ਮੁਸਕਰਾ ਕੇ ਸਵੀਕਾਰ ਕਰ ਲਿਆ, ਪਰ ਪਹਿਰਾਵੇ ਬਾਰੇ ਬਸੰਤ ਕੌਰ ਦੀ ਚੌਂਫ਼ ਵਿੱਚ ਕੋਈ ਫਰਕ ਨਾ ਆਇਆ ਤੇ ਨਾ ਹੀ ਗੁਰਦੇਵ ਸਿੰਘ ਨੇ ਉਸ ਦਾ ਪਿੱਛਾ ਕਰਨ ਦੇ ਜੋਸ਼ ਵਿੱਚ; ਸਗੋਂ ਪੰਜ ਚਾਰ ਦਿਨ ਬਾਅਦ, ਜਦੋਂ ਉਸ ਨੂੰ ਵੀ ਪਿੰਡ ਵਿਚੋਂ ਸਰੋਤ ਹੋ ਗਈ ਕਿ ਮੰਗਲ ਸਿੰਘ ਛੁੱਟੀ ਆ ਰਿਹਾ ਹੈ, ਉਸੇ ਨੇ ਸਮੇਂ ਨੂੰ ਆਪਣੇ ਵਿਰੁੱਧ ਜਾਂਦਾ ਅਨੁਭਵ ਕਰ ਕੇ ਕੁਝ ਅਗਲੇ ਕਦਮ ਪੁੱਟਣ ਦੀ ਧਾਰ ਲਈ।

ਹੁਣ ਜੇ ਕਦੀ ਬਸੰਤ ਕੌਰ ਜ਼ਰਾ ਦੇਰ ਕਰ ਕੇ ਵੀ ਪੱਠਿਆਂ ਵਾਲੇ ਖੇਤ ਵਿੱਚ ਪਹੁੰਚਦੀ ਤਾਂ ਉਹ ਉਥੋਂ ਮੁੜਦਾ ਨਾ ਅਤੇ ਜਿਤਨਾ ਚਿਰ ਉਹ ਪੱਠੇ ਨਾ ਵੱਢ ਲੈਂਦੀ, ਖੇਤ ਦੇ ਨੇੜੇ-ਨੇੜੇ ਘੁੰਮਦਾ ਰਹਿੰਦਾ। ਫਿਰ ਉਹ ਪੱਠੇ ਚੁਕਾਉਣ ਲਗਿਆ ਬਸੰਤ ਕੌਰ ਨੂੰ ਕੋਈ ਨਾ ਕੋਈ ਗੱਲ ਵੀ ਕਹਿਣ ਲੱਗ ਗਿਆ, ਉਸ ਦੀ ਸੁੰਦਰਤਾ ਬਾਰੇ ਅਤੇ ਆਪਣੀ ਬਿਹਬਲਤਾ ਬਾਰੇ। ਬਸੰਤ ਕੌਰ ਇਨ੍ਹਾਂ ਗੱਲਾਂ ਦਾ ਕੋਈ ਜਵਾਬ ਨਾ ਦਿੰਦੀ।

ਕਈ ਵਾਰੀ ਉਹ ਭਰੀ ਚੁਕਾਉਣ ਤੋਂ ਪਹਿਲਾਂ ਬਸੰਤ ਕੌਰ ਨੂੰ ਕੋਈ ਗੱਲ ਆਖਦਾ ਤਾਂ ਉਹ ਜਵਾਬ ਵਿੱਚ ਛੜਾ ਕਹਿ ਛੱਡਦੀ, ਚੰਗਾ, ਪਰ੍ਹਾਂ ਹੋ। ਮੈਂ ਪੱਠੇ ਆਪੇ ਚੱਕ ਲਊਂ। ਤੇ ਨਿਰੁੱਤਰ ਹੋ ਕੇ ਗੁਰਦੇਵ ਸਿੰਘ ਉਸ ਨੂੰ ਭਰੀ ਚੁਕਾ ਦੇਣ ਹੀ ਗਨੀਮਤ ਸਮਝਦਾ।

ਫਿਰ ਇੱਕ ਦਿਨ ਭਰੀ ਚੁਕਾਉਣ ਵੇਲੇ ਗੁਰਦੇਵ ਸਿੰਘ ਨੇ ਬਸੰਤ ਕੌਰ ਦੇ ਦੋਵੇਂ ਹੱਥ ਫੜ ਲਏ ਅਤੇ ਉਸ ਦੇ ਚਿਹਰੇ ਵਿੱਚ ਅੱਖਾਂ ਗੱਡ ਦਿਤੀਆਂ।

ਛੱਡ ਦੇ, ਗੁਰਦੇਵ ਸਿਆਂਹ ਮੇਰੇ ਹੱਥ , ਬਸੰਤ ਕੌਰ ਬੜੀ ਸਹਿਣਸ਼ੀਲਤਾ ਨਾਲ ਬੋਲੀ,

ਭਲਕੇ ਮੇਰੇ ਸਰਦਾਰ ਨੇ ਛੁੱਟੀ ਆ ਜਾਣੈਂ।

ਗੁਰਦੇਵ ਸਿੰਘ ਪਾਸੋਂ ਬਸੰਤ ਕੌਰ ਦੇ ਹੱਥ ਇਕਦਮ ਛੁੱਟ ਗਏ ਅਤੇ ਉਸ ਨੇ ਪੁੱਛਿਆ,

ਕਿੰਨੇ ਚਿਰ ਦੀ ਛੁੱਟੀ ਆਉਣੈ ਮੰਗਲ ਸਿਹੁੰ ਨੇ ?

ਮਹੀਨੇ ਦੀ , ਬਸੰਤ ਕੌਰ ਨੇ ਜਵਾਬ ਦਿੱਤਾ।

ਗੁਰਦੇਵ ਸਿੰਘ ਨੇ ਚੁੱਪ ਕਰ ਕੇ ਭਰੀ ਚੁਕਾ ਦਿੱਤੀ ਅਤੇ ਬਸੰਤ ਕੌਰ ਘਰ ਨੂੰ ਤੁਰ ਪਈ। ਉਸ ਦੇ ਮਨ ਵਿੱਚ ਅੱਜ ਫਿਰ ਕਿਸੇ ਵਿਸ਼ੇਸ਼ ਜਿੱਤ ਦਾ ਅਨੁਭਵ ਸੀ। ਇਹ ਜਿੱਤ ਉਸ ਦੀ ਆਪਣੇ ਆਪ ਉਤੇ ਸੀ ਕਿ ਗੁਰਦੇਵ ਸਿੰਘ ਉਤੇ, ਇਸ ਦਾ ਸ਼ਾਇਦ ਉਸ ਨੂੰ ਆਪ ਨੂੰ ਨਿਰਣੈਮਈ ਪਤਾ ਨਹੀਂ ਸੀ।

ਦੂਜੇ ਦਿਨ ਸਵੇਰ ਨੂੰ ਮੰਗਲ ਸਿੰਘ ਪਿੰਡ ਆ ਗਿਆ ਅਤੇ ਅੱਜ ਤੋਂ ਬਸੰਤ ਕੌਰ ਦੀ ਪੱਠੇ ਲਿਆਉਣ ਦੀ ਰੌਲ ਖਤਮ ਹੋ ਗਈ।

ਦਿਨ ਢਲੇ ਜਦੋਂ ਗੁਰਦੇਵ ਸਿੰਘ ਅੱਗੇ ਵਾਂਗ ਪੱਠਿਆਂ ਵਾਲੇ ਖੇਤ ਵਿੱਚ ਆਇਆ, ਤਾਂ ਉਸ ਨੂੰ ਬਸੰਤ ਕੌਰ ਦੀ ਥਾਂ ਮੰਗਲ ਸਿੰਘ ਪੱਠੇ ਵੱਢਦਾ ਦਿਸਿਆ। ਪਹਿਲਾਂ ਤਾਂ ਉਸ ਦਾ ਮਨ ਉਥੋਂ ਹੀ ਮੁੜ ਜਾਣ ਨੂੰ ਕੀਤਾ, ਪਰ ਉਸ ਨੇ ਕੋਲ ਜਾ ਕੇ ਮੰਗਲ ਸਿੰਘ ਨੂੰ ਬੁਲਾਉਣਾ ਹੀ ਵਧੇਰੇ ਮੁਨਾਸਿਬ ਸਮਝਿਆ।

ਕਦੋਂ ਆਇਐਂ ਮੰਗਲ ਸਿਆਂ ? ਉਸ ਨੇ ਪੱਠੇ ਵੱਢ ਰਹੇ ਮੰਗਲ ਸਿੰਘ ਦੇ ਪਾਸ ਦੀ ਲੰਘਦੇ ਖਲੋ ਕੇ ਆਖਿਆ।

ਅੱਜ ਈ ਆਇਐਂ ਸਰਦਾਰ ਗੁਰਦੇਵ ਸਿਆਂ। ਤੁਸੀਂ ਕਿਵੇਂ ਏਧਰ ? ਮੰਗਲ ਸਿੰਘ ਨੇ ਜਵਾਬ ਵਿੱਚ ਪੁਛਿਆ।

ਮੈਂ ਵੀ ਫਿਰਦਾ-ਫਿਰਦਾ ਏਧਰ ਆ ਗਿਆ ਅੱਜ , ਗੁਰਦੇਵ ਸਿੰਘ ਕਹਿਣ ਲਗਿਆ। ਅੱਗੇ ਕੌਣ ਪੱਠੇ ਲਿਜਾਂਦਾ ਹੁੰਦਾ ਸੀ ?

ਬਸੰਤ ਕੌਰ ਈ ਲੈ ਜਾਂਦੀ ਸੀ , ਮੰਗਲ ਸਿੰਘ ਨੇ ਜ਼ਰਾ ਨਿਮਰ ਹੋ ਕੇ ਆਖਿਆ।

ਹਾਂ, ਦੇਖੀ ਤਾਂ ਸੀ ਮੈਂ ਇਕ ਦੋ ਵਾਰੀ। ਕੋਈ ਚੂੜ੍ਹਾ-ਚੱਪੜਾ ਲਾ ਜਾਣਾ ਸੀ , ਗੁਰਦੇਵ ਸਿੰਘ ਨੇ ਸ਼੍ਰੇਣੀ ਭਾਵ ਵਾਲੀ ਹਮਦਰਦੀ ਦਿਖਾ ਕੇ ਆਖਿਆ।

ਏਨੀ ਪਹੁੰਚ ਹੋਵੇ ਤਾਂ ਫੌਜ ਵਿੱਚ ਧੱਕੇ ਖਾਣ ਜਾਈਏ ਸਰਦਾਰ ਗੁਰਦੇਵ ਸਿਆਂ ! ਕੋਈ ਨੀ, ਬਸੰਤ ਕੁਰ ਦਾ ਕੁਝ ਨਹੀਂ ਘਸ ਗਿਐ ਪੱਠੇ ਲਿਜਾਣ ਨਾਲ !

ਗੁਰਦੇਵ ਸਿੰਘ ਹੱਸ ਪਿਆ। ਘਸਣਾ ਕੀ ਸੀ ਤੇਰੇ ਪਿਛੋਂ ! ਉਸ ਨੇ ਮਖੌਲ ਵਿੱਚ ਆਖਿਆ।

ਮੰਗਲ ਸਿੰਘ ਨੇ ਵੀ ਉਤਰ ਵਿੱਚ ਹੱਸ ਦਿੱਤਾ। ਗੁਰਦੇਵ ਸਿੰਘ ਉਸ ਨੂੰ ਪੱਠੇ ਵੱਢਦਾ ਛੱਡ ਕੇ ਅੱਗੇ ਲੰਘ ਗਿਆ।

ਵੇ ਮੁੰਡਿਆ, ਹਾਲੇ ਹੋਰ ਕਿੰਨਾ ਕੁ ਚਿਰ ਫੌਜ ਵਿੱਚ ਰਹੇਂਗਾ ? ਮਹਾਂ ਕੌਰ ਨੇ ਇੱਕ ਦਿਨ ਮੰਗਲ ਸਿੰਘ ਨੂੰ ਪੁਛਿਆ।

ਹਾਲੇ ਤਾਂ ਨਹੀਂ ਮਾਂ, ਮੇਰੀ ਪਿਨਸ਼ਨ ਲਗ ਜਾਣੀਂ ਛਿਆਂ ਹੀ ਮਹੀਨਿਆਂ ਪਿਛੋਂ ! ਮੰਗਲ ਸਿੰਘ ਨੇ ਜਵਾਬ ਦਿੱਤਾ।

ਪਿਲਸਣ ਤਾਂ ਪੁੱਤ, ਵੱਡੇ ਹੋਏ ਦੀ ਜਾ ਕੇ ਹੋਊ। ਪਿਛੋਂ ਘਰ ਦਾ ਕੀ ਬਣੂੰ ? ਮੈਂ ਤਾਂ ਨਦੀ ਕਿਨਾਰੇ ਰੁੱਖੜਾ ਹਾਂ। ਜਾਂ ਤੂੰ ਬਸੰਤ ਕੁਰ ਨੂੰ ਨਾਲ ਈ ਲੈ ਜਾ।

ਜਿੰਨਾ ਚਿਰ ਤੂੰ ਬੈਠੀ ਐਂ, ਓਨਾ ਚਿਰ ਮਾਂ ਮੈਨੂੰ ਕੀ ਫ਼ਿਕਰ ਐ ਘਰ ਦਾ ਜਾਂ ਬਸੰਤ ਕੁਰ ਦਾ ?

ਫਿਕਰ ਤਾਂ ਤੈਨੂੰ ਕੋਈ ਨਹੀਂ। ਬਸੰਤ ਕੌਰ ਵੀ, ਮੂੰਹ 'ਤੇ ਸਲਾਹੁਣਾ ਚੰਗਾ ਨਹੀਂ ਹੁੰਦਾ, ਤੇਰੀ ਭਾਈ ਕੁਠਾਲੀ 'ਚੋਂ ਕਢਿਆ ਹੋਇਆ ਸੋਨਾ ਏਂ, ਪਰ ਪੁੱਤ ਸਮੋਂ ਬੜੀ ਬੁਰੀ ਐ।

ਪਈ ਹੋਵੇ ਬੁਰੀ ਸਮੋਂ , ਮੰਗਲ ਸਿੰਘ ਨੇ ਜਾਣੋਂ ਸਮੇਂ ਨੂੰ ਆਪਣੀ ਮਾਂ ਅਤੇ ਬਸੰਤ ਕੌਰ ਦੀ ਤਕੜਾਈ ਦੇ ਸਹਾਰੇ ਵੰਗਾਰ ਦਿੱਤੀ।

ਵੇ ਪੁੱਤ, ਉਂ ਤਾਂ ਘਰ ਵੀ ਕੋਈ ਘਾਟਾ ਨੀ ਸੀ। ਡੂਢ ਸੌ ਰੁਪਈਆ ਤੂੰ ਹੁਣ ਲਿਆ ਕੇ ਸ਼ਾਹੂਕਾਰ ਦਾ ਮੋੜ ਦਿੱਤਾ ਏ। ਚਾਰ ਕੁ ਸੌ ਸਾਰਾ ਰਹਿ ਗਿਆ। ਅਸੀਂ ਮਹਿੰ ਬੇਚ ਦੇਈਏ ਤਾਂ ਉਹ ਵੀ ਉਤਰ ਜਾਂਦੈ।

ਫੇਰ ਮੈਂ ਕਰੂੰ ਕੀ ?

ਤੂੰ ਖੇਤੀ ਕਰ, ਹੋਰ ਕੀ ਕਰਨੈਂ।

ਪੰਜ ਸੌ ਦੇ ਬਲਦ ਨਹੀਂ ਫੇਰ ਲੈਣੇ ਪੈਣਗੇ ?

ਮਹਾਂ ਕੌਰ ਇਸ ਲੋੜ ਨੂੰ ਭੁਲਾਈ ਬੈਠੀ ਸੀ।

ਮਹਿੰ ਤਾਂ ਅਸੀਂ ਹੁਣ ਬੇਚ ਈ ਦੇਣੀ ਐਂ , ਬਸੰਤ ਕੌਰ ਨੇ ਗੱਲਬਾਤ ਵਿੱਚ ਸ਼ਾਮਲ ਹੋ ਕੇ ਆਖਿਆ। ਛਿਆਂ ਮਹੀਨਿਆਂ ਨੂੰ ਮੇਰੀ ਝੋਟੀ ਨੇ ਸੂ ਪੈਣਾ ਏਂ। ਇਹ ਝੋਟੀ ਉਹ ਸੀ ਜੋ ਬਸੰਤ ਕੌਰ ਦੇ ਪਿਉ ਨੇ ਕੱਟੀ ਹੋਣ ਸਮੇਂ ਤੋਂ ਬਸੰਤ ਕੌਰ ਦੀ ਬਣਾ ਦਿੱਤੀ ਸੀ ਅਤੇ ਹੁਣ ਤੱਕ ਉਸ ਦੇ ਪੇਕੇ ਘਰ ਹੀ ਪਲ ਰਹੀ ਸੀ।

ਪਰ ਬਲਦ ਹੁਣ ਕਿਥੋਂ ਆਉਣਗੇ ? ਮੰਗਲ ਸਿੰਘ ਨੇ ਆਪਣਾ ਸਵਾਲ ਦੁਹਰਾਇਆ।

ਬਲਦ ? ਬਸੰਤ ਕੌਰ ਕੁਝ ਸੋਚਣ ਲੱਗ ਪਈ। ਫਿਰ ਉਹ ਬੋਲੀ, ਆਹ ਜਿਹੜਾ ਮੇਰੇ ਕੋਲ ਕੁਛ ਟੂਮ-ਛੱਲਾ ਏ, ਇਹ ਬੇਚ ਦਿੰਨੇ ਆਂ। ਫੇਰ ਬਣਾ ਲਵਾਂਗੇ ਜੇ ਰੱਬ ਫਸਲ ਚੰਗੀ ਲਾਊ ਤਾਂ।

ਨਾ ਧੀਏ, ਤੈਨੂੰ ਨੀ ਅਸੀਂ ਸੁੱਖੀਂ ਸਾਂਦੀਂ ਬੁੱਚੀ ਕਰਨਾ , ਮਹਾਂ ਕੌਰ ਦ੍ਰਿੜ੍ਹਤਾ ਨਾਲ ਬੋਲੀ,

ਫਸਲ ਲੱਗੂ ਤਾਂ ਬਲਦਾਂ ਵਾਲਾ ਪੰਜ ਸੌ ਵੀ ਉਤਰ ਈ ਜਾਊ।

ਦੇਖ ਮਾਂ , ਮੰਗਲ ਸਿੰਘ ਫਿਰ ਬੋਲਿਆ, ਖੇਤੀ ਦਾ ਕੋਈ ਭਰੋਸਾ ਨਹੀਂ। ਜੇ ਫਸਲ ਦੋ ਸਾਲ ਲੱਗ ਪਈ ਤਾਂ ਭਵਾਂ ਕਰਜ਼ਾ ਉਤਰ ਜਾਵੇ। ਜੇ ਨਾ ਲਗੀ ਤਾਂ ਸਵਾਂ ਹੋਰ ਚੜ੍ਹ ਜਾਊ। ਫੇਰ ਆਪਾਂ ਕਿਧਰੇ ਜੋਗੇ ਨੀ ਰਹਿਣਾ। ਹੁਣ ਮੈਂ ਪਚਵੰਜਾ ਰੁਪਈਏ ਚੜ੍ਹੇ ਮਹੀਨੇ ਲੈ ਲੈਨਾਂ। ਮੀਂਹ ਜਾਵੇ, ਨ੍ਹੇਰੀ ਜਾਵੇ, ਮਹੀਨੇ ਦੀ ਪੰਜ ਤਰੀਕ ਨੂੰ ਪਚਵੰਜਾ ਮਿਲ ਜਾਂਦੇ ਐ। ਰਸਦ ਪਾਣੀ ਸਰਕਾਰੀ ਐ। ਮੈਂ ਮਹੀਨੇ ਦੇ ਪੈਂਤੀ ਚਾਲੀ ਸਹਿਜੇ ਈ ਬਚਾ ਲੈਨਾਂ। ਤੁਸੀਂ ਮੇਰਾ ਪਿੱਛਾ ਪੂਰੋ, ਦਿਲ ਨਾ ਤੋੜੋ।

ਇਸ ਉਤੇ ਦੋਵੇਂ ਜਣੀਆਂ ਚੁੱਪ ਕਰ ਗਈਆਂ। ਦੋਹਾਂ ਦੇ ਜ਼ੋਰ ਦੇਣ ਉਤੇ ਮੰਗਲ ਸਿੰਘ ਨੇ ਮੱਝ ਸਾਢੇ ਤਿੰਨ ਸੌ ਨੂੰ ਵੇਚ ਕੇ ਕਰਜ਼ੇ ਤੋਂ ਮੁਕਤੀ ਪ੍ਰਾਪਤ ਕਰ ਲਈ।

ਘਰ ਵਿੱਚ ਵੀਹ ਕੁ ਸੇਰ ਘਿਉ ਜੁੜਿਆ ਪਿਆ ਸੀ। ਮੰਗਲ ਸਿੰਘ ਦੇ ਛਾਉਣੀ ਨੂੰ ਮੁੜਨ ਤੋਂ ਇਕ ਦਿਨ ਪਹਿਲਾਂ ਬਸੰਤ ਕੌਰ ਇਸ ਘਿਉ ਨੂੰ ਤੱਤਾ ਕਰਨ ਲੱਗੀ ਤਾਂ ਮੰਗਲ ਸਿੰਘ ਨੇ ਇਸ ਦਾ ਕਾਰਨ ਪੁੱਛਿਆ। ਕਿਉਂ ਤੈਂ ਇਹ ਲੈ ਕੇ ਜਾਣਾ ? ਬਸੰਤ ਕੌਰ ਨੇ ਪ੍ਰਸ਼ਨ ਵਿਚ ਉਤਰ ਦਿੱਤਾ।

ਲੈ, ਮੈਂ ਕੀ ਕਰਨਾ ਏਂ ਘਿਉ ? ਉਥੇ ਮਿਲ ਜਾਂਦੈ ਸਾਨੂੰ ਘਿਉ ਵੀ ਸਰਕਾਰੀ , ਮੰਗਲ ਸਿੰਘ ਨੇ ਆਖਿਆ। (**ਬਾਕੀ ਸਫ਼ਾ 31 'ਤੇ**)

# ਮੇਰੀ ਕਲਮ



## ਸ਼ੁਭ ਸ਼ਗਨ

ਸਿੰਮੀਪ੍ਰੀਤ ਕੌਰ

ਚੁੱਲ੍ਹੇ ਮੂਹਰੇ ਬੈਠਿਆਂ
ਅੱਗ ਦੇ ਅੰਗਿਆਰਿਆਂ ਨਾਲ ਹਠਖੇਲੀਆਂ
ਕਰਦਿਆਂ ਦੇਖ
ਦਾਦੀ ਝਿੜਕਦੀ ਬੋਲੀ
ਅੱਗ ਨਾਲ ਨੀਂ ਖੇਡੀਦਾ
ਕਿਉਂ ?
ਮੇਰੀ ਮਾਸੂਮੀਅਤ ਜਵਾਬ ਮੰਗਦੀ ਸੀ
ਕੋਲ ਬੈਠੀਆਂ ਮਾਂ, ਚਾਚੀ ਤੇ ਭੂਆ ਦੇ
ਮੂੰਹਾਂ 'ਤੇ ਚੁੱਪੀ ਸੀ
ਪਰ ਕਰਵਟ ਨੇ ਮੈਨੂੰ
ਆਪਣੇ ਕਲੇਵੇਂ ਵਿੱਚ ਲੈ ਲਿਆ
ਮੈਂ ਅੱਗ ਸੰਗ ਖੇਡੀ
ਅੱਗ ਖਾਧੀ
ਅੱਗ ਪਹਿਨੀ
ਅੱਗ ਸੰਗ ਸੁੱਤੀ
ਤੇ ਅੱਗ 'ਤੇ ਤੁਰੀ
ਦਾਦੀ ਆਖਦੀ ਸੀ
ਅੱਗ ਨਾਲ ਖੇਡਣਾ ਮਾੜਾ ਹੁੰਦਾ ਹੈ
ਪਤਾ ਨੀਂ ਮੇਰੇ ਲਈ ਅੱਗ ਨਾਲ ਖੇਡਣਾ
ਸ਼ੁਭ ਸ਼ਗਨ ਕਿਵੇਂ ਹੋ ਗਿਆ ?
ਦਾਦੀ ਆਖਦੀ ਸੀ
ਤੱਤੀਆਂ ਹਵਾਵਾਂ ਨਾਲ ਸਮਝੌਤਾ ਕਰ ਲਈਂ
ਮੈਂ ਹਵਾਵਾਂ ਨੂੰ ਤੂਫਾਨ ਬਣ ਟੱਕਰੀ
ਮੈਂ ਹਨ੍ਹੇਰਿਆਂ ਤੋਂ ਡਰੀ ਨਹੀਂ
ਜਾਂਚ ਸਿੱਖੀ ਜੁਗਨੂੰ ਬਣਨ ਦੀ
ਤੇ ਮੇਰੀ
ਅੱਗ, ਹਵਾਵਾਂ ਤੇ ਹਨ੍ਹੇਰਿਆਂ ਨਾਲ
ਦੋਸਤੀ ਹੋ ਗਈ
ਗੂੜੀ ਹੋਰ ਗੂੜੀ

## ਐਵੇਂ ਗੈਰਾਂ ਨਾਲ ਮਿੱਠਾ-ਮਿੱਠਾ ਬੋਲ ਹੋ ਗਿਆ

ਸੁਖਵਿੰਦਰ ਅੰਮ੍ਰਿਤ

ਐਵੇਂ ਗੈਰਾਂ ਨਾਲ ਮਿੱਠਾ-ਮਿੱਠਾ ਬੋਲ ਹੋ ਗਿਆ
ਸਾਥੋਂ ਜਿੰਦਗੀ ਵਿੱਚ ਆਪੇ ਜ਼ਹਰ ਘੋਲ ਹੋ ਗਿਆ

ਰਹੂ ਉਂਗਲਾਂ ਦੇ ਪੋਟਿਆਂ ਚੋਂ ਲਹੂ ਸਿੰਮਦਾ,
ਸਾਥੋਂ ਹੀਰਿਆਂ ਦੇ ਭੁਲੇਖੇ ਕੱਚ ਫੋਲ ਹੋ ਗਿਆ

ਸਾਨੂੰ ਬਾਲ ਕੇ ਬਨੇਰਿਆਂ ਤੇ ਦੀਵਿਆਂ ਦੇ ਵਾਂਗੂੰ,
ਸਾਡਾ ਚੰਨ ਆਪ ਬਦਲਾਂ ਦੇ ਕੋਲ ਹੋ ਗਿਆ

ਅਸੀਂ ਤਨਹਾਈਆਂ ਦੇ ਗਲ ਨਾਲ ਲੱਗ-ਲੱਗ ਰੋਏ,
ਇਕ ਫੁੱਲ ਸਾਡੇ ਪੈਰਾਂ ਤੋਂ ਮਧੋਲ ਹੋ ਗਿਆ

ਅਸੀਂ ਉਮਰਾਂ ਬੀਤਾਈਆਂ ਜਿਸਤੋਂ ਲੁੱਕ -ਲੁੱਕ ਕੇ,
ਰਾਤੀਂ ਸੁਪਨੇ 'ਚ ਆਇਆ, ਕੁੰਡਾ ਖੋਲ ਹੋ ਗਿਆ

ਜਿਨ੍ਹਾਂ ਸਜਨਾ ਨਾਲ ਨਾ ਸੀ ਸਾਡੀ ਸੁਰ ਮਿਲਦੀ,
ਗੀਤ ਜਿੰਦਗੀ ਦਾ ਓਹਨਾਂ ਸੰਗ ਬੋਲ ਹੋ ਗਿਆ

## ਜਦ ਵੀ ਤੇਰਾ

ਸ਼ਿਵ ਕੁਮਾਰ ਬਟਾਲਵੀ



ਜਦ ਵੀ ਤੇਰਾ ਦੀਦਾਰ ਹੋਵੇਗਾ
ਝੱਲ ਦਿਲ ਦਾ ਬਿਮਾਰ ਹੋਵੇਗਾ
ਕਿਸੇ ਵੀ ਜਨਮ ਆ ਕੇ ਵੇਖ ਲਵੀਂ
ਤੇਰਾ ਹੀ ਇੰਤਜ਼ਾਰ ਹੋਵੇਗਾ
ਜਿਥੇ ਭੱਜਿਆ ਵੀ ਨਾ ਮਿਲੂ ਦੀਵਾ
ਸੋਈਓ ਮੇਰਾ ਮਜ਼ਾਰ ਹੋਵੇਗਾ
ਕਿਸ ਨੇ ਮੈਨੂੰ ਆਵਾਜ਼ ਮਾਰੀ ਹੈ
ਕੋਈ ਦਿਲ ਦਾ ਬਿਮਾਰ ਹੋਵੇਗਾ
ਇੰਞ ਲੱਗਦਾ ਹੈ 'ਸ਼ਿਵ' ਦੇ ਸ਼ਿਅਰਾਂ 'ਚੋਂ
ਕੋਈ ਧੁਖ਼ਦਾ ਅੰਗਾਰ ਹੋਵੇਗਾ

## ਨਾਜ਼ੁਕ ਕਲੀਆਂ

ਸੁਖਦੀਪ ਕੌਰ ਬਿਰਧਨੋ

ਗੁੰਮ- ਸੁੰਨ ਚਿਹਰੇ ਦੱਸਦੇ, ਫ਼ਿਕਰਾਂ ਵਿੱਚ ਪਲੀਆਂ,
ਚੁਗਦੀਆਂ ਕਾਗ਼ਜ਼ ਫਿਰਦੀਆਂ, ਦੋ ਨਾਜ਼ੁਕ ਕਲੀਆਂ।
ਖਿਲਰੇ-ਉਲਝੇ ਵਾਲ, ਤੇ ਪਾਟੇ ਗਲ ਲੀੜੇ,
ਵਾਰੇ-ਵਾਰੇ ਜਾਵਾਂ ਨੀ, ਤੈਥੋਂ ਤਕਦੀਰੇ।
ਤਪਦੀ ਧਰਤੀ ਸਾੜਦੀ, ਪੈਰਾਂ ਦੀਆਂ ਤਲੀਆਂ,
ਚੁਗਦੀਆਂ ਕਾਗ਼ਜ਼ ਫਿਰਦੀਆਂ, ਦੋ ਨਾਜ਼ੁਕ ਕਲੀਆਂ।
ਨਾ ਨੈਣਾਂ ਵਿੱਚ ਅੱਥਰੂ, ਨਾ ਬੁੱਲ੍ਹੀਆਂ 'ਤੇ ਹਾਸਾ,
ਵਿੱਚ ਗ਼ਰੀਬੀ ਬਣ ਗਈਆਂ, ਲੋਕਾਂ ਲਈ ਤਮਾਸ਼ਾ।
ਤਨ-ਮਨ ਬੋਲੀ ਚੜ੍ਹ ਰਿਹਾ, ਧਰਮਾਂ ਦੀਆਂ ਗਲੀਆਂ,
ਚੁਗਦੀਆਂ ਕਾਗ਼ਜ਼ ਫਿਰਦੀਆਂ, ਦੋ ਨਾਜ਼ੁਕ ਕਲੀਆਂ।
ਖੌਰੇ ਕਿਹੜੇ ਕਰਜ਼ ਨੇ, ਪੱਲੀਆਂ ਵਿੱਚ ਬੰਨ੍ਹੇ,
ਇਹ ਕੇਹਾ ਇਨਸਾਫ਼ ਵੇ, ਜੋ ਰੂਹ ਨਾ ਮੰਨੇ।
ਕੋਮਲ ਜਿੰਦਾਂ ਚੁੱਕ ਦਰਦਾਂ ਦੀ, ਗਠੜੀ ਚੱਲੀਆਂ,
ਚੁਗਦੀਆਂ ਕਾਗ਼ਜ ਫਿਰਦੀਆਂ, ਦੋ ਨਾਜ਼ੁਕ ਕਲੀਆਂ।
ਨਫਰਤ ਅਗਨੀ ਸੜ ਰਹੀਆਂ, ਇਹ ਠੰਡੀਆਂ ਛਾਵਾਂ,
ਕੁੱਖਾਂ ਵਿੱਚ ਕਿਉਂ ਮਰਦੀਆਂ, ਇਹ ਕੱਲ੍ਹ ਦੀਆਂ ਮਾਵਾਂ।
ਸੁੱਖ ਰੂਹਾਂ ਮੁਰਝਾ ਗਈਆਂ, ਜਿਵੇਂ ਸ਼ਾਮਾਂ ਢਲੀਆਂ,
ਚੁਗਦੀਆਂ ਕਾਗ਼ਜ ਫਿਰਦੀਆਂ, ਦੋ ਨਾਜ਼ੁਕ ਕਲੀਆਂ।

## ਕਲੀ ਕਲੀ 'ਤੇ ਨਿਖਾਰ ਚਾਹਾਂ

ਸਾਕੀ ਗੁਜਰਾਤੀ



ਕਲੀ ਕਲੀ 'ਤੇ ਨਿਖਾਰ ਚਾਹਾਂ ਸ਼ਬਾਬ ਚਾਹਾਂ,
ਅਦਬ ਦੇ ਗੁਲਸ਼ਨ ਦੀ ਪੱਤੀ ਪੱਤੀ ਗੁਲਾਬ ਚਾਹਾਂ।
ਸੁਖ਼ਨ ਦੀ ਨਗਰੀ ਵਟਾ ਕੇ ਆਏ ਨੇ ਰੂਪ ਜਿਹੜੇ,
ਅਜਿਹੇ ਲੋਕਾਂ ਦੇ ਮੂੰਹ ਸਦਾ ਬੇਨਕਾਬ ਚਾਹਾਂ।
ਜ਼ਰਾ ਮੇਰੇ ਦੋਸਤੋ ਮੇਰੀ ਸਾਦਗੀ ਤੇ ਦੇਖੋ,
ਖ਼ਿਜ਼ਾਂ ਦੀ ਰੁੱਤੇ ਸਦਾ ਬਹਾਰਾਂ ਦੇ ਖ਼ਾਬ ਚਾਹਾਂ।
ਵਰਕ ਵਰਕ ਤੇ ਲਿੱਖੇ ਨੇ ਕਿੱਸੇ ਹਜ਼ੀਮਤਾਂ ਦੇ,
ਮੈਂ ਕਿਵੇਂ ਗੁਜ਼ਰੇ ਜ਼ਮਾਨਿਆਂ ਦੀ ਕਿਤਾਬ ਚਾਹਾਂ।
ਜਵਾਨ ਸੱਧਰ ਦੀ ਸ਼ਾਹਜ਼ਾਦੀ ਨੂੰ ਲਾ ਕੇ ਸੀਨੇ,
ਸਕੂਨ ਚਾਹਾਂ ਕਦੀ ਕਦੀ ਇਜ਼ਤਰਾਬ ਚਾਹਾਂ।
ਮੇਰੀ ਵਫ਼ਾ ਦੀ ਦਲੇਰ ਸੋਹਣੀ ਵੀ ਠਿੱਲ ਪਵੇਗੀ,
ਤੇਰੀ ਨਜ਼ਰ ਦਾ ਖ਼ਲੂਸ ਭਰਿਆ ਚਨਾਬ ਚਾਹਾਂ।
ਨਾ ਹੋਵੇ ਜਿਸ 'ਚ ਕੋਈ ਨਫ਼ਰਤ ਦਾ ਬਾਬ 'ਸਾਕੀ',
ਮੁਹੱਬਤਾਂ ਦੇ ਨਗਰ ਦਾ ਐਸਾ ਨਿਸਾਬ ਚਾਹਾਂ।

## ਦਰਦ ਸੁਣਾਵਣ ਅੱਖੀਆਂ

ਡਾ: ਸਤਿੰਦਰਜੀਤ ਕੌਰ

ਮਾਏ ਨੀ
ਮਾਏ ਨੀ! ਦਰਦ ਸੁਣਾਵਣ ਅੱਖੀਆਂ।
ਮਾਏ ਨੀ! ਵਰ੍ਹਦਾ ਸਾਵਣ ਅੱਖੀਆਂ।
ਉਹਦੇ ਪਿਆਰ ਨੂੰ ਯਾਦ ਕਰਦਿਆਂ,
ਛਮ ਛਮ ਨੀਰ ਵਹਾਵਣ ਅੱਖੀਆਂ
ਮਾਏ ਨੀ! ਨੀਂਦ ਚੁਰਾਵਣ ਅੱਖੀਆਂ।
ਜਿਸ ਪਲ ਉਹ ਨਜ਼ਰੀਂ ਨਾ ਆਵੇ,
ਹੰਝੂਆਂ ਵਿੱਚ ਢਲ ਜਾਵਣ ਅੱਖੀਆਂ
ਮਾਏ ਨੀ! ਪੀੜ ਸੁਣਾਵਣ ਅੱਖੀਆਂ।
ਰੁੱਸ ਕੇ ਉਹ ਤਾਂ ਦੂਰ ਤੁਰ ਗਿਆ ,
ਰਾਤਾਂ ਕਿੰਝ ਲੰਘਾਵਣ ਅੱਖੀਆਂ।
ਮਾਏ ਨੀ! ਦਰਦ ਸੁਣਾਵਣ ਅੱਖੀਆਂ।
ਬਿਨ ਬੋਲੇ ਹੀ ਸਭ ਕੁਝ ਆਖਣ,
ਬਿਨ ਸ਼ਬਦਾਂ ਤੋਂ ਗਾਵਣ ਅੱਖੀਆਂ
ਮਾਏ! ਨਾ ਦਰਦ ਭੁਲਾਵਣ ਅੱਖੀਆਂ।
ਨਿੱਕੀ ਉਮਰੇ ਦਰਦ ਪਰਾਗਾ
ਬੁੱਟਰ ਝੋਲੀ ਪਾਵਣ ਅੱਖੀਆਂ
ਮਾਏ! ਸੁਣੀਂ! ਸੁਣਾਵਣ ਅੱਖੀਆਂ।

## ਮਿੱਟੀ ਨੂੰ ਸਲਾਮ

ਅਨੂਪ ਵਿਰਕ

ਲਾਏ ਅੰਬਰਾਂ ਨੇ ਐਵੇਂ ਇਲਜ਼ਾਮ ਜੋਗੀਆ
ਸਾਡੀ, ਮਿੱਟੀ ਨੂੰ ਹੀ ਸਦਾ ਹੈ ਸਲਾਮ ਜੋਗੀਆ।

ਜਿਹੜੀ ਮਿੱਟੀ ਕੋਲੋਂ ਮਿੱਟੀ ਨੂੰ ਆਰਾਮ ਨਾ ਮਿਲੇ
ਉਹਨੂੰ ਮੱਕਾ ਨਾ ਮਿਲੇ ਉਹਨੂੰ ਰਾਮ ਨਾ ਮਿਲੇ।
ਸ਼ਾਇਰਾਂ ਆਸ਼ਕਾਂ ਪੀਰਾਂ ਦਾ ਇੱਕੋ ਨਾਮ ਜੋਗੀਆ
ਲਾਏ ਅੰਬਰਾਂ ਨੇ ਐਵੇਂ ਇਲਜ਼ਾਮ ਜੋਗੀਆ

ਮਿੱਟੀ ਮਿਲ ਕੇ ਹੀ ਮਿੱਟੀ ਦਾ ਹੈ ਮੋਹ ਭੋਗਦੀ
ਮਿੱਟੀ ਮਿੱਟੀਆਂ ਤੋਂ ਮੰਗੇ ਸਦਾ ਭੀਖ ਜੋਗ ਦੀ।
ਮਿੱਟੀ ਵਿੱਛੜੇ ਤੇ ਜਿਉਣ ਹੈ ਹਰਾਮ ਜੋਗੀਆ
ਲਾਏ ਅੰਬਰਾਂ ਨੇ ਐਵੇਂ ਇਲਜ਼ਾਮ ਜੋਗੀਆ

ਜਿਹੜੇ ਮਿੱਟੀਆਂ ਦੇ ਮਨਾਂ ਵਿੱਚ ਫਿੱਕ ਪਾਣਗੇ
ਉਹੋ ਮਿੱਟੀਆਂ ਦੇ ਮਨਾਂ ਵਿੱਚੋਂ ਮਿਟ ਜਾਣਗੇ।
ਮਿੱਟੀ ਅੰਬਰੀ ਆਵੇਸ਼ ਇਲਹਾਮ ਜੋਗੀਆ
ਲਾਏ ਅੰਬਰਾਂ ਨੇ ਐਵੇਂ ਇਲਜ਼ਾਮ ਜੋਗੀਆ

ਜਾਤ ਮਿੱਟੀ ਦੀ ਜੋ ਪੁੱਛੇ ਰੁੱਖ ਸੁੱਕ ਜਾਣਗੇ
ਜਿਹੜੇ ਮਿੱਟੀ ਨਾਲੋਂ ਟੁੱਟੇ ਮਰ ਮੁੱਕ ਜਾਣਗੇ।
ਜੁੜੋ ਮਿੱਟੀ ਸੰਗ ਪੌਣਾਂ ਦਾ ਪੈਗਾਮ ਜੋਗੀਆ
ਲਾਏ ਅੰਬਰਾਂ ਨੇ ਐਵੇਂ ਇਲਜ਼ਾਮ ਜੋਗੀਆ

## ਉਹ ਮੈਨੂੰ ਰਾਗ ਤੋਂ ਵੈਰਾਗ ਤੀਕਣ ਜਾਣਦਾ ਹੈ

ਸੁਰਜੀਤ ਪਾਤਰ



ਉਹ ਮੈਨੂੰ ਰਾਗ ਤੋਂ ਵੈਰਾਗ ਤੀਕਣ ਜਾਣਦਾ ਹੈ,
ਮੇਰੀ ਆਵਾਜ਼ ਦਾ ਉਹ ਰੰਗ ਵੀ ਪਹਿਚਾਣਦਾ ਹੈ
ਜ਼ਰਾ ਹਉਕਾ ਭਰਾਂ ਤਾਂ ਕੰਬ ਜਾਂਦਾ, ਡੋਲ ਜਾਂਦਾ,
ਅਜੇ ਉਹ ਸਿਰਫ ਮੇਰੇ ਹਾਸਿਆਂ ਦੇ ਹਾਣ ਦਾ ਹੈ
ਮੇਰਾ ਮਹਿਰਮ ਮੇਰੇ ਇਤਿਹਾਸ ਦੀ ਹਰ ਪੈੜ ਜਾਣੇ,
ਮੇਰਾ ਮਾਲਕ ਸਿਰਫ ਜੁਗਜਾਫੀਆਂ ਹੀ ਜਾਣਦਾ ਹੈ
ਉਹਨੂੰ ਆਖੋ ਕਿਸੇ ਮਿੱਟੀ 'ਚ ਉਗ ਕੇ ਖਿੜ ਪਵੇ ਉਹ,
ਉਹ ਐਵੇਂ ਰਸਤਿਆਂ ਦੀ ਖਾਕ ਕਾਹਨੂੰ ਛਾਣਦਾ ਹੈ
ਜਦੋਂ ਬੇਮਾਨੀਅਤ ਬਰਸੇ ਖਿਲਾਅ 'ਚੋਂ. ਕੌਣ ਓਦੋਂ,
ਮੇਰੇ ਸਿਰ 'ਤੇ ਇਹ ਛਤਰੀ ਤਾਰਿਆਂ ਦੀ ਤਾਣਦਾ ਹੈ

## ਜਜ਼ਬਾ

ਸਿੰਮੀਪ੍ਰੀਤ ਕੌਰ



ਮੈਂ ਉਸ ਨੂੰ ਪੁੱਛਿਆ
ਤੈਨੂੰ ਮੇਰੇ ਨਾਲ
ਮੇਰੇ ਜਿੰਨੀ
ਮੇਰੇ ਵਰਗੀ
ਮੁਹੱਬਤ ਕਿਉਂ ਨਹੀਂ ?
ਉਸ ਆਖਿਆ
ਕਮਲੀਏ !!
ਮੁਹੱਬਤ ਤਾਂ ਸਹਿਜੇ-ਸਹਿਜੇ
ਪਨਪਣ ਵਾਲਾ ਜਜ਼ਬਾ ਹੈ

ਦਾਵਿਆਂ ਨਾਲ ਮੁਹੱਬਤ ਨਹੀ
ਮੈਨੂੰ ਪਤੈ
ਤੇਰੇ ਅੰਦਰ ਦੀ ਮੁਹੱਬਤ ਦਾ
ਜਿੱਥੇ ਮੈਂ ਹੀ ਮੈਂ ਹਾਂ
ਕਦੀ ਤੂੰ ਵੀ
ਮੇਰੇ ਅੰਦਰ ਝਾਤੀ ਮਾਰੀਂ
ਮੇਰੇ ਅੰਦਰ ਵੀ
ਦਿਸਹੱਦਿਆਂ ਤੋਂ ਪਰ੍ਹੇ ਤੀਕ
ਤੇਰੇ ਤੋਂ ਸਿਵਾ
ਕੋਈ ਵੀ ਨਹੀਂ
ਤੈਨੂੰ ਪਤਾ ਹੋਣੈ
ਮੈਂ ਤੈਨੂੰ ਤੇਰੇ ਜਿਸਮ ਤੋਂ
ਪਰ੍ਹੇ ਹੋ ਕੇ ਦੇਖਦਾ ਹਾਂ
ਤੇ ਮੈਨੂੰ ਪਤਾ
ਤੂੰ ਮੈਨੂੰ ਦੁਨੀਆਂਦਾਰੀ ਤੋਂ
ਪਰ੍ਹੇ ਹੋ ਕੇ ਲੋਚਦੀ ਹੈਂ।
--------
ਤੂੰ ਕਿੰਨੀ ਸਹਿਜ ਏਂ ?
ਕਿੰਨੀ ਸਹਿਜਤਾ ਨਾਲ ਤੂੰ
ਭਾਂਡੇ ਮਾਂਜ-ਸੰਵਾਰ
ਸੈਲਫਾਂ 'ਤੇ ਸਜਾ ਦਿੰਨੀ ਏਂ
ਕਿੰਨੀ ਸਹਿਜਤਾ ਨਾਲ ਤੂੰ
ਰੋਟੀ-ਪਾਣੀ ਤਿਆਰ ਕਰ
ਸਾਰੇ ਟੱਬਰ ਨੂੰ ਰਜਾ ਦਿੰਨੀ ਏਂ
ਰਿਸ਼ਤਿਆਂ ਦੀ ਉਲਝੀ ਤਾਣੀ ਦਾ
ਕਿੰਨੀ ਸਹਿਜਤਾ ਨਾਲ ਤੂੰ
ਤੰਦ-ਤੰਦ ਸੁਲਝਾ ਦਿੰਨੀ ਏਂ
ਉਖੜ ਜਾਂਦੇ ਨੇ ਅਕਸਰ
ਮੇਰੇ ਵੀ ਕਦਮ
ਕਿੰਨੀ ਸਹਿਜਤਾ ਨਾਲ ਤੂੰ
ਬਾਹਾਂ 'ਚ ਬਚਾ ਲੈਨੀਂ ਏਂ
ਖਾਹ-ਮਖਾਹ ਮੈਂ
ਅੱਖਰਾਂ ਸੰਗ ਉਲਝਿਆ ਰਹਿੰਨਾਂ
ਕਿੰਨੀ ਸਹਿਜਤਾ ਨਾਲ ਤੂੰ
ਮੇਰਾ ਸਿਰ ਪਲੋਸ
ਮੱਥਾ ਚੁੰਮ
ਮੈਥੋਂ ਕਵਿਤਾ ਬਣਵਾ ਦਿੰਨੀ ਏਂ
ਸੱਚ !!!
ਤੇਰੀ ਸਹਿਜਤਾ ਨਾਲ
ਮੇਰੀ ਕਾਇਨਾਤ ਵੱਸਦੀ ਏਂ !!!

# ਖੇਡ ਬਜਟ ’ਤੇ ਵੀ ਨਿਰਭਰ ਹੈ ਖੇਡਾਂ ਦੀ ਸਫ਼ਲਤਾ

## ਕੀ ਭਾਰਤ ਬਣ ਸਕੇਗਾ ਵਿਸ਼ਵ ਖੇਡ ਸ਼ਕਤੀ ?





ਪਿਛਲੇ ਕੁਝ ਸਾਲਾਂ ਦੌਰਾਨ ਭਾਰਤ ਖੇਡਾਂ ਦੇ ਖੇਤਰ ਵਿੱਚ ਲਗਾਤਾਰ ਪ੍ਰਾਪਤੀਆਂ ਕਰ ਰਿਹਾ ਹੈ। ਇਸ ਸਮੇਂ ਭਾਰਤ ਇੱਕ ਅਜਿਹਾ ਦੇਸ਼ ਬਣ ਗਿਆ ਹੈ ਜੋ ਕਿ ਵੱਡੇ ਖੇਡ ਮੁਕਾਬਲਿਆਂ ਨੂੰ ਆਯੋਜਿਤ ਕਰ ਸਕਦਾ ਹੈ। ਇਸ ਸਮੇਂ ਦੇਸ਼ ਦੀਆਂ ਨਜ਼ਰਾਂ ਸਾਲ 2036 ਦੀਆਂ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਕਰਨ ’ਤੇ ਲੱਗੀਆਂ ਹੋਈਆਂ ਹਨ। ਭਾਰਤ ਵਿੱਚ ਜਿਸ ਤਰ੍ਹਾਂ ਵੱਖ-ਵੱਖ ਖੇਡ ਲੀਗਾਂ ਸ਼ੁਰੂ ਹੋ ਰਹੀਆਂ ਹਨ, ਸਰਕਾਰ ਖਿਡਾਰੀਆਂ ਦਾ ਸਮਰਥਨ ਕਰ ਰਹੀ ਹੈ, ਉਦਯੋਗ ਖੇਡਾਂ ਵਿੱਚ ਦਿਲਚਸਪੀ ਲੈ ਰਹੇ ਹਨ ਅਤੇ ਵੱਖ-ਵੱਖ ਖੇਡਾਂ ਭਾਰਤ ਦੇ ਕੋਨੇ-ਕੋਨੇ ਵਿੱਚ ਪਹੁੰਚ ਰਹੀਆਂ ਹਨ, ਅਜਿਹੀ ਸਥਿਤੀ ਵਿੱਚ ਕਿਹਾ ਜਾ ਸਕਦਾ ਹੈ ਕਿ ਖੇਡਾਂ ’ਚ ਭਾਰਤ ਦਾ ਭਵਿੱਖ ਸੁਨਹਿਰਾ ਹੋਵੇਗਾ। ਇਸ ਦੇ ਨਾਲ ਹੀ ਇਸ ਤਰ੍ਹਾਂ ਦੇ ਅੰਦਾਜ਼ੇ ਵੀ ਲਗਾਏ ਜਾ ਰਹੇ ਹਨ ਕਿ ਭਾਰਤ ਇੱਕ ਦਿਨ ਦੁਨੀਆਂ ਦੀ ਵੱਡੀ ਖੇਡ ਸ਼ਕਤੀ ਬਣ ਸਕਦਾ ਹੈ।

ਇੱਕ ਪਾਸੇ, ਸਾਲ 2020 ਵਿੱਚ, ਭਾਰਤ ਨੇ ਖੇਲ ਮਹਾਕੁੰਭ ‘ਟੋਕੀਓ ਉਲੰਪਿਕ’ ਵਿੱਚ ਆਪਣਾ ਪਹਿਲਾ ਐਥਲੈਟਿਕਸ ਸੋਨ ਤਗਮਾ ਜਿੱਤ ਕੇ ਉਲੰਪਿਕ ਇਤਿਹਾਸ ਵਿੱਚ ਸਰਵੋਤਮ ਪ੍ਰਦਰਸ਼ਨ ਕੀਤਾ ਅਤੇ ਕੁਸ਼ਤੀ, ਵੇਟਲਿਫਟਿੰਗ, ਬੈਡਮਿੰਟਨ, ਮੁੱਕੇਬਾਜ਼ੀ ਵਰਗੀਆਂ ਵੱਖ-ਵੱਖ ਖੇਡਾਂ ਵਿੱਚ ਤਗਮਿਆਂ ਸਮੇਤ ਕੁੱਲ 7 ਤਗਮੇ ਜਿੱਤੇ। ਇਸ ਦੇ ਨਾਲ ਹੀ ਹਾਕੀ ਸਮੇਤ ਹੋਰ ਖੇਡਾਂ ਦੀਆਂ ਵੱਖ-ਵੱਖ ਵਿਸ਼ਵ ਚੈਂਪੀਅਨਸ਼ਿਪ ’ਚ ਭਾਰਤ ਨੇ ਲਗਾਤਾਰ ਆਪਣੇ ਪ੍ਰਦਰਸ਼ਨ ’ਚ ਸੁਧਾਰ ਕੀਤਾ ਹੈ, ਜਿਸ ਕਾਰਨ ਭਾਰਤ ਦੇ ਉਲੰਪਿਕ ਖੇਡਾਂ ’ਚ ਤਗਮਾ ਸੂਚੀ ’ਚ ਟਾਪ-10 ’ਚ ਸ਼ਾਮਲ ਹੋਣ ਦੀ ਚਰਚਾ/ਅਫਵਾਹ ਤੇਜ਼ ਹੋ ਗਈ ਹੈ।

ਜ਼ਿਕਰਯੋਗ ਹੈ ਕਿ ਪੰਜ ਵਾਰ ਦੇ ਵਿਸ਼ਵ ਚੈਂਪੀਅਨ ਕਾਰਲ ਮੈਗਨਸ ਨੇ ਕਿਹਾ ਕਿ ਭਾਰਤ ਲਗਾਤਾਰ ਗ੍ਰੈਂਡ ਮਾਸਟਰ ਪੈਦਾ ਕਰ ਰਿਹਾ ਹੈ। ਇਹ ਭਾਰਤ ਵਿੱਚ ਸ਼ਤਰੰਜ ਦੀ ਕ੍ਰਾਂਤੀ ਦੀ ਸ਼ੁਰੂਆਤ ਹੈ। ਟੋਕੀਓ ਉਲੰਪਿਕ ’ਚ ਭਾਰਤੀ ਗੋਲਫਰ ਅਦਿਤੀ ਅਸ਼ੋਕ ਦੇ ਬੇਮਿਸਾਲ ਪ੍ਰਦਰਸ਼ਨ ਅਤੇ ਦੀਕਸ਼ਾ ਡਾਗਰ ਅਤੇ ਹੋਰ ਗੋਲਫਰਾਂ ਦੇ ਹਾਲ ’ਚ ਪ੍ਰਦਰਸ਼ਨ ਨੂੰ ਦੇਖਦੇ ਹੋਏ ਸਾਬਕਾ ਭਾਰਤੀ ਗੋਲਫਰ ਜੀਵ ਮਿਲਖਾ ਸਿੰਘ ਨੇ ਕਿਹਾ ਹੈ ਕਿ ਇੱਕ ਖੇਡ ਦੇ ਤੌਰ ’ਤੇ ਗੋਲਫ ਦਾ ਭਾਰਤ ’ਚ ਵੀ ਉਜਵਲ ਭਵਿੱਖ ਹੈ। ਸਾਬਕਾ ਬਲੈਕ ਬੈਲਟ ਟ੍ਰੇਨਰ-ਖਿਡਾਰੀ ਨਾਮਦੇਵ ਸ਼ਿਰਗਾਂਵਕਰ ਨੇ ਕਿਹਾ ਹੈ ਕਿ ਮੌਜੂਦਾ ਸਮੇਂ ਵਿੱਚ ਬਹੁਤ ਸਾਰੇ ਲੋਕ ਤਾਈਕਵਾਂਡੋ ਬਾਰੇ ਨਹੀਂ ਜਾਣਦੇ ਹੋ ਸਕਦੇ ਹਨ, ਪਰ ਭਵਿੱਖ ਵਿੱਚ ਅਜਿਹਾ ਨਹੀਂ ਹੋਵੇਗਾ ਅਤੇ ਉਸ ਸਮੇਂ ਸਾਰੇ ਲੋਕ ਤਾਈਕਵਾਂਡੋ ਨੂੰ ਜਾਣਦੇ ਹੋਣਗੇ।

ਜ਼ਿਕਰਯੋਗ ਹੈ ਕਿ ਭਾਰਤ ਨੇ ਪਿਛਲੇ ਕੁਝ ਸਾਲਾਂ ਵਿੱਚ ਕਈ ਵੱਡੇ ਸਫਲ ਖੇਡ ਮੁਕਾਬਲਿਆਂ ਦਾ ਆਯੋਜਨ ਕੀਤਾ ਹੈ। ਜਿਸ ਕਾਰਨ ਦੇਸ਼ ਅਤੇ ਇਸ ਦੇ ਨੌਜਵਾਨ ਕ੍ਰਿਕਟ, ਹਾਕੀ, ਕੁਸ਼ਤੀ, ਕਬੱਡੀ ਅਤੇ ਸ਼ੂਟਿੰਗ ਵਰਗੀਆਂ ਨਾਮੀ ਖੇਡਾਂ ਤੋਂ ਇਲਾਵਾ ਹੁਣ ਜੂਡੋ, ਤਲਵਾਰਬਾਜ਼ੀ, ਤੈਰਾਕੀ, ਵਾਲੀਬਾਲ, ਹੈਂਡਬਾਲ, ਮੁੱਕੇਬਾਜ਼ੀ, ਕੁਰਸ਼ ਆਦਿ ਵਰਗੀਆਂ ਅਣਜਾਣ ਖੇਡਾਂ ਖੇਡਣ ਲੱਗ ਪਏ ਹਨ। ਸਗੋਂ ਦੇਸ਼ ਦੇ ਨੌਜਵਾਨ ਵੀ ਖੇਡਾਂ ਨੂੰ ਕੈਰੀਅਰ ਵਜੋਂ ਦੇਖਣ ਲੱਗ ਪਏ ਹਨ।

ਭਾਰਤ ਸਰਕਾਰ ਨੇ ਸਾਲ 2023-24 ਵਿੱਚ ਖੇਡਾਂ ਦੇ ਬਜਟ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਦੋਹਰੇ ਅੰਕਾਂ (11%) ਦਾ ਵਾਧਾ ਕਰਕੇ 3397 ਕਰੋੜ ਰੁਪਏ ਕਰ ਦਿੱਤਾ ਹੈ, ਜੋ ਕਿ ਖੇਡਾਂ ਪ੍ਰਤੀ ਸਰਕਾਰ ਦੀ ਦਿਲਚਸਪੀ ਅਤੇ ਨੀਤੀ ਨੂੰ ਸਪੱਸ਼ਟ ਰੂਪ ਵਿੱਚ ਦਰਸਾਉਂਦਾ ਹੈ। ਸਾਲ 2004-05 ਵਿੱਚ ਇਹੀ ਬਜਟ ਸਿਰਫ਼ 466 ਕਰੋੜ ਰੁਪਏ ਸੀ। ਇੱਕ ਦੇਸ਼ ਦਾ ਖੇਡ ਬਜਟ ਅਤੇ ਖੇਡਾਂ ਦੀ ਸਫਲਤਾ ਇੱਕ ਦੂਜੇ ਦੇ ਪੂਰਕ ਹਨ। ਜਿਸ ਤਰ੍ਹਾਂ ਦੇਸ਼ ਦਾ ਖੇਡ ਬਜਟ ਹੋਵੇਗਾ, ਉੱਥੇ ਖੇਡ ਬੁਨਿਆਦੀ ਢਾਂਚਾ ਅਤੇ ਖੇਡ ਪ੍ਰਤਿਭਾ ਦੀ ਪਛਾਣ ਅਤੇ ਮਦਦ ਕੀਤੀ ਜਾਵੇਗੀ, ਜੋ ਅੰਤਰਰਾਸ਼ਟਰੀ ਮੰਚਾਂ ’ਤੇ ਤਗਮੇ ਜਿੱਤ ਕੇ ਦੇਸ਼ ਦਾ ਨਾਂਅ ਰੌਸ਼ਨ ਕਰਨਗੇ।

ਹੁਣ ਭਾਰਤ ਦੀਆਂ ਨਜ਼ਰਾਂ ਸਾਲ 2036 ਦੀਆਂ ਉਲੰਪਿਕ ਖੇਡਾਂ ’ਤੇ ਟਿਕੀਆਂ ਹੋਈਆਂ ਹਨ, ਹਾਲਾਂਕਿ ਵਿਕਟੋਰੀਆ (ਆਸਟਰੇਲੀਆ) ਵੱਲੋਂ ਇਸ ਟੂਰਨਾਮੈਂਟ ਨੂੰ ਰੱਦ ਕਰਨ ਤੋਂ ਬਾਅਦ ਭਾਰਤ ਕੋਲ ਰਾਸ਼ਟਰਮੰਡਲ ਖੇਡਾਂ, 2026 ਦੇ ਆਯੋਜਨ ਦਾ ਮੌਕਾ ਹੈ, ਪਰ ਖੇਡ ਮੰਤਰੀ ਅਨੁਰਾਗ ਠਾਕੁਰ ਅਨੁਸਾਰ ਭਾਰਤ ਹੁਣ ਸਭ ਤੋਂ ਵੱਡੇ ਸਪੋਰਟਸ ਈਵੈਂਟ ਦੀ ਮੇਜ਼ਬਾਨੀ ਕਰਨ ਲਈ ਤਿਆਰੀ ਕਰ ਰਿਹਾ ਹੈ। ਪਿਛਲੇ ਸਾਲ ਕੇਂਦਰੀ ਖੇਡ ਮੰਤਰੀ ਅਨੁਰਾਗ ਠਾਕੁਰ ਨੇ ਸਪੱਸ਼ਟ ਕੀਤਾ ਸੀ ਕਿ ਭਾਰਤ 2036 ਵਿੱਚ ਉਲੰਪਿਕ ਦੇ ਆਯੋਜਨ ਲਈ ਨਿਲਾਮੀ ਵਿੱਚ ਹਿੱਸਾ ਲਵੇਗਾ। ਜ਼ਿਕਰਯੋਗ ਹੈ ਕਿ 2032 ਤੱਕ ਉਲੰਪਿਕ ਲਈ ਸ਼ਹਿਰ ਦੇ ਸਲਾਟ ਪਹਿਲਾਂ ਹੀ ਤੈਅ ਹੋ ਚੁੱਕੇ ਹਨ। ਭਾਰਤ ਤੋਂ ਇਲਾਵਾ ਬ੍ਰਿਟੇਨ, ਮਿਸਰ, ਇੰਡੋਨੇਸ਼ੀਆ ਅਤੇ ਦੱਖਣੀ ਅਫਰੀਕਾ ਵੀ 2036 ਵਿੱਚ ਉਲੰਪਿਕ ਖੇਡਾਂ ਕਰਵਾਉਣ ਦੀ ਯੋਜਨਾ ਬਣਾ ਰਹੇ ਹਨ, ਕੋਰੀਆ ਨੇ ਵੀ ਦਿਲਚਸਪੀ ਦਿਖਾਈ ਹੈ। ਦੇਸ਼ ਦੇ ਗੁਜਰਾਤ ਰਾਜ ਕੋਲ ਅਜਿਹੇ ਵੱਡੇ ਖੇਡ ਸਮਾਗਮਾਂ ਦਾ ਆਯੋਜਨ ਕਰਨ ਦੀ ਤਾਕਤ ਹੈ, ਜਿੱਥੇ ਅਹਿਮਦਾਬਾਦ ਕੋਲ ਦੁਨੀਆਂ ਦਾ ਸਭ ਤੋਂ ਵੱਡਾ ਕ੍ਰਿਕਟ ਮੈਦਾਨ, ਵੱਖ-ਵੱਖ ਖੇਡ ਕੰਪਲੈਕਸ-ਇਨਕਲੇਵ, ਹੋਟਲ ਅਤੇ ਬਿਹਤਰ ਬੁਨਿਆਦੀ ਢਾਂਚਾ ਹੈ।

ਨਵੀਂ ਦਿੱਲੀ-ਨੋਇਡਾ ਤੋਂ ਇਲਾਵਾ ਭਾਰਤ ਕੋਲ ਹੁਣ ਭੁਵਨੇਸ਼ਵਰ-ਰੂਰਕੇਲਾ, ਬੇਂਗਲੂਰੂ, ਅਹਿਮਦਾਬਾਦ ਅਤੇ ਭੋਪਾਲ ਵਰਗੇ ਸ਼ਹਿਰ ਹਨ, ਜੋ ਵੱਡੇ ਖੇਡ ਮੁਕਾਬਲਿਆਂ ਲਈ ਢੁਕਵੇਂ ਹਨ। ਇਸ ਕਾਰਨ ਹੀ ਹੁਣ ਅੰਦਾਜ਼ੇ ਲਗਾਏ ਜਾ ਰਹੇ ਹਨ ਕਿ ਆਉਣ ਵਾਲੇ ਸਮੇਂ ਵਿੱਚ ਭਾਰਤ ਵਿਸ਼ਵ ਦੀ ਇੱਕ ਵੱਡੀ ਖੇਡ ਸ਼ਕਤੀ ਬਣ ਸਕਦਾ ਹੈ।

# ਰੁਜ਼ਗਾਰ ਦਾ ਸਾਧਨ ਬਣਦੀਆਂ ਜਾ ਰਹੀਆਂ ਨੇ ਖੇਡਾਂ

## ਖੇਡਾਂ ਨਾਲ ਉੱਭਰਦੇ ਹਨ ਸਬਰ, ਸਹਿਣਸ਼ੀਲਤਾ, ਇਮਾਨਦਾਰੀ ਅਤੇ ਵਫ਼ਾਦਾਰੀ ਵਰਗੇ ਗੁਣ





ਮਨੁੱਖੀ ਜੀਵਨ ਵਿੱਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਅਤੇ ਤਣਾਅ ਹੁੰਦੇ ਹਨ। ਲੋਕ ਤਰ੍ਹਾਂ-ਤਰ੍ਹਾਂ ਦੀਆਂ ਚਿੰਤਾਵਾਂ ਵਿੱਚ ਘਿਰੇ ਹੋਏ ਹਨ। ਖੇਡਾਂ ਸਾਨੂੰ ਇਨ੍ਹਾਂ ਸਮੱਸਿਆਵਾਂ, ਤਣਾਅ ਅਤੇ ਚਿੰਤਾਵਾਂ ਤੋਂ ਮੁਕਤ ਕਰਦੀਆਂ ਹਨ। ਜੋ ਲੋਕ ਖੇਡਾਂ ਨੂੰ ਜੀਵਨ ਦਾ ਜ਼ਰੂਰੀ ਅੰਗ ਮੰਨਦੇ ਹਨ, ਉਹ ਜੀਵਨ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨ ਦੇ ਯੋਗ ਹੁੰਦੇ ਹਨ।ਸੰਤ ਰਾਮਕ੍ਰਿਸ਼ਨ ਪਰਮਹੰਸ ਕਹਿੰਦੇ ਹਨ ਕਿ ਪਰਮਾਤਮਾ ਨੇ ਸੰਸਾਰ ਨੂੰ ਖੇਡ-ਖੇਡ ਵਿੱਚ ਬਣਾਇਆ ਹੈ। ਭਾਵ ਰੱਬ ਨੂੰ ਖੇਡਾਂ ਬਹੁਤ ਪਸੰਦ ਹਨ। ਫਿਰ ਇਨਸਾਨ ਖੇਡਾਂ, ਰੱਬ ਦੀ ਰਚਨਾ ਤੋਂ ਦੂਰ ਕਿਉਂ ਰਹੇ ? ਖੇਡਾਂ ਖੇਡਣ ਨਾਲ ਹੀ ਲੋਕ ਜਾਣ ਸਕਦੇ ਹਨ ਕਿ ਜ਼ਿੰਦਗੀ ਇੱਕ ਖੇਡ ਹੈ। ਜ਼ਿੰਦਗੀ ਨੂੰ ਜ਼ਿਆਦਾ ਗੰਭੀਰ ਅਤੇ ਤਣਾਅਪੂਰਨ ਨਹੀਂ ਬਣਾਉਣਾ ਚਾਹੀਦਾ। ਜੇਕਰ ਹਰ ਕੋਈ ਹੱਸਦਿਆਂ-ਖੇਡਦਿਆਂ ਜੀਵਨ ਬਤੀਤ ਕਰੇ ਤਾਂ ਦੁਨੀਆਂ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਦੂਰ ਹੋ ਜਾਣਗੀਆਂ। ਇਸ ਲਈ ਖੇਡਾਂ ਦਾ ਜੀਵਨ ਵਿੱਚ ਅਹਿਮ ਸਥਾਨ ਹੋਣਾ ਚਾਹੀਦਾ ਹੈ। ਜਿਥੇ ਖੇਡਾਂ ਦੇ ਅਨੇਕਾਂ ਗੁਣ ਹਨ, ਉਥੇ ਹੁਣ ਖੇਡ ਜਗਤ ਵਿੱਚ ਵੀ ਨੌਜਵਾਨਾਂ ਨੂੰ ਚੰਗਾ ਰੁਜ਼ਗਾਰ ਮਿਲਦਾ ਹੈ। ਇਸ ਤਰਾਂ ਖੇਡ-ਖੇਡ ਵਿੱਚ ਹੀ ਨੌਜਵਾਨ ਬੇਰੁਜ਼ਗਾਰ ਤੋਂ ਰੁਜ਼ਗਾਰ ਵਾਲੇ ਬਣ ਜਾਂਦੇ ਹਨ ਅਤੇ ਹੋਰਨਾਂ ਨੂੰ ਰੁਜ਼ਗਾਰ ਦੇਣ ਦੇ ਯੋਗ ਹੋ ਜਾਂਦੇ ਹਨ। ਅੱਜ ਕੱਲ੍ਹ ਚੰਗੇ ਖਿਡਾਰੀਆਂ ਨੂੰ ਬਹੁਤ ਇੱਜ਼ਤ ਮਿਲਦੀ ਹੈ। ਉਸ ਨੂੰ ਧਨ ਵੀ ਬਹੁਤ ਮਿਲਦਾ ਹੈ। ਸਰਕਾਰੀ ਅਤੇ ਪ੍ਰਾਈਵੇਟ ਸੰਸਥਾਵਾਂ ਉਨ੍ਹਾਂ ਨੂੰ ਚੰਗੀਆਂ ਨੌਕਰੀਆਂ ’ਤੇ ਰੱਖਦੀਆਂ ਹਨ। ਉਨ੍ਹਾਂ ਨੂੰ ਸਮਾਜ ਵਿੱਚ ਬਣਦਾ ਸਤਿਕਾਰ ਮਿਲਦਾ ਹੈ। ਉਪਰੋਕਤ ਕਾਰਨਾਂ ਕਰਕੇ ਖੇਡਾਂ ਦੀ ਮਹੱਤਤਾ ਦਿਨੋਂ-ਦਿਨ ਵਧਦੀ ਜਾ ਰਹੀ ਹੈ।

ਖੇਡਾਂ ਸਰੀਰ ਨੂੰ ਸਿਹਤਮੰਦ ਕਰਦੀਆਂ ਹਨ। ਇਹ ਸਰੀਰ ਦੇ ਵੱਖ-ਵੱਖ ਅੰਗਾਂ ਦੇ ਸਹੀ ਕੰਮ ਕਰਨ ਵਿੱਚ ਮਦਦਗਾਰ ਹੁੰਦੀਆਂ ਹਨ। ਖੇਡਣ ਨਾਲ ਸਰੀਰ ਦੀ ਕਸਰਤ ਹੁੰਦੀ ਹੈ ਅਤੇ ਸਰੀਰ ’ਚ ਜਮ੍ਹਾ ਪਾਣੀ ਪਸੀਨੇ ਦੇ ਰੂਪ ’ਚ ਬਾਹਰ ਨਿਕਲਦਾ ਹੈ। ਖੇਡਾਂ ਸਰੀਰ ਅਤੇ ਮਨ ਨੂੰ ਤਾਜ਼ਗੀ ਪ੍ਰਦਾਨ ਕਰਦੀਆਂ ਹਨ। ਇਸ ਕਾਰਨ ਮਾਸਪੇਸ਼ੀਆਂ ਚੰਗੀ ਤਰ੍ਹਾਂ ਬਣ ਜਾਂਦੀਆਂ ਹਨ। ਮਨ ਵਿੱਚੋਂ ਬੋਰੀਅਤ ਦੂਰ ਕਰਨ ਅਤੇ ਮਨ ਨੂੰ ਖ਼ੁਸ਼ੀ ਦੇਣ ਵਿੱਚ ਖੇਡਾਂ ਤੋਂ ਵੱਡੀ ਭੂਮਿਕਾ ਸ਼ਾਇਦ ਹੋਰ ਕੋਈ ਨਹੀਂ ਨਿਭਾਉਂਦੀ। ਇਹੀ ਕਾਰਨ ਹੈ ਕਿ ਵੱਖ-ਵੱਖ ਸਮਾਜਾਂ ਅਤੇ ਦੇਸ਼ਾਂ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ ਨੂੰ ਕਾਫ਼ੀ ਮਹੱਤਵ ਦਿੱਤਾ ਜਾਂਦਾ ਹੈ। ਸਕੂਲਾਂ ਅਤੇ ਹੋਰ ਉੱਚ ਸਿੱਖਿਆ ਸੰਸਥਾਵਾਂ ਵਿੱਚ ਖੇਡਾਂ ਨੂੰ ਸਿੱਖਿਆ ਦਾ ਇੱਕ ਜ਼ਰੂਰੀ ਅੰਗ ਮੰਨਿਆ ਜਾਂਦਾ ਹੈ। ਖੇਡਾਂ ਨਾਲ ਸਬੰਧਿਤ ਕਈ ਤਰ੍ਹਾਂ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਸਕੂਲਾਂ ਵਿੱਚ ਸਾਲਾਨਾ ਖੇਡ ਮੇਲੇ ਕਰਵਾਏ ਜਾਂਦੇ ਹਨ। ਵੱਡੀ ਗਿਣਤੀ ਸਕੂਲਾਂ ਵਿੱਚ ਹਰ ਰੋਜ਼ ਇੱਕ ਖੇਡ ਪੀਰੀਅਡ ਹੁੰਦਾ ਹੈ। ਖੇਡ ਟ੍ਰੇਨਰ ਇਸ ਪੀਰੀਅਡ ਵਿੱਚ ਬੱਚਿਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ ਖੇਡਣਾ ਸਿਖਾਉਂਦੇ ਹਨ। ਬੱਚੇ ਉਤਸ਼ਾਹ ਨਾਲ ਖੇਡਦੇ ਹਨ ਅਤੇ ਤਣਾਅ ਤੋਂ ਮੁਕਤ ਹੋ ਜਾਂਦੇ ਹਨ ਅਤੇ ਦੁਬਾਰਾ ਪੜ੍ਹਾਈ ’ਤੇ ਧਿਆਨ ਦਿੰਦੇ ਹਨ।

ਖੇਡਾਂ ਦੀ ਮਹੱਤਤਾ ਨੂੰ ਦੇਖਦੇ ਹੋਏ ਵਿਸ਼ਵ ਭਰ ਵਿੱਚ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਜਾਂਦੇ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਡਾ ਮੁਕਾਬਲਾ ਉਲੰਪਿਕ ਖੇਡਾਂ ਹੈ, ਜੋ ਹਰ ਚਾਰ ਸਾਲ ਬਾਅਦ ਕਰਵਾਈਆਂ ਜਾਂਦੀਆਂ ਹਨ। ਇਨ੍ਹਾਂ ਤੋਂ ਇਲਾਵਾ ਵਿਸ਼ਵ ਕੱਪ ਕ੍ਰਿਕਟ, ਵਿਸ਼ਵ ਕੱਪ ਫੁਟਬਾਲ, ਵਿਸ਼ਵ ਕੱਪ ਸ਼ਤਰੰਜ ਆਦਿ ਦੇ ਮੁਕਾਬਲੇ ਵੀ ਸਮੇਂ-ਸਮੇਂ ’ਤੇ ਕਰਵਾਏ ਜਾਂਦੇ ਹਨ। ਹਰ ਚਾਰ ਸਾਲ ਬਾਅਦ ਹੋਣ ਵਾਲੀਆਂ ਏਸ਼ੀਅਨ ਖੇਡਾਂ ਏਸ਼ੀਆਈ ਮਹਾਂਦੀਪ ਦਾ ਸਭ ਤੋਂ ਵੱਡਾ ਆਯੋਜਨ ਹੈ। ਵੱਖ-ਵੱਖ ਖੇਡ ਮੁਕਾਬਲਿਆਂ ਦਾ ਆਯੋਜਨ ਦੁਨੀਆਂ ਭਰ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਦਾ ਹੈ। ਲੋਕ ਖੇਡਾਂ ਵਿੱਚ ਜ਼ਿਆਦਾ ਦਿਲਚਸਪੀ ਲੈਣ ਲੱਗਦੇ ਹਨ। ਜਦੋਂ ਤੋਂ ਖੇਡਾਂ ਵਿੱਚ ਰੁਜ਼ਗਾਰ ਦੇ ਮੌਕੇ ਵਧੇ ਹਨ, ਉਦੋਂ ਤੋਂ ਹੀ ਨੌਜਵਾਨਾਂ ਵਿੱਚ ਖੇਡਾਂ ਵਿੱਚ ਹਿੱਸਾ ਲੈਣ ਦੀ ਰੁਚੀ ਵਧੀ ਹੈ।

# ਲੋਕ ਮਨ ਨੂੰ ਭਾਉਣ ਵਾਲੇ ਗਾਇਕ ਅਤੇ ਗੀਤ





ਜਗਦੇਵ ਸ਼ਰਮਾ





ਗੱਲ ਉਨ੍ਹਾਂ ਵੇਲਿਆਂ ਦੀ ਕਰਾਂਗਾ ਜਦੋਂ ਦੋ ਮੰਜੇ ਜੋੜ ਕੇ ਸਪੀਕਰ ਲਾਉਣ ਦਾ ਜ਼ਮਾਨਾ ਹੁੰਦਾ ਸੀ। ਸਮਾਗਮ ਜਿਹੋ ਜਿਹਾ ਵੀ ਮਰਜ਼ੀ ਹੁੰਦਾ, ਉਸ ਦੀ ਸ਼ੁਰੂਆਤ ਉਸਤਾਦ ਯਮਲਾ ਜੱਟ ਦੇ ਗਾਏ ਧਾਰਮਿਕ ਗੀਤ 'ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਐ, ਨੀਝਾਂ ਲਾ ਲਾ ਵੇਹੰਦੀ ਦੁਨੀਆਂ ਸਾਰੀ ਐ' ਜਾਂ 'ਜੰਗਲ ਦੇ ਵਿੱਚ ਖੂਹਾ ਲਵਾਦੇ, ਉੱਤੇ ਪਵਾਦੇ ਡੋਲ, ਓ ਸਖੀਆ ਨਾਮ ਸਾਈਂ ਦਾ ਈ ਬੋਲ' ਨਾਲ ਹੀ ਹੋਇਆ ਕਰਦੀ ਸੀ। ਇਸ ਗੀਤ ਤੋਂ ਇਲਾਵਾ ਹੋਰ ਬਹੁਤ ਸਾਰੇ ਸਦਾਬਹਾਰ ਗੀਤਾਂ ਦੇ ਨਾਲ ਨਾਲ ਯਮਲਾ ਜੱਟ ਨੂੰ ਉਸ ਦੇ ਗੀਤ 'ਤੇਰੇ ਨੀਂ ਕਰਾਰਾਂ ਮੈਨੂੰ ਪੱਟਿਆ, ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ' ਕਾਰਨ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਜਾਂਦਾ ਰਹੇਗਾ।

ਪੰਜਾਬੀ ਗਾਇਕੀ ਵਿੱਚ ਦੂਜਾ ਨੰਬਰ ਸੁਰਾਂ ਦੀ ਮਲਿਕਾ ਸੁਰਿੰਦਰ ਕੌਰ ਦਾ ਆਉਂਦਾ ਹੈ। 'ਲੈ ਦੇ ਮੈਨੂੰ ਮਖਮਲ ਦੀ, ਪੱਖੀ ਘੁੰਗਰੂਆਂ ਵਾਲੀ', 'ਜੁੱਤੀ ਕਸੂਰੀ, ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ', 'ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ', 'ਇੱਕ ਮੇਰੀ ਅੱਖ ਕਾਸ਼ਨੀ', 'ਕਿਨ੍ਹਾ ਜੰਮੀਆਂ ਕਿਨ੍ਹਾ ਨੇ ਲੈ ਜਾਣੀਆਂ', 'ਇਨ੍ਹਾਂ ਅੱਖੀਆਂ 'ਚ ਪਾਵਾਂ ਕਿਵੇਂ ਕਜਲਾ, ਅੱਖੀਆਂ 'ਚ ਤੂੰ ਵੱਸਦਾ' ਅਤੇ ਆਪਣੀ ਭੈਣ ਪ੍ਰਕਾਸ਼ ਕੌਰ ਨਾਲ ਰਲ ਕੇ ਗਾਇਆ ਗਾਣਾ 'ਅੱਜ ਦੀ ਦਿਹਾੜੀ ਰੱਖ ਡੋਲੀ ਨੀਂ ਮਾਂ, ਰਹਾਂ ਬਾਪ ਦੀ ਬਣ ਕੇ ਗੋਲੀ ਨੀਂ ਮਾਂ' ਵਰਗੇ ਗੀਤ ਪੰਜਾਬ ਦੇ ਲੋਕ ਗੀਤ ਬਣ ਗਏ। ਸੁਰਿੰਦਰ ਕੌਰ ਦੇ ਗਾਏ ਗੀਤਾਂ ਦੀ ਸੂਚੀ ਐਨੀ ਲੰਮੀ ਹੈ ਕਿ ਲੇਖਕਾਂ ਨੇ ਕਿਤਾਬਾਂ ਲਿਖ ਰੱਖੀਆਂ ਹਨ। 'ਜੇ ਮੁੰਡਿਆ ਸਾਡੀ ਤੋਰ ਤੂੰ ਵੇਖਣੀ, ਗੜਵਾ ਲੈ ਦੇ ਚਾਂਦੀ ਦਾ, ਵੇ ਲੱਕ ਹਿੱਲੇ ਮਜਾਜ਼ਣ ਜਾਂਦੀ ਦਾ', 'ਹੋਇਆ ਕੀ ਜੇ ਕੁੜੀ ਐਂ ਤੂੰ ਦਿੱਲੀ ਸ਼ਹਿਰ ਦੀ, ਨੀਂ ਮੈਂ ਵੀ ਜੱਟ ਲੁਧਿਆਣੇ ਦਾ', 'ਬੋਤਾ ਹੌਲੀ ਤੋਰ ਮਿੱਤਰਾ, ਵੇ ਮੇਰਾ ਨਰਮ ਕਾਲਜਾ ਧੜਕੇ' ਅਤੇ 'ਆ ਗਿਆ ਵਣਜ਼ਾਰਾ ਨੀਂ, ਚੜ੍ਹਾ ਲੈ ਭਾਬੀ ਚੂੜੀਆਂ' ਸਮੇਤ ਆਪਣੇ ਸਮਕਾਲੀ ਗਾਇਕ ਹਰਚਰਨ ਗਰੇਵਾਲ ਨਾਲ ਜੋੜੀ ਬਣਾ ਕੇ ਸੁਰਿੰਦਰ ਕੌਰ ਦੇ ਗਾਏ ਗੀਤ ਅੱਜ ਵੀ ਝੂਮਣ ਲਾ ਦਿੰਦੇ ਹਨ। 'ਅੜੀ ਵੇ ਅੜੀ, ਲੱਗੀ ਸੌਣ ਦੀ ਝੜੀ', 'ਦੁੱਧ ਪੀ ਲੈ ਬਾਲਮਾ ਵੇ ਮੈਂ ਕਦੋਂ ਦੀ ਖੜ੍ਹੀ' ਪ੍ਰਕਾਸ਼ ਕੌਰ ਦਾ ਗਾਇਆ ਗੀਤ ਸੌਣ ਵਿਚਲੇ ਰੁਮਾਂਟਿਕ ਮੌਸਮ ਦੀ ਬਾਤ ਪਾਉਂਦਾ ਹੈ।

ਗਾਇਕਾ ਨਰਿੰਦਰ ਬੀਬਾ ਨੇ ਗਾਇਕੀ ਦੇ ਖੇਤਰ ਵਿੱਚ ਭਰਪੂਰ ਯੋਗਦਾਨ ਪਾਇਆ ਹੈ। ਉਸ ਦੇ ਗਾਏ ਗੀਤ 'ਚਾਰ ਦਿਨ ਮੌਜਾਂ ਮਾਣ ਕੇ, ਲਾ ਕੇ ਦੁੱਖਾਂ ਦੇ ਸਮੁੰਦਰਾਂ 'ਚ ਤਾਰੀ', 'ਆਹ ਲੈ ਮਾਏ ਸਾਂਭ ਕੁੰਜੀਆਂ, ਧੀਆਂ ਕਰ ਚੱਲੀਆਂ ਸਰਦਾਰੀ', 'ਮਾਵਾਂ ਧੀਆਂ ਮਿਲਣ ਲੱਗੀਆਂ ਚਾਰੇ ਕੰਧਾਂ ਨੇ ਚੁਬਾਰੇ ਦੀਆਂ ਹੱਲੀਆਂ' ਸੁਣ ਕੇ ਅੱਜ ਵੀ ਡੋਲੀ ਤੋਰਨ ਵਾਲੇ ਪਰਿਵਾਰ ਦਾ ਮਨ ਪਸੀਜ ਜਾਂਦਾ ਹੈ। 'ਚੰਨ ਮਾਤਾ ਗੁਜਰੀ ਦਾ', 'ਰਣ ਗਗਨ ਦਮਾਮਾ ਵੱਜਿਆ', 'ਸਿੰਘੋ ਸਰਦਾਰੋ, ਕੋਈ ਵੈਰੀ ਚੜ੍ਹ ਕੇ ਆ ਗਿਆ ਤੁਸੀਂ ਜਾ ਲਲਕਾਰੋ', 'ਤੇਰੀਆਂ ਮੁਹੱਬਤਾਂ ਨੇ ਮਾਰ ਸੁੱਟਿਆ, ਦੱਸ ਕੀ ਕਰਾਂ', 'ਵੇ ਅਸਾਂ ਨ੍ਹੀਂ ਕਨੌੜ ਝੱਲਣੀ, ਗੱਲ ਸੋਚ ਕੇ ਕਰੀਂ ਤੂੰ ਜ਼ੈਲਦਾਰਾ', 'ਦਰ 'ਤੇ ਮਸ਼ੀਨ ਚੱਲਦੀ, ਸਾਡਾ ਖੌਸੜਾ ਚੱਕੀ ਨੂੰ ਹੱਥ ਲਾਉਂਦਾ','ਚਿੱਟੀਆਂ ਕਪਾਹ ਦੀਆਂ ਫੁੱਟੀਆਂ, ਹਾੜ੍ਹਾ ਨੀਂ ਪੱਤ ਹਰੇ ਹਰੇ, ਆਖੀਂ ਨੀਂ ਨਣਾਨੇ ਤੇਰੇ ਵੀਰ ਨੂੰ ਕਦੇ ਤਾਂ ਭੈੜਾ ਹੱਸਿਆ ਕਰੇ' ਵਰਗੇ ਗੀਤ ਅੱਜ ਵੀ ਸਾਰਥਕ ਹਨ।

'ਏਧਰ ਕਣਕਾਂ ਓਧਰ ਕਣਕਾਂ, ਵਿੱਚ ਕਣਕਾਂ ਦੇ ਬੂਰ ਪਿਆ, ਮੁਟਿਆਰੇ ਜਾਣਾ ਦੂਰ ਪਿਆ' ਆਸਾ ਸਿੰਘ ਮਸਤਾਨਾ ਦੀ ਵਿਲੱਖਣ ਆਵਾਜ਼ ਦਾ ਨਮੂਨਾ ਹੈ। ਫਿਰ ਦੌਰ ਆਇਆ ਹੰਸ ਰਾਜ ਹੰਸ, ਗੁਰਦਾਸ ਮਾਨ, ਹਰਭਜਨ ਮਾਨ , ਬੱਬੂ ਮਾਨ ਵਰਗਿਆਂ ਦਾ। ਹੰਸ ਰਾਜ ਹੰਸ ਦਾ ਗਇਆ ਗੀਤ 'ਜਿਹੜੀ ਨੱਚੂਗੀ ਸਾਡੇ ਨਾਲ, ਓਹਨੂੰ ਦਿਲ ਵੀ ਦਿਆਂਗੇ' ਅੱਜ ਵੀ ਆਰਕੈਸਟਰਾ ਦੀ ਸ਼ਾਨ ਬਣਦਾ ਹੈ। ਕਿਸੇ ਵੇਲੇ ਨੌਜਵਾਨੀ ਦੇ ਦਿਲਾਂ ਦੀ ਧੜਕਣ ਗੁਰਦਾਸ ਮਾਨ ਨੇ ਆਪਣੇ ਵਿਲੱਖਣ ਅੰਦਾਜ਼ ਵਿੱਚ ਗਾਇਕੀ ਨੂੰ ਨਵਾਂ ਰੂਪ ਦਿੱਤਾ। 'ਮਾਮਲਾ ਗੜਬੜ ਹੈ' ਤੋਂ ਸ਼ੁਰੂ ਹੋ ਕੇ ਹੋਰ ਸੈਂਕੜੇ ਸੱਭਿਆਚਾਰਕ ਗੀਤਾਂ ਦੇ ਨਾਲ ਉਹ 'ਗੱਲ ਚਾਂਦੀ ਦੇ ਰੁਪਈਏ ਵਾਂਗੂੰ ਟਣਕੇ' ਤੱਕ ਪਹੁੰਚਿਆ। ਉਸ ਦਾ ਗਾਇਆ ਛੱਲਾ ਗੁਰਦਾਸ ਮਾਨ ਦੀ ਗਾਇਕੀ ਦਾ ਸਿਖਰ ਹੋ ਨਿੱਬੜਿਆ। 'ਚਿੱਠੀਏ ਨੀਂ ਚਿੱਠੀਏ, ਹੰਝੂਆਂ ਨਾਲ ਲਿਖੀਏ' ਗੀਤ ਗਾ ਕੇ ਹਰਭਜਨ ਮਾਨ ਨੇ ਨਾਂ ਕਮਾਇਆ। 'ਲੱਗੀ ਸੌਣ ਦੀ ਝੜੀ' ਨਾਲ ਬੱਬੂ ਮਾਨ ਨੇ ਆਪਣਾ ਯੋਗਦਾਨ ਪਾਇਆ।

ਆਪਣੀ ਟੁਣਕਵੀਂ ਆਵਾਜ਼ ਲਈ ਮਸ਼ਹੂਰ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਨੇ 'ਮਾਂ ਹੁੰਦੀ ਏ ਮਾਂ ਓਏ ਦੁਨੀਆਂ ਵਾਲਿਓ', 'ਨੀਂ ਮੈਂ ਚਾਦਰ ਕੱਢਦੀ ਨੀਂ, ਉੱਤੇ ਪਾਵਾਂ ਵੇਲਾਂ', 'ਮੇਰੀ ਰੰਗਲੀ ਚਰਖੀ ਨੀਂ' ਆਦਿ ਗਾਣਿਆਂ ਨਾਲ ਸੁਰੀਲੇ ਗਾਇਕਾਂ ਵਿੱਚ ਨਾ ਲਿਖਵਾਇਆ। ਇਨ੍ਹਾਂ ਗਾਇਕਾਂ ਤੋਂ ਪਹਿਲਾਂ 'ਮਿੱਤਰਾਂ ਦੀ ਲੂਣ ਦੀ ਡਲੀ, ਨੀਂ ਤੂੰ ਮਿਸਰੀ ਬਰੋਬਰ ਜਾਣੀ' 'ਕੱਸੀ 'ਤੇ ਵਜਾਵੇ ਵੰਝਲੀ, ਮੁੰਡਾ ਔਸਰਾਂ ਝੋਟੀਆਂ ਚਾਰੇ' ਗਾ ਕੇ ਕਰਮਜੀਤ ਧੂਰੀ ਨੇ ਗਾਇਕੀ ਵਿੱਚ ਧੁੰਮਾਂ ਪਾਈਆਂ। 'ਭੱਠੀ ਉੱਤੇ ਖੜ੍ਹ ਚੰਨਾ, ਦਾਣੇ ਮੈਂ ਭੁਨਾਉਂਦੀਆਂ, 'ਤੇਰੀਆਂ ਖਿੱਲਾਂ ਤੇ ਮੇਰੇ ਰੋੜ ਮੁੰਡਿਆ' ਅਤੇ 'ਖੱਟੀ ਮਿਹਨਤ ਦੀ, ਤੰਗਲੀ ਨਾਲ ਉਡਾਵੇਂ' ਗੀਤ ਗਾ ਕੇ ਪਿਛਲੀ ਸਦੀ ਦੇ ਸੱਤਰਵਿਆਂ ਵਿੱਚ ਗੁਰਦਿਆਲ ਨਿਰਮਾਣ ਅਤੇ ਨਰਿੰਦਰ ਬੀਬਾ ਨੇ ਅਖਾੜਿਆਂ ਰਾਹੀਂ ਖੂਬ ਨਾਂ ਕਮਾਇਆ। ਡੋਲੀ, ਘੋੜੀਆਂ, ਜੁਗਨੀ ਅਤੇ ਲੰਮੀ ਹੇਕ ਵਿੱਚ ਮਿਰਜ਼ਾ ਗਾ ਕੇ ਆਪਣੀ ਗਾਇਕੀ ਦਾ ਸਿੱਕਾ ਮਨਾਉਣ ਵਾਲੀ ਗੁਰਮੀਤ ਬਾਵਾ ਵੀ ਇਨ੍ਹਾਂ ਸਮਿਆਂ ਦੀ ਹੀ ਗਾਇਕਾ ਸੀ।

'ਘੱਗਰੇ ਦੀ ਵੇ ਲੌਣ ਭਿੱਜ ਗਈ' ਵਾਲਾ ਦੀਦਾਰ ਸੰਧੂ ਅਮਰ ਨੂਰੀ ਨਾਲ ਦੋਗਾਣੇ ਗਾ ਕੇ 20ਵੀਂ ਸਦੀ ਦਾ ਮਸ਼ਹੂਰ ਗਾਇਕ ਹੋ ਨਿੱਬੜਿਆ। ਸੁਰਜੀਤ ਬਿੰਦਰੱਖੀਏ ਦਾ ਆਪਣਾ ਅੰਦਾਜ਼ ਸੀ। 'ਮਾਂ ਮੈਂ ਮੁੜ ਨੀਂ ਪੇਕੇ ਆਉਣਾ, ਪੇਕੇ ਹੁੰਦੇ ਮਾਵਾਂ ਨਾਲ', 'ਤੂੰ ਨੀਂ ਬੋਲਦੀ ਰਕਾਨੇ ਤੂੰ ਨੀਂ ਬੋਲਦੀ, ਤੇਰੇ 'ਚ ਤੇਰੇ ਯਾਰ ਬੋਲਦਾ' ਅਤੇ ਉਸ ਦਾ ਅਖੀਰਲਾ ਗਾਣਾ 'ਮੈਂ ਤਿੜਕੇ ਘੜੇ ਦਾ ਪਾਣੀ' ਉਸ ਦੀ ਗਾਇਕੀ ਦਾ ਸਿਖਰ ਸੀ।

ਦੋਗਾਣਿਆਂ ਦੀ ਗੱਲ ਕੀਤੀ ਜਾਵੇ ਤਾਂ ਮੁਹੰਮਦ ਸਦੀਕ ਅਤੇ ਰਣਜੀਤ ਕੌਰ, ਅਮਰ ਚਮਕੀਲਾ ਤੇ ਅਮਰਜੋਤ ਦੀ ਜੋੜੀ ਦਾ ਆਪਣਾ ਹੀ ਸਥਾਨ ਸੀ। 'ਸਰਪੰਚ' ਫਿਲਮ ਵਿਚਲਾ ਗੀਤ 'ਨਈਓਂ ਭੁੱਲਣਾ ਵਿਛੋੜਾ ਮੈਨੂੰ ਤੇਰਾ, ਨੀਂ ਸਾਰੇ ਦੁੱਖ ਭੁੱਲ ਜਾਣਗੇ' ਅਤੇ 'ਮਿੱਤਰਾਂ ਨੇ ਫੁੱਲ ਮਾਰਿਆ, ਸਾਡੀ ਰੂਹ ਅੰਬਰਾਂ ਤੱਕ ਰੋਈ' ਗਾ ਕੇ ਮੁਹੰਮਦ ਸਦੀਕ ਅਤੇ ਬਾਬੇ ਨਾਨਕ ਦੀ ਘੋੜੀ ਗਾ ਕੇ ਰਣਜੀਤ ਕੌਰ ਨੇ ਆਪਣੀ ਪੁਖਤਾ ਗਾਇਕੀ ਦਾ ਸਬੂਤ ਦਿੱਤਾ। ਅਮਰ ਚਮਕੀਲਾ ਨੇ 'ਸਾਥੋਂ ਬਾਬਾ ਖੋਹ ਲਿਆ, ਤੇਰਾ ਨਨਕਾਣਾ' ਗਾ ਕੇ ਬਾਬੇ ਦੇ ਘਰ ਹਾਜ਼ਰੀ ਲਗਵਾਈ।

ਮਿਸ ਪੂਜਾ ਨੇ 21ਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਅਣਗਿਣਤ ਗਾਇਕਾਂ ਨਾਲ ਜੋੜੀਆਂ ਬਣਾ ਕੇ ਦੋਗਾਣੇ ਗਾਏ। ਆਉਣ ਵਾਲੇ ਸਮੇਂ ਵਿੱਚ ਪਾਣੀ ਦੀ ਸਮੱਸਿਆ ਦੀ ਗੱਲ ਕਰਦਾ ਉਸ ਦਾ ਗਾਇਆ ਗੀਤ 'ਪਾਣੀ ਹੋ ਗਏ ਡੂੰਘੇ, ਝੋਨਾ ਲਾਉਣਾ ਹੀ ਛੱਡ ਦੇਣਾ' ਬਹੁਤ ਪਸੰਦ ਕੀਤਾ ਗਿਆ। ਬਹੁਤ ਸਾਰੇ ਗਾਇਕ ਇੱਕ ਦੋ ਗਾਣਿਆਂ ਨਾਲ ਸਟਾਰ ਗਾਇਕ ਬਣ ਗਏ। 'ਪਾਣੀ ਵਿੱਚ ਮਾਰਾਂ ਡੀਟਾਂ' ਅਤੇ 'ਮੇਰੇ ਚਰਖੇ ਦੀ ਟੁੱਟ ਗਈ ਮਾਹਲ, ਵੇ ਚੰਨ ਕੱਤਾਂ ਕਿ ਨਾ' ਨੇ ਹਾਕਮ ਸੂਫ਼ੀ, 'ਕੋਕਾ ਘੜਵਾਦੇ, ਵੇ ਮਾਹੀਆ ਕੋਕਾ' ਗੀਤ ਨੇ ਸਰਬਜੀਤ,

(ਬਾਕੀ ਸਫ਼ਾ 31 'ਤੇ)

# ਡਾਕਟਰ ਬਣਨਾ ਚਾਹੁੰਦੀ ਸੀ ਪੂਨਮ ਢਿੱਲੋਂ



ਸਿਰਫ਼ 16 ਸਾਲ ਦੀ ਉਮਰ ਵਿੱਚ ਮਿਸ ਯੰਗ ਇੰਡੀਆ ਦਾ ਖਿਤਾਬ ਜਿੱਤਣਾ ਅਤੇ ਫ਼ਿਰ ਯਸ਼ ਚੋਪੜਾ ਦੀ ਮਲਟੀ-ਸਟਾਰਰ ਫ਼ਿਲਮ 'ਤ੍ਰਿਸ਼ੂਲ' ਨਾਲ ਡੈਬਿਊ ਕਰਨਾ ਕੋਈ ਛੋਟੀ ਗੱਲ ਨਹੀਂ ਹੈ ? ਉਹ ਵੀ ਉਸ ਕੁੜੀ ਲਈ ਜਿਸ ਦਾ ਪਰਿਵਾਰ ਫ਼ਿਲਮਾਂ ਵੀ ਨਹੀਂ ਦੇਖਦਾ। ਇਹ ਕੁੜੀ ਸੀ 80 ਦੇ ਦਹਾਕੇ ਦੀ ਮਸ਼ਹੂਰ ਅਦਾਕਾਰਾ ਪੂਨਮ ਢਿੱਲੋਂ। ਪੂਨਮ ਪਿਛਲੇ 46 ਸਾਲਾਂ ਤੋਂ ਇੰਡਸਟਰੀ ਵਿੱਚ ਸਰਗਰਮ ਹੈ। ਹਾਲਾਂਕਿ ਆਪਣੇ ਕਰੀਅਰ 'ਚ 90 ਫ਼ਿਲਮਾਂ ਕਰਨ ਤੋਂ ਬਾਅਦ ਵੀ ਉਨ੍ਹਾਂ ਨੂੰ ਹੁਣ ਤੱਕ ਕੋਈ ਐਵਾਰਡ ਨਹੀਂ ਮਿਲਿਆ ਹੈ।

ਪੂਨਮ ਦਾ ਜਨਮ 1962 'ਚ ਕਾਨਪੁਰ, ਯੂਪੀ 'ਚ ਹੋਇਆ ਸੀ। ਉਸਦੇ ਪਿਤਾ ਅਮਰੀਕ ਸਿੰਘ ਭਾਰਤੀ ਹਵਾਈ ਸੈਨਾ ਵਿੱਚ ਇੱਕ ਇੰਜੀਨੀਅਰ ਸਨ ਅਤੇ ਮਾਤਾ ਗੁਰਚਰਨ ਕੌਰ ਇੱਕ ਸਕੂਲ ਪ੍ਰਿੰਸੀਪਲ ਸਨ। ਕੁਝ ਸਾਲਾਂ ਬਾਅਦ ਜਦੋਂ ਉਸ ਦੇ ਪਿਤਾ ਦੀ ਬਦਲੀ ਹੋ ਗਈ ਤਾਂ ਪੂਨਮ ਆਪਣੇ ਪਰਿਵਾਰ ਨਾਲ ਚੰਡੀਗੜ੍ਹ ਪਹੁੰਚ ਗਈ। ਇੱਥੇ ਉਸਨੇ ਕਾਰਮਲ ਕਾਨਵੈਂਟ ਸਕੂਲ ਤੋਂ ਆਪਣੀ ਪੜ੍ਹਾਈ ਸ਼ੁਰੂ ਕੀਤੀ। ਪਰਿਵਾਰ ਵਿੱਚ ਫ਼ਿਲਮਾਂ ਦੇਖਣ ਦੀ ਮਨਾਹੀ ਸੀ, ਪੂਨਮ ਕਦੇ ਵੀ ਐਕਟਿੰਗ ਦੇ ਖੇਤਰ ਵਿੱਚ ਆਪਣਾ ਕੈਰੀਅਰ ਨਹੀਂ ਬਣਾਉਣਾ ਚਾਹੁੰਦੀ ਸੀ। ਉਸ ਦਾ ਪੂਰਾ ਧਿਆਨ ਪੜ੍ਹਾਈ 'ਤੇ ਸੀ ਅਤੇ ਉਹ ਡਾਕਟਰ ਬਣਨਾ ਚਾਹੁੰਦੀ ਸੀ। ਇੱਕ ਇੰਟਰਵਿਊ 'ਚ ਇਸ ਦਾ ਕਾਰਨ ਦੱਸਦੇ ਹੋਏ ਪੂਨਮ ਨੇ ਕਿਹਾ ਸੀ- 'ਮੇਰੇ ਪਰਿਵਾਰ 'ਚ ਫ਼ਿਲਮਾਂ ਦੇਖਣ ਦੀ ਮਨਾਹੀ ਸੀ। 16 ਸਾਲ ਦੀ ਉਮਰ ਤੱਕ ਮੈਂ ਸਿਰਫ਼ 3 ਫ਼ਿਲਮਾਂ ਦੇਖੀਆਂ ਸਨ। ਮੈਂ ਨਾ ਤਾਂ ਫ਼ਿਲਮਾਂ ਬਾਰੇ ਜ਼ਿਆਦਾ ਜਾਣਦੀ ਸੀ ਅਤੇ ਨਾ ਹੀ ਮੈਨੂੰ ਇਸ ਖੇਤਰ ਵਿੱਚ ਦਿਲਚਸਪੀ ਸੀ।'




ਰਾਜੇਸ਼ ਖੰਨਾ ਦੇ ਸਟਾਰਡਮ ਨੂੰ ਮਹਿਸੂਸ ਕਰਨ ਲਈ ਪੂਨਮ ਵੀ ਆਪਣੇ ਦੋਸਤਾਂ ਨਾਲ ਸ਼ੂਟਿੰਗ ਦੇਖਣ ਗਈ ਸੀ। ਪੂਨਮ ਇੰਨੀ ਖ਼ੂਬਸੂਰਤ ਸੀ ਕਿ ਸੈੱਟ 'ਤੇ ਸਕੂਲੀ ਵਰਦੀ ਵਿੱਚ ਖੜ੍ਹੀਆਂ ਕੁੜੀਆਂ ਦੀ ਭੀੜ ਦੇ ਵਿਚਕਾਰ ਵੀ ਕਾਕਾ ਨੇ ਉਸ ਨੂੰ ਦੇਖਿਆ। ਕਾਕੇ ਨੇ ਪੂਨਮ ਨੂੰ ਆਪਣੇ ਕੋਲ ਬੁਲਾਇਆ ਅਤੇ ਕਿਹਾ ਕਿ ਤੁਹਾਡੀਆਂ ਅੱਖਾਂ ਬਹੁਤ ਸੁੰਦਰ ਹਨ। ਬਾਅਦ 'ਚ ਪੂਨਮ ਨੇ ਰਾਜੇਸ਼ ਖੰਨਾ ਨਾਲ 'ਰੈੱਡ ਰੋਜ਼', 'ਦਰਦ' ਅਤੇ 'ਆਵਾਮ' ਸਮੇਤ 6 ਫ਼ਿਲਮਾਂ ਕੀਤੀਆਂ। 16 ਸਾਲ ਦੀ ਉਮਰ 'ਚ ਮਿਸ ਯੰਗ ਇੰਡੀਆ ਬਣੀ। ਇਸ ਤੋਂ ਬਾਅਦ 1978 'ਚ ਪੂਨਮ ਨੇ 16 ਸਾਲ ਦੀ ਉਮਰ 'ਚ ਮਿਸ ਇੰਡੀਆ ਮੁਕਾਬਲੇ 'ਚ ਹਿੱਸਾ ਲਿਆ। ਇੱਕ ਇੰਟਰਵਿਊ ਵਿੱਚ, ਉਸਨੇ ਦੱਸਿਆ ਸੀ ਕਿ ਉਹ ਅਜਿਹੇ ਸ਼ੋਅ ਦੀ ਪੜਚੋਲ ਕਰਨਾ ਚਾਹੁੰਦੀ ਸੀ ਅਤੇ ਅਜਿਹਾ ਕਰਨ ਦਾ ਇੱਕੋ ਇੱਕ ਤਰੀਕਾ ਸੀ ਉਹਨਾਂ ਵਿੱਚ ਹਿੱਸਾ ਲੈਣਾ। ਪੂਨਮ ਨੇ ਆਪਣੇ ਮਾਤਾ-ਪਿਤਾ ਨੂੰ ਦੱਸੇ ਬਿਨਾਂ ਇਸ ਮੁਕਾਬਲੇ ਵਿੱਚ ਹਿੱਸਾ ਲਿਆ ਅਤੇ ਮਿਸ ਯੰਗ ਇੰਡੀਆ ਦਾ ਖਿਤਾਬ ਜਿੱਤਿਆ। ਇਸ ਇਵੈਂਟ 'ਚ ਮਸ਼ਹੂਰ ਨਿਰਦੇਸ਼ਕ ਯਸ਼ ਚੋਪੜਾ ਨੇ ਪੂਨਮ ਨੂੰ ਦੇਖਿਆ ਅਤੇ ਉਨ੍ਹਾਂ ਨੇ ਉਸ ਨੂੰ 'ਤ੍ਰਿਸ਼ੂਲ' ਵਰਗੀ ਮਲਟੀ-ਸਟਾਰਰ ਫ਼ਿਲਮ ਦੀ ਪੇਸ਼ਕਸ਼ ਕੀਤੀ। ਪਹਿਲਾਂ ਪੂਨਮ ਨੇ ਇਸ ਫ਼ਿਲਮ 'ਚ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਹ ਅਭਿਨੇਤਰੀ ਨਹੀਂ ਬਣਨਾ ਚਾਹੁੰਦੀ ਸੀ ਪਰ ਯਸ਼ ਚੋਪੜਾ ਦੇ ਜ਼ੋਰ ਪਾਉਣ 'ਤੇ ਉਸ ਨੇ ਸਾਈਨ ਕਰ ਲਿਆ। ਆਪਣੀ ਪਹਿਲੀ ਫ਼ਿਲਮ ਵਿੱਚ ਇੱਕ ਸਵਿਮ ਸੂਟ ਪਹਿਨਿਆ, ਅਮਿਤਾਭ-ਸ਼ਸ਼ੀ ਕਪੂਰ ਨਾਲ ਕੰਮ ਕੀਤਾ, ਪੂਨਮ ਨੇ 1978 ਵਿੱਚ ਰਿਲੀਜ਼ ਹੋਈ 'ਤ੍ਰਿਸ਼ੂਲ' ਨਾਲ ਇੱਕ ਅਭਿਨੇਤਰੀ ਦੇ ਰੂਪ ਵਿੱਚ ਡੈਬਿਊ ਕੀਤਾ। ਫ਼ਿਲਮ ਵਿੱਚ ਅਮਿਤਾਭ ਬੱਚਨ, ਸ਼ਸ਼ੀ ਕਪੂਰ, ਸੰਜੀਵ ਕੁਮਾਰ, ਰਾਖੀ, ਹੇਮਾ ਮਾਲਿਨੀ ਅਤੇ ਵਹੀਦਾ ਰਹਿਮਾਨ ਵਰਗੇ ਕਲਾਕਾਰ ਸਨ। ਪੂਨਮ ਨੇ ਫ਼ਿਲਮ ਵਿੱਚ ਸ਼ਸ਼ੀ ਕਪੂਰ ਦੀ ਭੈਣ ਦੀ ਭੂਮਿਕਾ ਨਿਭਾਈ ਸੀ ਅਤੇ ਉਸ ਦੇ ਸਹਿ-ਕਲਾਕਾਰ ਸਚਿਨ ਪਿਲਗਾਂਵਕਰ ਸਨ। ਪੂਨਮ ਨੇ ਆਪਣੀ ਪਹਿਲੀ ਫ਼ਿਲਮ ਵਿੱਚ ਸਵਿਮ ਸੂਟ ਪਾਇਆ ਸੀ। ਫ਼ਿਲਮਾਂ 'ਚ ਆਉਣ ਤੋਂ ਬਾਅਦ ਉਨ੍ਹਾਂ ਦੀ ਮਾਂ ਨੇ 5 ਸਾਲ ਤੱਕ ਉਨ੍ਹਾਂ ਨਾਲ ਗੱਲ ਨਹੀਂ ਕੀਤੀ, ਇੱਕ ਇੰਟਰਵਿਊ 'ਚ ਪੂਨਮ ਨੇ ਕਿਹਾ ਸੀ, 'ਜਦੋਂ ਮੈਂ ਇੰਡਸਟਰੀ 'ਚ ਆਈ ਤਾਂ ਇਹ ਮੇਰੀ ਮਾਂ ਲਈ ਬਹੁਤ ਹੈਰਾਨ ਕਰਨ ਵਾਲਾ ਸੀ। ਇਸਨੂੰ ਸਵੀਕਾਰ ਕਰਨ ਵਿੱਚ ਉਸਨੂੰ 5 ਸਾਲ ਲੱਗ ਗਏ। ਉਸਨੇ ਮੇਰੇ ਨਾਲ ਗੱਲ ਵੀ ਨਹੀਂ ਕੀਤੀ। ਮੈਨੂੰ ਸ਼ੂਟ 'ਤੇ ਲੈ ਜਾਣ ਲਈ ਉਸ ਨੂੰ ਮਨਾਉਣ 'ਚ ਕਾਫ਼ੀ ਸਮਾਂ ਲੱਗਾ। ਸਾਲਾਂ ਬਾਅਦ ਜਦੋਂ ਉਸ ਨੇ ਦੇਖਿਆ ਕਿ ਮੈਨੂੰ ਇਸ ਕੈਰੀਅਰ ਤੋਂ ਧਿਆਨ ਅਤੇ ਸਨਮਾਨ ਦੋਵੇਂ ਮਿਲ ਰਹੇ ਹਨ ਤਾਂ ਉਸ ਨੂੰ ਅਹਿਸਾਸ ਹੋਇਆ ਕਿ ਇਹ ਕੈਰੀਅਰ ਵੀ ਮਾੜਾ ਨਹੀਂ ਸੀ।



## ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦਾ ਆਈ.ਟੀ.

ਹੰਸ ਰਾਜ ਹੰਸ ਨੇ ਆਖਿਆ ਕਿ ਸਿਰਫ਼ ਮੈਨੂੰ ਦਲਿਤ ਤੇ ਗਰੀਬ ਹੋਣ ਕਾਰਣ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨਾਂ ਵੱਲੋਂ ਭਾਜਪਾ ਉਮੀਦਵਾਰ ਸੁਸ਼ੀਲ ਰਿੰਕੂ ਦਾ ਜਲੰਧਰ ਵਿਖੇ ਵਿਰੋਧ ਕੀਤਾ ਗਿਆ। ਭਾਜਪਾ ਉਮੀਦਵਾਰ ਜਦੋਂ ਸ਼ਾਮ ਨੂੰ ਨਕੋਦਰ ਵਿੱਚ ਡਾ. ਭੀਮ ਰਾਓ ਅੰਬੇਡਕਰ ਚੌਕ ਵਿੱਚ ਸ਼ਰਧਾਂਜਲੀ ਭੇਟ ਕਰ ਰਹੇ ਸਨ ਤਾਂ ਕਿਸਾਨਾਂ ਨੇ ਉਨ੍ਹਾਂ ਦਾ ਤਿੱਖਾ ਵਿਰੋਧ ਕੀਤਾ। ਕਿਸਾਨਾਂ ਵੱਲੋਂ ਕੀਤੇ ਜਾ ਰਹੇ ਵਿਰੋਧ ਨੂੰ ਦੇਖਦਿਆਂ ਭਾਜਪਾ ਉਮੀਦਵਾਰ ਰਿੰਕੂ ਦੇ ਹਮਾਇਤੀ ਵੀ ਨਰਿੰਦਰ ਮੋਦੀ ਜ਼ਿੰਦਾਬਾਦ ਦੇ ਨਾਅਰੇ ਲਾਉਣ ਲੱਗ ਪਏ। ਕਿਸਾਨਾਂ ਦੇ ਹੱਥਾਂ ਵਿੱਚ ਕਾਲੀਆਂ ਝੰਡੀਆਂ ਫੜੀਆਂ ਹੋਈਆਂ ਸਨ। ਭਾਜਪਾ ਉਮੀਦਵਾਰ ਸੁਸ਼ੀਲ ਕੁਮਾਰ ਨੇ ਦਲਿਤ ਪੱਤਾ ਖੇਡਦਿਆਂ ਦਲਿਤ ਸਮਾਜ ਨੂੰ ਸੱਦਾ ਦਿੱਤਾ ਕਿ ਉਹ ਕਿਸਾਨਾਂ ਦਾ ਬਾਈਕਾਟ ਕਰਨ। ਉਨ੍ਹਾਂ ਇੱਥੋਂ ਤੱਕ ਕਿਹਾ ਕਿ ਇਹ ਕਿਸਾਨ ਨਹੀਂ ਗੁੰਡੇ ਹਨ। ਉਨ੍ਹਾਂ ਕਿਹਾ, "ਉਹ ਡਾ. ਭੀਮ ਰਾਓ ਅੰਬੇਡਕਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਆਏ ਸਨ, ਇਹ ਗੁੰਡੇ ਸਾਨੂੰ ਰੋਕ ਰਹੇ ਸਨ।" ਦੋਹਾਂ ਧਿਰਾਂ ਵਿੱਚ ਵਧੇ ਤਣਾਅ ਨੂੰ ਪੁਲਿਸ ਨੇ ਬੜੀ ਮੁਸ਼ਕਿਲ ਨਾਲ ਸ਼ਾਂਤ ਕਰਵਾਇਆ।

ਪਿਛਲੇ ਸਾਲ ਕੁਸ਼ਤੀ ਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਣ 'ਤੇ ਪਹਿਲਵਾਨਾਂ ਵੱਲੋਂ ਛੇੜ-ਛਾੜ ਅਤੇ ਸਰੀਰਕ ਸ਼ੋਸ਼ਣ ਦੇ ਗੰਭੀਰ ਦੋਸ਼ ਲਾਏ ਗਏ ਸਨ, ਪਰ ਭਾਜਪਾ ਆਈ.ਟੀ. ਸੇਲ ਦੁਆਰਾ ਸ਼ਿਕਾਰ ਹੋਏ ਸੰਘਰਸ਼ਸ਼ੀਲ ਖਿਡਾਰੀਆਂ ਨੂੰ ਬਹੁਤ ਬਦਨਾਮ ਕੀਤਾ ਗਿਆ ਸੀ ਅਤੇ ਕੁਸ਼ਤੀ ਸੰਘ ਦੇ ਮੁਖੀ ਬ੍ਰਿਜ ਭੂਸ਼ਣ ਦੇ ਬਚਾਅ ਵਿੱਚ ਕਈ ਪੋਸਟਾਂ ਖੁੱਲ੍ਹੇਆਮ ਕੀਤੀਆਂ ਗਈਆਂ ਸਨ ਅਤੇ ਇਹਨਾਂ ਨੂੰ ਵੱਡੇ ਪੱਧਰ 'ਤੇ ਪ੍ਰਸਾਰਿਤ ਕੀਤਾ ਗਿਆ ਸੀ।।

ਪਿਛਲੇ ਸਾਲਾਂ ਵਿੱਚ ਅਸੀਂ ਲਗਾਤਾਰ ਦੇਖਿਆ ਹੈ ਕਿ ਕਿਵੇਂ ਆਰ.ਐਸ.ਐਸ.-ਭਾਜਪਾ ਦੇ ਆਈ.ਟੀ. ਸੈਲ ਨੇ ਆਪਣੇ ਫਿਰਕੂ ਏਜੰਡੇ ਨੂੰ ਅੱਗੇ ਵਧਾਉਣ ਲਈ ਜਾਅਲੀ ਖ਼ਬਰਾਂ ਦਾ ਸਹਾਰਾ ਲਿਆ, ਜਿਸ ਨੂੰ ਅੱਗੇ ਵਟਸਐਪ ਅਤੇ ਹੋਰ ਸੋਸ਼ਲ ਮੀਡੀਆ ਸੰਸਥਾਵਾਂ ਰਾਹੀਂ ਲੱਖਾਂ ਲੋਕਾਂ ਤੱਕ ਫੈਲਾਇਆ ਗਿਆ। ਇਨ੍ਹਾਂ ਫ਼ਰਜ਼ੀ ਖ਼ਬਰਾਂ ਨੂੰ ਮੁੱਖ ਤੌਰ 'ਤੇ ਮੁਸਲਮਾਨਾਂ ਵਿਰੁੱਧ ਨਫ਼ਰਤ ਫੈਲਾਉਣ, ਵਿਰੋਧੀ ਪਾਰਟੀਆਂ ਨੂੰ ਬਦਨਾਮ ਕਰਨ, ਮੋਦੀ ਸਰਕਾਰ ਵਿਰੁੱਧ ਸੰਘਰਸ਼ਾਂ ਨੂੰ ਬਦਨਾਮ ਕਰਨ ਅਤੇ ਸਮਾਜ ਸੇਵਕਾਂ ਦੇ ਅਕਸ ਨੂੰ ਖਰਾਬ ਕਰਨ ਲਈ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਭਾਜਪਾ-ਸੰਘ ਦਾ ਇਹ ਝੂਠਾ ਪ੍ਰਚਾਰ ਨਮੋ ਐਪ, ਵਟਸਐਪ, ਫ਼ੇਸਬੁੱਕ, ਇੰਸਟਾਗ੍ਰਾਮ ਆਦਿ ਮਾਧਿਅਮਾਂ ਰਾਹੀਂ ਕਰੋੜਾਂ ਲੋਕਾਂ ਤੱਕ ਫੈਲਾਇਆ ਜਾ ਰਿਹਾ ਹੈ। ਇੱਕ ਕਰੋੜ ਤੋਂ ਵੱਧ ਲੋਕ ਨਮੋ ਐਪ ਦੀ ਵਰਤੋਂ ਕਰਦੇ ਹਨ। ਹਰ ਰੋਜ਼ ਝੂਠੀਆਂ ਖ਼ਬਰਾਂ ਦਾ ਹੜ੍ਹ ਆ ਰਿਹਾ ਹੈ। ਫਿਰਕੂ ਜਾਂ ਅੰਧਵਿਸ਼ਵਾਸ ਨਾਲ ਭਰੀਆਂ ਖ਼ਬਰਾਂ ਲੋਕਾਂ ਤੱਕ ਪਹੁੰਚਾਈਆਂ ਜਾਂਦੀਆਂ ਹਨ। ਭਾਜਪਾ ਆਪਣੇ ਇਸ ਵੱਡੇ ਤਾਣੇ-ਬਾਣੇ ਨੂੰ ਆਈ.ਟੀ. ਸੇਲ ਵੀ ਚੋਣਾਂ ਦੌਰਾਨ ਇਸ ਦੀ ਬਹੁਤ ਜ਼ੋਰਦਾਰ ਵਰਤੋਂ ਕਰਦੀ ਹੈ।

ਵਰਲਡ ਇਕਨਾਮਿਕ ਫ਼ੋਰਮ ਦੀ ਇੱਕ ਰਿਪੋਰਟ ਮੁਤਾਬਕ 2019 ਦੀਆਂ ਚੋਣਾਂ ਵਿੱਚ ਭਾਰਤ 'ਚ ਲਗਭਗ 80 ਫ਼ੀਸਦੀ ਵੋਟਰ ਕਿਸੇ ਹੱਦ ਤੱਕ ਝੂਠੀਆਂ ਖ਼ਬਰਾਂ ਦਾ ਸ਼ਿਕਾਰ ਹੋਏ ਸਨ ਅਤੇ ਹੁਣ 2024 ਦੀਆਂ ਚੋਣਾਂ 'ਚ ਅਜਿਹੀਆਂ ਝੂਠੀਆਂ ਖ਼ਬਰਾਂ ਫੈਲਾਉਣ ਦਾ ਰੁਝਾਨ ਕਾਫ਼ੀ ਵਧ ਗਿਆ ਹੈ। ਵਟਸਐਪ ਯੂਨੀਵਰਸਿਟੀ ਰਾਹੀਂ ਦੇਸ਼ ਦੇ ਨੌਜਵਾਨਾਂ ਨੂੰ ਕਿਹਾ ਜਾ ਰਿਹਾ ਹੈ ਕਿ 2024 ਦੀਆਂ ਚੋਣਾਂ ਵਿੱਚ 'ਮੋਦੀ ਲਿਆਓ, ਰਾਮ ਰਾਜ ਵਿੱਚ ਯੋਗਦਾਨ ਪਾਓ'। ਝੂਠੀਆਂ ਖ਼ਬਰਾਂ ਦੇ ਇਸ ਰੌਲੇ ਵਿੱਚ ਸੰਘ ਦੇ ਹਾਕਮ ਲੋਕਾਂ ਦੇ ਕਈ ਮੁੱਦਿਆਂ ਜਿਵੇਂ ਸਿੱਖਿਆ, ਰੁਜ਼ਗਾਰ, ਮਹਿੰਗਾਈ, ਨਿੱਜੀਕਰਨ, ਜਮਹੂਰੀ ਹੱਕਾਂ ਦਾ ਸੰਕੁਚਿਤ ਕਰਨਾ, ਪੱਤਰਕਾਰਾਂ ਤੇ ਮਜ਼ਦੂਰਾਂ 'ਤੇ ਹਮਲੇ ਆਦਿ ਨੂੰ ਪੂਰੀ ਤਰ੍ਹਾਂ ਦਬਾਉਣ ਦਾ ਜ਼ੋਰਦਾਰ ਯਤਨ ਕਰ ਰਹੇ ਹਨ। ਸੋਸ਼ਲ ਮੀਡੀਆ 'ਤੇ ਵਿਰੋਧੀ ਪਾਰਟੀਆਂ ਦੀਆਂ ਪੋਸਟਾਂ ਦੀ ਪਹੁੰਚ ਘੱਟ ਗਈ ਹੈ, ਖਾਸ ਤੌਰ 'ਤੇ ਉਹ ਪੋਸਟਾਂ ਜੋ ਭਾਜਪਾ ਸਰਕਾਰ ਦੇ ਝੂਠ ਦਾ ਪਰਦਾਫ਼ਾਸ਼ ਕਰਦੀਆਂ ਹਨ। ਹੁਣ ਤੱਕ ਮੋਦੀ ਸਰਕਾਰ ਵਿਰੋਧੀਆਂ ਦੇ ਸੋਸ਼ਲ ਮੀਡੀਆ ਅਕਾਊਂਟ ਦੀ ਵੱਡੀ ਗਿਣਤੀ ਬੰਦ ਕਰਾ ਚੁੱਕੀ ਹੈ। ਇੱਕ ਪਾਸੇ ਭਾਜਪਾ ਸਰਕਾਰ ਦੇਸ਼ ਵਿੱਚ ਝੂਠ ਫੈਲਾ ਰਹੀ ਹੈ, ਦੂਜੇ ਪਾਸੇ ਇਹਨਾਂ ਝੂਠੀਆਂ ਖ਼ਬਰਾਂ ਦਾ ਪਰਦਾਫ਼ਾਸ਼ ਕਰਨ ਵਾਲੇ ਲੋਕ ਪੱਖੀ ਪੱਤਰਕਾਰਾਂ ਖ਼ਿਲਾਫ਼ ਝੂਠੇ ਕੇਸ ਦਰਜ ਕੀਤੇ ਜਾ ਰਹੇ ਹਨ। ਖਾਸ ਤੌਰ 'ਤੇ ਭਾਜਪਾ-ਆਰ.ਐਸ.ਐਸ. ਦੁਆਰਾ ਫੈਲਾਈਆਂ ਗਈਆਂ ਝੂਠੀਆਂ ਖ਼ਬਰਾਂ ਦਾ ਪਰਦਾਫ਼ਾਸ਼ ਕਰਨ ਵਾਲੀ 'ਆਲਟ ਨਿਊਜ਼' ਸੰਸਥਾ ਦੇ ਸਹਿ-ਸੰਸਥਾਪਕ ਮੁਹੰਮਦ ਜ਼ੁਬੇਰ 'ਤੇ ਹਿੰਦੂ ਸ਼ੇਰ ਸੈਨਾ ਨਾਮਕ ਸੰਗਠਨ ਨਾਲ ਜੁੜੇ ਫਿਰਕੂ ਵਿਅਕਤੀ ਦੀ ਸ਼ਿਕਾਇਤ 'ਤੇ 2022 ਦੌਰਾਨ ਧਾਰਾ 295 ਤਹਿਤ ਮਾਮਲਾ ਦਰਜ ਕੀਤਾ ਗਿਆ। ਬਾਅਦ ਵਿੱਚ ਵਿਦੇਸ਼ੀ ਫ਼ੰਡਿੰਗ ਦੇ ਦੋਸ਼ ਵੀ ਲਾਏ ਗਏ ਸਨ।

ਅਕਤੂਬਰ 2023 ਦੌਰਾਨ, ਯੂਏਪੀਏ ਵੱਲੋਂ 'ਨਿਊਜ਼ ਕਲਿੱਕ' ਸੰਸਥਾ ਦੇ ਸੰਸਥਾਪਕਾਂ – ਪ੍ਰਬੀਰ ਪੁਰਕਾਯਸਥ ਅਤੇ ਅਮਿਤ ਚੱਕਰਵਰਤੀ 'ਤੇ ਵਿਦੇਸ਼ੀ ਫ਼ੰਡਿੰਗ ਦਾ ਦੋਸ਼ ਲਗਾ ਕੇ ਲਗਾਇਆ ਗਿਆ ਸੀ। ਜਿਵੇਂ ਦਮਨਕਾਰੀ ਕਾਨੂੰਨ ਲਗਾ ਕੇ ਉਨ੍ਹਾਂ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਧਿਆਨ ਯੋਗ ਹੈ ਕਿ ਨਿਊਜ਼ ਕਲਿੱਕ ਇੰਸਟੀਚਿਊਟ ਵੱਖ-ਵੱਖ ਸਮਿਆਂ 'ਤੇ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਆਲੋਚਨਾ ਕਰਦਾ ਰਿਹਾ ਹੈ ਅਤੇ ਇਸ ਨੇ ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼ ਦੇ ਹੱਕ ਵਿੱਚ ਪੱਤਰਕਾਰੀ ਵੀ ਕੀਤੀ ਸੀ।

ਇਸੇ ਤਰ੍ਹਾਂ 2019 ਵਿੱਚ ਧਾਰਾ 370 ਹਟਾਏ ਜਾਣ ਤੋਂ ਬਾਅਦ ਕਸ਼ਮੀਰ ਵਿੱਚ ਜਿਸ ਤਰ੍ਹਾਂ ਪੱਤਰਕਾਰਾਂ ਨੂੰ ਚੁੱਪ ਕਰਵਾਇਆ ਗਿਆ ਹੈ, ਉਹ ਕਿਸੇ ਤੋਂ ਲੁਕਿਆ ਨਹੀਂ ਹੈ। ਹਾਲ ਹੀ ਵਿੱਚ 22 ਜਨਵਰੀ ਨੂੰ ਭਾਜਪਾ ਵੱਲੋਂ ਰਾਮ ਮੰਦਰ ਦੇ ਉਦਘਾਟਨ ਪਿੱਛੇ ਫਿਰਕੂ ਰਾਜਨੀਤੀ ਬਾਰੇ ਟਿੱਪਣੀ ਕਰਨ ਵਾਲੇ ਪੰਜਾਬ ਦੇ ਪੰਜ ਵਿਅਕਤੀਆਂ ਖ਼ਿਲਾਫ਼ ਧਾਰਾ 295-ਏ ਤਹਿਤ ਕੇਸ ਦਰਜ ਕੀਤੇ ਗਏ ਸਨ। ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਹੋਣ ਦਾ ਮਾਣ ਹਾਸਲ ਕਰਨ ਵਾਲੀ ਭਾਰਤ ਦੀ ਮੋਦੀ ਸਰਕਾਰ ਵੱਲੋਂ ਵਿਰੋਧੀ ਧਿਰ ਦੇ ਪੱਤਰਕਾਰਾਂ 'ਤੇ ਯੋਜਨਾਬੱਧ ਹਮਲੇ ਹਰ ਕੋਈ ਜਾਣਦਾ ਹੈ।

ਇਹ ਬਿਨਾਂ ਕਾਰਨ ਨਹੀਂ ਸੀ ਕਿ 2023 ਦੀ ਪ੍ਰੈਸ ਫ਼੍ਰੀਡਮ ਇੰਡੈਕਸ ਰਿਪੋਰਟ ਵਿੱਚ, ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ ਵਿੱਚ ਭਾਰਤ ਦਾ ਦਰਜਾ 180 ਦੇਸ਼ਾਂ ਵਿੱਚੋਂ 161ਵੇਂ ਸਥਾਨ 'ਤੇ ਆ ਗਿਆ ਸੀ। ਅੱਜ ਪੂਰੇ ਭਾਰਤ ਵਿੱਚ ਇਹੋ ਸਥਿਤੀ ਹੈ। ਇੱਕ ਪਾਸੇ ਗੋਦੀ ਮੀਡੀਆ ਨੈਟਵਰਕ ਲੋਕਾਂ ਨੂੰ ਆਪਸ ਵਿੱਚ ਲੜਾਉਣ ਲਈ ਦਿਨ-ਰਾਤ ਝੂਠੀਆਂ ਖ਼ਬਰਾਂ ਸੋਸ਼ਲ ਮੀਡੀਆ 'ਤੇ ਫੈਲਾ ਰਿਹਾ ਹੈ ਅਤੇ ਇਸ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ, ਸਗੋਂ ਸਰਕਾਰ ਵੱਲੋਂ ਉਨ੍ਹਾਂ ਦੀ ਪਿੱਠ ਥਪਥਪਾਈ ਜਾਂਦੀ ਹੈ; ਦੂਜੇ ਪਾਸੇ ਹੱਕ, ਸੱਚ ਅਤੇ ਇਨਸਾਫ਼ ਲਈ ਉੱਠੀ ਹਰ ਆਵਾਜ਼ ਨੂੰ ਝੂਠੇ ਦੋਸ਼ ਲਾ ਕੇ ਦਬਾਇਆ ਜਾ ਰਿਹਾ ਹੈ। ਇਸ ਦੇ ਬਾਵਜੂਦ ਜਨਤਾ ਵੱਡੇ ਪੱਧਰ 'ਤੇ ਸਰਕਾਰਾਂ ਦੀਆਂ ਅਜਿਹੀਆਂ ਲੋਕ ਵਿਰੋਧੀ ਨੀਤੀਆਂ ਦਾ ਖੁੱਲ੍ਹ ਕੇ ਵਿਰੋਧ ਕਰਦੀ ਨਜ਼ਰ ਆ ਰਹੀ ਹੈ, ਪਰ ਇਹ ਵਿਰੋਧ ਖਿੱਲਰਿਆ ਪਿਆ ਹੈ। ਅੱਜ ਲੋੜ ਹੈ ਇਸ ਖਿੰਡੇ ਹੋਏ ਜਨਤਕ ਵਿਰੋਧ ਨੂੰ ਜਥੇਬੰਦ ਕਰਕੇ ਇਨ੍ਹਾਂ ਫ਼ਾਸੀਵਾਦੀ ਤਾਕਤਾਂ ਨੂੰ ਹਰਾਉਣ ਦੀ।

***

## ਬਠਿੰਡਾ ਲੋਕ ਸਭਾ ਹਲਕਾ ਮਹਾਰਥੀ ਉਮੀਦਵਾਰਾਂ

ਸੰਸਦ ਮੈਂਬਰ ਬਣੇ। 1962 ਵਿੱਚ ਅਕਾਲੀ ਦਲ ਦੇ ਧੰਨਾ ਸਿੰਘ ਗੁਲਸ਼ਨ, 1967 ਵਿੱਚ ਅਕਾਲੀ ਦਲ ਦੇ ਕਿੱਕਰ ਸਿੰਘ, 1971 ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਭਾਨ ਸਿੰਘ ਭੌਰਾ, 1977 ਵਿੱਚ ਅਕਾਲੀ ਦਲ ਦੇ ਧੰਨਾ ਸਿੰਘ ਗੁਲਸ਼ਨ, 1980 ਵਿੱਚ ਕਾਂਗਰਸ ਦੇ ਹਾਕਮ ਸਿੰਘ, 1984 ਵਿੱਚ ਅਕਾਲੀ ਦਲ ਦੇ ਤੇਜਾ ਸਿੰਘ ਦਰਦੀ, 1989 ਵਿੱਚ ਅਕਾਲੀ ਦਲ ਅੰਮ੍ਰਿਤਸਰ ਦੇ ਸੁੱਚਾ ਸਿੰਘ ਮਲੋਆ, 1992 ਵਿੱਚ ਕਾਂਗਰਸ ਦੇ ਕੇਵਲ ਸਿੰਘ, 1996 ਵਿੱਚ ਅਕਾਲੀ ਦਲ ਦੇ ਹਰਿੰਦਰ ਸਿੰਘ ਖਾਲਸਾ, 1998 ਵਿੱਚ ਅਕਾਲੀ ਦਲ ਦੇ ਚਤਿੰਨ ਸਿੰਘ ਸਮਾਓ, 1999 ਭਾਰਤੀ ਕਮਿਊਨਿਸਟ ਪਾਰਟੀ ਦੇ ਭਾਨ ਸਿੰਘ ਭੌਰਾ, 2004 ਵਿੱਚ ਅਕਾਲੀ ਦਲ ਦੇ ਬੀਬੀ ਪਰਮਜੀਤ ਕੌਰ ਗੁਲਸ਼ਨ ਲੋਕ ਸਭਾ ਮੈਂਬਰ ਬਣੇ। ਉਪਰੰਤ 2009, 2014 ਅਤੇ 2019 ਵਿੱਚ ਲਗਾਤਾਰ ਤਿੰਨ ਵਾਰ ਅਕਾਲੀ ਦਲ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਜਿੱਤ ਪ੍ਰਾਪਤ ਕਰ ਕੇ ਸੰਸਦ ਮੈਂਬਰ ਬਣੀ। ਇਸ ਹਲਕੇ ਦੇ ਲੋਕਾਂ ਦੀ ਪਰਖ ਦੀ ਨਿਗ੍ਹਾ ਹੀ ਮੰਨੀ ਜਾ ਸਕਦੀ ਹੈ ਕਿ ਜੇ ਉਨ੍ਹਾਂ ਉੱਘੇ ਕਵੀਸ਼ਰ ਤੇ ਟਕਸਾਲੀ ਅਕਾਲੀ ਧੰਨਾ ਸਿੰਘ ਗੁਲਸ਼ਨ ਨੂੰ ਦੋ ਵਾਰ ਲੋਕ ਸਭਾ ਵਿੱਚ ਭੇਜਿਆ ਤਾਂ ਲੋਕ ਹੱਕਾਂ ਲਈ ਜੂਝਣ ਵਾਲੇ ਸੱਚੇ-ਸੁੱਚੇ ਕਮਿਊਨਿਸਟ ਆਗੂ ਭਾਨ ਸਿੰਘ ਭੌਰਾ ਨੂੰ ਵੀ ਇਹ ਮਾਣ ਬਖਸ਼ਿਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਫ਼ਤਹਿ ਸਿੰਘ ਦੇ ਹੁਕਮਾਂ 'ਤੇ ਫੁੱਲ ਚੜ੍ਹਾਉਂਦਿਆਂ ਉਨ੍ਹਾਂ ਦੇ ਅਨਪੜ੍ਹ ਡਰਾਈਵਰ ਕਿੱਕਰ ਸਿੰਘ ਨੂੰ ਮੈਂਬਰ ਪਾਰਲੀਮੈਂਟ ਬਣਾਇਆ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸੋਧਾ ਲਗਾਉਣ ਵਾਲੇ ਬੇਅੰਤ ਸਿੰਘ ਦੇ ਪਿਤਾ ਬਾਬਾ ਸੁੱਚਾ ਸਿੰਘ ਮਲੋਆ ਨੂੰ ਵੀ ਵੱਡੀ ਗਿਣਤੀ ਵਿੱਚ ਵੋਟਾਂ ਪਾ ਕੇ ਜੇਤੂ ਬਣਾਇਆ। ਸਾਲ 2009 ਵਿੱਚ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ ਨੇ ਕਾਂਗਰਸ ਦੇ ਉਮੀਦਵਾਰ ਯੁਵਰਾਜ ਰਣਇੰਦਰ ਸਿੰਘ ਨੂੰ 1,20,948 ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ। ਸਾਲ 2014 ਵਿੱਚ ਹਰਸਿਮਰਤ ਕੌਰ ਨੇ ਹੀ ਕਾਂਗਰਸ ਦੇ ਮਨਪ੍ਰੀਤ ਸਿੰਘ ਬਾਦਲ ਨੂੰ ਸਿਰਫ਼ 19,395 ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ। 2019 ਵਿੱਚ ਹਰਸਿਮਰਤ ਕੌਰ ਬਾਦਲ ਨੇ ਕਾਂਗਰਸ ਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ 21,722 ਵੋਟਾਂ ਨਾਲ ਹਰਾਇਆ, ਇਹ ਫ਼ਰਕ ਸਿਰਫ਼ 1.8 ਫ਼ੀਸਦੀ ਸੀ।

ਇਥੇ ਜ਼ਿਕਰਯੋਗ ਹੈ ਕਿ ਬਠਿੰਡਾ ਲੋਕ ਸਭਾ ਹਲਕੇ ਵਿੱਚ 9 ਵਿਧਾਨ ਸਭਾ ਹਲਕੇ ਪੈਂਦੇ ਹਨ ਜਿਨ੍ਹਾਂ ਵਿੱਚ ਅਕਾਲੀ ਦਲ ਅਤੇ ਕਾਂਗਰਸ ਦੋਵਾਂ ਦੇ ਰਲਵੇਂ-ਮਿਲਵੇਂ ਵਿਧਾਇਕ ਹੋਇਆ ਕਰਦੇ ਸਨ। ਹੁਣ ਇਨ੍ਹਾਂ ਸਾਰੇ ਵਿਧਾਨ ਸਭਾ ਹਲਕਿਆਂ ਵਿੱਚ 'ਆਪ' ਪਾਰਟੀ ਦੇ ਵਿਧਾਇਕਾਂ ਦਾ ਕਬਜ਼ਾ ਹੈ। ਇੱਥੇ ਇਹ ਵੀ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦਾ ਗੱਠਜੋੜ ਰਿਹਾ ਹੈ ਅਤੇ ਹਰਸਿਮਰਤ ਕੌਰ ਦੋਵਾਂ ਪਾਰਟੀਆਂ ਦੀਆਂ ਵੋਟਾਂ ਹਾਸਲ ਕਰਦੀ ਰਹੀ ਹੈ। ਇਸ ਵਾਰ ਇਹ ਗੱਠਜੋੜ ਟੁੱਟ ਜਾਣ ਸਦਕਾ ਭਾਜਪਾ ਨੇ ਵੱਖਰਾ ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰ ਦਿੱਤਾ ਹੈ। ਇਸ ਲਈ ਅਕਾਲੀ ਦਲ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਲਈ ਜਿੱਤ ਹਾਸਲ ਕਰਨੀ ਪਹਿਲਾਂ ਵਾਂਗ ਸੌਖੀ ਨਹੀਂ ਹੋਵੇਗੀ ਪਰ ਮੁਕਾਬਲਾ ਸਖ਼ਤ ਤੇ ਦਿਲਚਸਪ ਜ਼ਰੂਰ ਹੋਵੇਗਾ। ਪੰਜਾਬ ਵਿੱਚ ਇਹ ਸਭ ਤੋਂ ਹਾਟ ਸੀਟ ਸਮਝੀ ਜਾ ਰਹੀ ਹੈ। ਸਮੇਂ ਦੇ ਗਰਭ ਵਿੱਚ ਇਹ ਰਹੱਸ ਹੈ ਕਿ ਬਾਦਲ ਦਲ ਦੀ ਉਮੀਦਵਾਰ ਇਥੋਂ ਚੌਕਾ ਮਾਰਦੇ ਹਨ ਜਾਂ ਨਹੀਂ। ਜੇ ਬਾਦਲ ਅਕਾਲੀ ਦਲ ਇਥੋਂ ਚੌਥੀ ਵਾਰ ਜਿੱਤਦਾ ਹੈ ਤਾਂ ਅਕਾਲੀ ਦਲ ਦਾ ਢਹਿ ਢੇਰੀ ਹੋਇਆ ਮਨੋਬਲ ਉੱਚਾ ਹੋ ਸਕਦਾ ਹੈ। ਅਕਾਲੀ ਦਲ ਦੇ ਸੁਪਰੀਮੋ ਦੀ ਰਾਜਨੀਤਕ ਹੋਂਦ ਇਸੇ ਸੀਟ ਦੀ ਜਿੱਤ ਉੱਪਰ ਨਿਰਭਰ ਹੈ।

***

## ਬਹੁਤੇ ਅਮਰੀਕੀਆਂ ਲਈ ਭਵਿੱਖ ਵਿੱਚ 9-11 ਵਰਗਾ

ਅੱਤਵਾਦੀ ਹਮਲੇ ਜਿਸ ਵਿੱਚ 35 ਭਾਰਤੀਆਂ ਸਮੇਤ 3000 ਦੇ ਕਰੀਬ ਲੋਕ ਮਾਰੇ ਗਏ ਸਨ, ਦੀਆਂ ਯਾਦਾਂ ਨੂੰ ਮੰਨਾਂ ਵਿੱਚ ਵਸਾਈ ਬੈਠੇ 73% ਅਮਰੀਕੀਆਂ ਨੇ ਕਿਹਾ ਹੈ ਕਿ ਵਿਦੇਸ਼ੀ ਨੀਤੀ ਦੀ ਸਿਰੇ ਦੀ ਤਰਜੀਹ ਭਵਿੱਖ ਵਿੱਚ ਅੱਤਵਾਦੀ ਹਮਲੇ ਰੋਕਣ ਦੀ ਹੋਣੀ ਚਾਹੀਦੀ ਹੈ। 64% ਅਮਰੀਕੀਆਂ ਨੇ ਕਿਹਾ ਹੈ ਕਿ ਦੇਸ਼ ਵਿੱਚ ਗੈਰ ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਵਹਾਅ ਨੂੰ ਰੋਕਣਾ ਦੂਸਰੀ ਉੱਚ ਤਰਜੀਹ ਹੋਣੀ ਚਾਹੀਦੀ ਹੈ ਜਦ ਕਿ 63% ਨੇ ਕਿਹਾ ਹੈ ਕਿ ਵਿਆਪਕ ਤਬਾਹੀ ਵਾਲੇ ਪ੍ਰਮਾਣੂ ਹਥਿਆਰਾਂ ਦੇ ਪਸਾਰ ਨੂੰ ਰੋਕਣਾ ਵਿਦੇਸ਼ ਨੀਤੀ ਦੀ ਤੀਸਰੀ ਤਰਜੀਹ ਹੋਵੇ।

***

## ਦਿੱਲੀ ਕਮੇਟੀ ਦੇ ਮੈਂਬਰਾਂ ਦੇ ਸਮਰਥਕਾਂ ਸਮੇਤ

ਹਰਿਮੰਦਰ ਸਾਹਿਬ ਨੂੰ ਦਾਨ ਲਈ ਐੱਫਸੀਆਰਏ ਰਜਿਸਟ੍ਰੇਸ਼ਨ ਅਤੇ ਸਿੱਖ ਕਤਲੇਆਮ ਦੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਆਦਿ ਪ੍ਰਾਪਤੀਆਂ ਗਿਣਾਈਆਂ। ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਦਿੱਲੀ ਕਮੇਟੀ ਦੇ ਮੈਂਬਰਾਂ ਵਿੱਚ ਪਰਵਿੰਦਰ ਸਿੰਘ, ਰਮਨਦੀਪ ਸਿੰਘ ਸੋਨੂੰ, ਭੁਪਿੰਦਰ ਸਿੰਘ ਗਿੰਨੀ, ਜਸਮੈਨ ਸਿੰਘ ਨੋਨੀ, ਰਮਨਦੀਪ ਸਿੰਘ ਮੀਤਾ, ਹਰਜੀਤ ਸਿੰਘ ਪੱਪਾ ਅਤੇ ਸਿੱਖ ਆਗੂ ਮਨਜੀਤ ਸਿੰਘ ਔਲਖ ਸ਼ਾਮਲ ਹਨ। ਇਸ ਮੌਕੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਮਨਜਿੰਦਰ ਸਿੰਘ ਸਿਰਸਾ ਅਤੇ ਦਿੱਲੀ ਭਾਜਪਾ ਦੇ ਪ੍ਰਧਾਨ ਵਰਿੰਦਰ ਸਚਦੇਵਾ ਵੀ ਹਾਜ਼ਰ ਸਨ। ਇਸ ਦੌਰਾਨ ਸਿਰਸਾ ਨੇ ਨੱਢਾ ਦਾ ਸਨਮਾਨ ਵੀ ਕੀਤਾ। ਤਰੁਣ ਚੁੱਘ ਨੇ ਕਿਹਾ ਕਿ ਭਾਜਪਾ ਦੀ ਸਿੱਖ ਭਾਈਚਾਰੇ ਨਾਲ ਸਾਂਝ ਪੁਰਾਣੀ ਹੈ ਜਿਸ ਕਰਕੇ ਵੱਡੀ ਗਿਣਤੀ ਵਿੱਚ ਸਿੱਖਾਂ ਨੇ ਸ਼ਮੂਲੀਅਤ ਕੀਤੀ ਹੈ।

***

## ਪੰਥਕ ਆਗੂਆਂ ਦਾ ਸਖ਼ਤ ਪ੍ਰਤੀਕਰਮ

ਕਮੇਟੀ ਤੋਂ ਅਸਤੀਫ਼ਾ ਦੇ ਕੇ ਰਾਜਨੀਤੀ ਕਰਨ। ਹਵਾਰਾ ਕਮੇਟੀ ਦੇ ਬੁਲਾਰੇ ਪ੍ਰੋ. ਬਲਜਿੰਦਰ ਸਿੰਘ ਨੇ ਕਿਹਾ ਕਿ ਗੁਰਦੁਆਰਿਆਂ ਦੇ ਪ੍ਰਬੰਧਕਾਂ ਵੱਲੋਂ ਆਪਣੀ ਮੈਂਬਰੀ ਨੂੰ ਪੌੜੀ ਵਜੋਂ ਵਰਤ ਕੇ ਸਿਆਸੀ ਕੈਰੀਅਰ ਦੀ ਤਲਾਸ਼ ਵਿੱਚ ਭਾਜਪਾ ਜਾਂ ਹੋਰ ਸਿਆਸੀ ਪਾਰਟੀ ਵਿੱਚ ਦਾਖ਼ਲ ਹੋਣਾ ਧਰਮ ਦੀ ਆਜ਼ਾਦੀ ਨੂੰ ਵੱਡੀ ਚੁਣੌਤੀ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਦਾ ਘੱਟ ਗਿਣਤੀਆਂ ਖ਼ਿਲਾਫ਼ ਨਫ਼ਰਤ ਦਾ ਰਵੱਈਆ ਖੁੱਲ੍ਹੀ ਕਿਤਾਬ ਵਾਂਗ ਹੈ ਜਿਸ ਤੋਂ ਸਿੱਖਾਂ ਨੂੰ ਜਾਣੂ ਹੋਣਾ ਚਾਹੀਦਾ ਹੈ। ਭਾਜਪਾ ਦੀਆਂ ਨੀਤੀਆਂ ਆਰਐੱਸਐੱਸ ਤੋਂ ਤਿਆਰ ਹੁੰਦੀਆਂ ਹਨ ਜੋ ਕਿ ਹਿੰਦੂ ਰਾਸ਼ਟਰ ਦੀ ਸਥਾਪਨਾ ਲਈ ਤਿਆਰੀਆਂ ਕਰ ਰਹੇ ਹਨ। ਭਾਜਪਾ ਨੂੰ ਸਿੱਖ ਹਿਤੈਸ਼ੀ ਹੋਣ ਦੀ ਵਕਾਲਤ ਕਰਨ ਵਾਲੇ ਭਾਜਪਾਈ ਸਿੱਖਾਂ ਨੂੰ ਹਵਾਰਾ ਕਮੇਟੀ ਦੇ ਬੁਲਾਰੇ ਨੇ ਸਵਾਲ ਕੀਤੇ ਕਿ ਗੁਰੂ ਨਾਨਕ ਸਾਹਿਬ ਦੇ ਨਾਂ 'ਤੇ ਇਤਿਹਾਸਕ ਗੁਰਦੁਆਰਾ ਗਿਆਨ ਗੋਦੜੀ ਹਰਿਦੁਆਰ, ਗੁਰਦੁਆਰਾ ਡਾਂਗਮਾਰ ਆਦਿ ਜੋ ਭਾਜਪਾ ਸਰਕਾਰਾਂ ਨੇ ਖੋਹੇ ਸਨ ਕੀ ਸਿੱਖ ਕੌਮ ਨੂੰ ਵਾਪਸ ਮਿਲ ਗਏ ਹਨ। ਸਿੱਖ ਇਤਿਹਾਸ ਨੂੰ ਦੇਸ਼ ਦੇ ਵੱਖ-ਵੱਖ ਬੋਰਡਾਂ ਦੇ ਸਿਲੇਬਸਾਂ ਵਿੱਚੋਂ ਕੱਢ ਦਿੱਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਕੁਝ ਮੈਂਬਰਾਂ ਵੱਲੋਂ ਭਾਜਪਾ ਵਿੱਚ ਸ਼ਾਮਲ ਹੋਣ 'ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਸਿੱਖ ਸੰਸਥਾ ਦੇ ਮੈਂਬਰਾਂ ਨੂੰ ਭਾਜਪਾ ਵਿੱਚ ਜਾ ਕੇ ਸਿਆਸਤ ਕਰਨ ਦਾ ਇੰਨਾ ਹੀ ਸ਼ੌਕ ਹੈ ਤਾਂ ਉਹ ਪਹਿਲਾਂ ਤੁਰੰਤ ਆਪਣੀ ਦਿੱਲੀ ਗੁਰਦੁਆਰਾ ਕਮੇਟੀ ਦੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇਣ। ਐਡਵੋਕੇਟ ਧਾਮੀ ਨੇ ਕਿਹਾ ਕਿ ਭਾਜਪਾ ਦੀ ਦੂਜੇ ਧਰਮਾਂ ਦੇ ਧਾਰਮਿਕ ਮਾਮਲਿਆਂ ਵਿੱਚ ਸਿੱਧਾ ਦਖ਼ਲ ਦੇਣ ਦੀ ਇਹ ਨੀਤੀ ਬਹੁਤ ਹੀ ਮੰਦਭਾਗੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਦੇ ਮੈਂਬਰਾਂ ਨੂੰ ਸੰਗਤ ਵੱਲੋਂ ਇਸ ਭਰੋਸੇ ਨਾਲ ਚੁਣਿਆ ਜਾਂਦਾ ਹੈ ਕਿ ਉਹ ਧਾਰਮਿਕ ਭਾਵਨਾਵਾਂ ਅਤੇ ਰਵਾਇਤਾਂ ਅਨੁਸਾਰ ਕਾਰਜ ਕਰਨਗੇ, ਪਰੰਤੂ ਜਦੋਂ ਗੁਰਦੁਆਰਾ ਪ੍ਰਬੰਧਾਂ ਲਈ ਚੁਣੇ ਮੈਂਬਰਾਂ ਵੱਲੋਂ ਸਿੱਖ ਵਿਰੋਧੀ ਸੋਚ ਰੱਖਣ ਵਾਲੀ ਪਾਰਟੀ ਵਿੱਚ ਜਾਣ ਦੀ ਹਰਕਤ ਕੀਤੀ ਜਾਂਦੀ ਹੈ ਤਾਂ ਸੰਗਤ ਦੀਆਂ ਭਾਵਨਾਵਾਂ ਨੂੰ ਭਾਰੀ ਸੱਟ ਵੱਜਣੀ ਕੁਦਰਤੀ ਹੈ।

***

## ਬੁਰੀ ਤਰ੍ਹਾਂ ਵਿਵਾਦ ਵਿੱਚ ਫਸੀ ਕਾਂਗਰਸੀ ਆਗ

ਟੈਂਕਾਂ ਦੇ ਨਾਲ ਹਮਲਾ ਕੀਤਾ ਸੀ ਅਤੇ 1978 ਤੋਂ 1995 ਤੱਕ ਸਿੱਖ ਨਸਲਕੁਸ਼ੀ ਕਰਕੇ ਲੱਖਾਂ ਬੇਦੋਸ਼ੇ ਤੇ ਨਿਹੱਥੇ ਸਿੱਖ ਨੌਜਵਾਨਾਂ ਦੇ ਖ਼ੂਨ ਵਿੱਚ ਕਾਂਗਰਸ ਦਾ ਪੰਜਾ ਰੰਗਿਆ ਹੋਇਆ ਹੈ। ਉਨ੍ਹਾਂ ਸਖ਼ਤ ਸ਼ਬਦਾਂ ਵਿੱਚ ਆਖਿਆ ਕਿ ਕਾਂਗਰਸ ਵੱਲੋਂ ਆਪਣੇ ਰਾਜਨੀਤਕ ਮਨੋਰਥ ਲਈ ਗੁਰੂ ਸਾਹਿਬਾਨ ਦੇ ਨਾਵਾਂ ਜਾਂ ਧਾਰਮਿਕ ਚਿੰਨ੍ਹਾਂ ਦੀ ਦੁਰਵਰਤੋਂ ਹਰਗਿਜ਼ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਅੰਮ੍ਰਿਤਾ ਵੜਿੰਗ ਤੁਰੰਤ ਆਪਣੀ ਗਲਤੀ ਲਈ ਪਸ਼ਚਾਤਾਪ ਕਰੇ। ਇਸ ਦੇ ਨਾਲ ਚਿਤਾਵਨੀ ਹੈ ਕਿ ਉਹ ਸਿਆਸੀ ਪ੍ਰਚਾਰ ਅਤੇ ਸਿਆਸੀ ਹਿਤਾਂ ਖਾਤਰ ਕਿਸੇ ਵੀ ਰੂਪ ਵਿੱਚ ਧਾਰਮਿਕ ਜਜ਼ਬਾਤਾਂ ਨਾਲ ਖੇਡਣ ਤੋਂ ਪੂਰੀ ਤਰ੍ਹਾਂ ਗੁਰੇਜ਼ ਕਰਨ।

***

## ਪਾਕਿਸਤਾਨ ਤੇ ਇਰਾਨ ਤੋਂ ਕੱਢੇ

ਇਸ ਦੌਰਾਨ ਤਾਲਿਬਾਨ ਦੇ ਸ਼ਰਨਾਰਥੀ ਅਤੇ ਵਾਪਸੀ ਮਾਮਲਿਆਂ ਦੇ ਕਾਰਜਕਾਰੀ ਮੰਤਰੀ ਨੇ ਪਾਕਿਸਤਾਨ ਨੂੰ ਦੁਵੱਲੀ ਸਮਝ ਦੇ ਢਾਂਚੇ ਦੇ ਅੰਦਰ ਅਫਗਾਨ ਪ੍ਰਵਾਸੀਆਂ ਦੇ ਮੁੱਦੇ ਨੂੰ ਹੱਲ ਕਰਨ ਦੀ ਅਪੀਲ ਕੀਤੀ ਸੀ। ਪਾਕਿਸਤਾਨ ਤੋਂ ਗੈਰ-ਦਸਤਾਵੇਜ਼ੀ ਅਫਗਾਨ ਪ੍ਰਵਾਸੀਆਂ ਨੂੰ ਕੱਢਣ ਦਾ ਪਹਿਲਾ ਪੜਾਅ ਨਵੰਬਰ 2023 ਵਿੱਚ ਸ਼ੁਰੂ ਹੋਇਆ ਸੀ। ਮਨੁੱਖੀ ਅਧਿਕਾਰ ਸੰਗਠਨਾਂ ਅਤੇ ਤਾਲਿਬਾਨ ਨੇ ਪਾਕਿਸਤਾਨ ਦੀ ਕਾਰਵਾਈ ਦੀ ਆਲੋਚਨਾ ਕੀਤੀ ਹੈ। ਹਾਲਾਂਕਿ ਪਾਕਿਸਤਾਨੀ ਸਰਕਾਰ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਕਿਸੇ ਇੱਕ ਨਸਲੀ ਭਾਈਚਾਰੇ 'ਤੇ ਨਿਰਦੇਸ਼ਿਤ ਨਹੀਂ ਸੀ।

***

## ਕ੍ਰਿਕਟ ਤੋਂ ਬਾਅਦ ਹੁਣ ਮੌਂਟੀ ਪਨੇਸਰ

ਅਤੇ ਇੱਕ ਸੰਸਦ ਮੈਂਬਰ ਵਜੋਂ ਇੱਕ ਫਰਕ ਲਿਆ ਸਕਦਾ ਹਾਂ। ਮੈਂ ਇਸ ਦੇਸ਼ ਦੇ ਮਜ਼ਦੂਰਾਂ ਦੀ ਆਵਾਜ਼ ਬਣਨਾ ਚਾਹੁੰਦਾ ਹਾਂ। ਉਨ੍ਹਾਂ ਕਿਹਾ, "ਸਿਆਸਤ ਵਿੱਚ ਮੇਰੀ ਇੱਛਾ ਇੱਕ ਦਿਨ ਪ੍ਰਧਾਨ ਮੰਤਰੀ ਬਣਨ ਦੀ ਹੈ, ਜਿੱਥੇ ਮੈਂ ਬਰਤਾਨੀਆਂ ਨੂੰ ਇੱਕ ਸੁਰੱਖਿਅਤ ਅਤੇ ਮਜ਼ਬੂਤ ਰਾਸ਼ਟਰ ਬਣਾਵਾਂਗਾ। ਪਰ ਮੇਰਾ ਪਹਿਲਾ ਕੰਮ ਈਲਿੰਗ ਸਾਊਥਾਲ ਦੇ ਲੋਕਾਂ ਦੀ ਨੁਮਾਇੰਦਗੀ ਕਰਨਾ ਹੈ। ਮੈਂ ਸਿਰਫ਼ ਜਾਰਜ ਗੈਲੋਵੇ ਨੂੰ ਸੰਖੇਪ ਵਿੱਚ ਜਾਣਦਾ ਹਾਂ, ਪਰ ਜੋ ਮੈਂ ਜਾਣਦਾ ਹਾਂ ਉਹ ਇਹ ਹੈ ਕਿ ਉਸਦਾ ਧਿਆਨ ਬਰਤਾਨੀਆ ਵਿੱਚ ਅਮੀਰ ਅਤੇ ਗਰੀਬ ਵਿਚਾਲੇ ਵਿਸ਼ਾਲ ਪਾੜੇ ਨੂੰ ਘਟਾਉਣ 'ਤੇ ਹੈ। ਕੋਈ ਹੋਰ ਇਸ ਬਾਰੇ ਕੁਝ ਨਹੀਂ ਕਰ ਰਿਹਾ। ਉਦਾਹਰਨ ਲਈ, ਪਾਰਲੀਮੈਂਟ ਵਿੱਚ ਟਰੇਡ ਯੂਨੀਅਨਾਂ ਲਈ ਆਵਾਜ਼ ਕਿੱਥੇ ਹੈ? ਉਨ੍ਹਾਂ ਕਿਹਾ ਕਿ ਬਰਤਾਨੀਆ ਦੀ ਵਰਕਰਜ਼ ਪਾਰਟੀ ਮਜ਼ਦੂਰਾਂ ਦੀ ਆਵਾਜ਼ ਹੈ ਅਤੇ ਅਸੀਂ ਉਨ੍ਹਾਂ ਦੀ ਮਦਦ ਲਈ ਆਪਣੀ ਪੂਰੀ ਕੋਸ਼ਿਸ਼ ਕਰਾਂਗੇ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਇਸ ਤੋਂ ਮੁਨਾਫਾ ਲੈ ਰਹੀਆਂ ਹਨ ਜਦਕਿ ਆਮ ਲੋਕ ਦੁਖੀ ਹਨ। ਸਾਨੂੰ ਸਿਹਤ ਸੰਭਾਲ ਪ੍ਰਣਾਲੀ ਨੂੰ ਗਰੀਬ ਲੋਕਾਂ ਲਈ ਬਹੁਤ ਜ਼ਿਆਦਾ ਪਹੁੰਚਯੋਗ ਬਣਾਉਣਾ ਚਾਹੀਦਾ ਹੈ ਪਰ ਇਸ ਵਿੱਚ ਸੁਧਾਰ ਦਾ ਕੋਈ ਸੰਕੇਤ ਨਹੀਂ ਹੈ। ਪਨੇਸਰ ਨੇ ਕਿਹਾ ਕਿ ਸਾਨੂੰ 10 ਮਿਲੀਅਨ ਪੌਂਡ ਤੋਂ ਵੱਧ ਦੀਆਂ ਜਾਇਦਾਦਾਂ 'ਤੇ ਵੀ ਵੈਲਥ ਟੈਕਸ ਲਗਾਉਣ ਦੀ ਲੋੜ ਹੈ। ਜੋ ਪੈਸਾ ਪੈਦਾ ਕੀਤਾ ਜਾ ਸਕਦਾ ਹੈ, ਉਹ ਸਮਾਜਿਕ ਰਿਹਾਇਸ਼ ਅਤੇ ਸਿਹਤ ਸੰਭਾਲ ਪ੍ਰਣਾਲੀ ਲਈ ਫੰਡਿੰਗ ਦੁਆਰਾ ਚੰਗੀ ਵਰਤੋਂ ਵਿੱਚ ਲਿਆ ਜਾਵੇਗਾ, ਜਿਸਦੀ ਇਸਦੀ ਸਖ਼ਤ ਜ਼ਰੂਰਤ ਹੈ। ਇਸ ਦੌਰਾਨ, ਰਿਸ਼ੀ ਸੁਨਕ ਫੌਜੀ ਸਹਾਇਤਾ 'ਤੇ 2.5 ਬਿਲੀਅਨ ਪੌਂਡ ਖਰਚ ਕਰ ਰਿਹਾ ਹੈ ਜੋ ਵੱਡੇ ਪੱਧਰ 'ਤੇ ਦੂਜੇ ਦੇਸ਼ਾਂ ਦੀ ਮਦਦ ਕਰਦਾ ਹੈ। ਗਰੀਬ ਬ੍ਰਿਟਿਸ਼ ਲੋਕਾਂ ਲਈ ਪੈਸਾ ਕਿੱਥੇ ਹੈ?

ਉਨ੍ਹਾਂ ਕਿਹਾ ਕਿ ਮੇਰਾ ਇਹ ਵੀ ਮੰਨਣਾ ਹੈ ਕਿ ਵਰਤਮਾਨ ਵਿੱਚ ਹੋ ਰਹੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਲਈ ਸਾਨੂੰ ਆਪਣੀਆਂ ਸਰਹੱਦਾਂ 'ਤੇ ਬਿਹਤਰ ਨਿਯੰਤਰਣ ਦੀ ਲੋੜ ਹੈ। ਯਾਦ ਰਹੇ ਕਿ ਭਾਰਤ ਤੋਂ ਆਏ ਸਿੱਖ ਪਰਵਾਸੀ ਮਾਪਿਆਂ ਦੇ ਘਰ ਲੂਟਨ, ਬੈਡਫੋਰਡਸ਼ਾਇਰ ਵਿੱਚ ਜਨਮੇ, ਪਨੇਸਰ, ਜਿਸਦਾ ਪੂਰਾ ਨਾਮ ਮੁਧਸੂਦਨ ਸਿੰਘ ਪਨੇਸਰ ਹੈ, ਨੇ ਇੱਕ ਕ੍ਰਿਕਟਰ ਵਜੋਂ ਪਛਾਣ ਪ੍ਰਾਪਤ ਕੀਤੀ ਸੀ। ਉਹ ਭਾਰਤ ਵਿੱਚ ਖੇਡੀ ਗਈ 2009 ਏਸ਼ੇਜ਼ ਸੀਰੀਜ਼ ਅਤੇ 2012 ਦੀ ਐਸ਼ੇਜ਼ ਸੀਰੀਜ਼ ਜਿੱਤਣ ਵਾਲੀ ਟੀਮ ਦਾ ਮੈਂਬਰ ਸੀ। ਹਾਲਾਂਕਿ ਉਸਨੇ ਕਦੇ ਵੀ ਰਸਮੀ ਤੌਰ 'ਤੇ ਖੇਡ ਤੋਂ ਸੰਨਿਆਸ ਲੈਣ ਦੀ ਘੋਸ਼ਣਾ ਨਹੀਂ ਕੀਤੀ, 2016 ਵਿੱਚ ਕ੍ਰਿਕਟ ਛੱਡਣ ਤੋਂ ਬਾਅਦ ਉਸਨੇ ਲੰਡਨ ਦੀ ਸੇਂਟ ਮੈਰੀਜ਼ ਯੂਨੀਵਰਸਿਟੀ ਵਿੱਚ ਖੇਡ ਪੱਤਰਕਾਰੀ ਵਿੱਚ ਦਿਲਚਸਪੀ ਲਈ। ਮੌਂਟੀ ਪਨੇਸਰ ਨੇ ਇੰਗਲੈਂਡ ਲਈ 50 ਟੈਸਟ, 26 ਵਨਡੇ ਅਤੇ ਇੱਕ ਟੀ-20 ਮੈਚ ਖੇਡਿਆ ਹੈ। ਟੈਸਟ 'ਚ ਉਸ ਦੇ ਨਾਂ 167 ਵਿਕਟਾਂ ਹਨ, ਜਦਕਿ ਵਨਡੇ 'ਚ ਉਸ ਨੇ 24 ਵਿਕਟਾਂ ਹਾਸਲ ਕੀਤੀਆਂ ਹਨ। ਪਨੇਸਰ ਨੇ ਦਸੰਬਰ 2013 ਵਿੱਚ ਆਸਟਰੇਲੀਆ ਦੇ ਖ਼ਿਲਾਫ਼ ਇੰਗਲੈਂਡ ਲਈ ਆਪਣਾ ਆਖਰੀ ਟੈਸਟ ਖੇਡਿਆ ਸੀ, ਜਦੋਂ ਕਿ ਉਸਨੇ ਜਨਵਰੀ 2007 ਵਿੱਚ ਆਸਟਰੇਲੀਆ ਦੇ ਖ਼ਿਲਾਫ਼ ਆਪਣਾ ਵਨਡੇ ਡੈਬਿਊ ਕੀਤਾ ਸੀ ਅਤੇ ਉਸੇ ਸਾਲ ਅਕਤੂਬਰ ਵਿੱਚ ਸ਼੍ਰੀਲੰਕਾ ਖਿਲਾਫ ਖੇਡਿਆ ਗਿਆ ਮੈਚ ਇਸ ਫਾਰਮੈਟ ਵਿੱਚ ਉਸਦਾ ਆਖਰੀ ਮੈਚ ਸੀ।

ਮੌਂਟੀ ਕ੍ਰਿਕਟ ਟੀਮ ਦਾ ਇੱਕ ਮਹਾਨ ਖੱਬੇ ਹੱਥ ਦਾ ਮਸ਼ਹੂਰ ਸਪਿਨਰ ਸੀ ਅਤੇ ਇੰਗਲੈਂਡ ਵਿੱਚ ਨੌਜਵਾਨਾਂ ਵੱਲੋਂ ਉਸ ਨੂੰ ਸਭ ਤੋਂ ਵੱਧ ਪਿਆਰ ਕੀਤਾ ਜਾਂਦਾ ਹੈ।

## ਮੀਂਹ ਜਾਵੇ ਅਨ੍ਹੇਰੀ ਜਾਵੇ

ਸੁਆਹ ਹੁੰਦਾ ਹੋਊ ਉਹ ਘਿਉ , ਬਸੰਤ ਕੌਰ ਆਪਣੇ ਜੁੜੇ ਹੋਏ ਖਰੇ ਘਿਉ ਦੇ ਅਭਿਮਾਨ ਵਿੱਚ ਬੋਲੀ। ਖਬਰਾਂ ਕੀ ਕੁਝ ਪਾਉਂਦੇ ਹੋਣਗੇ ਉਸ ਘਿਉ ਵਿੱਚ।

ਵੇ ਉਹ ਘਿਉ ਤਾਂ ਬਨਾਸਪਤੀ ਹੁੰਦਾ ਹੋਊ ਪੁੱਤ , ਮਹਾਂ ਕੌਰ ਨੇ ਵੀ ਆਖਿਆ।

ਮੈਂ ਕੋਈ ਮਾੜਾ ਤਾਂ ਨਹੀਂ ਹੋ ਕੇ ਆਇਆ ਉਹ ਘਿਉ ਖਾਂਦਾ, ਬਸੰਤ ਕੁਰੇ , ਮੰਗਲ ਸਿੰਘ ਨੇ ਹਲਕੇ ਜਿਹੇ ਵਿਅੰਗ ਨਾਲ ਆਖਿਆ। ਨਾਲੇ ਹੁਣ ਥੋਡੇ ਕੋਲ ਦੁੱਧ ਨੀ ਹੋਣਾ, ਮਾਂ ਤੁਸੀਂ ਇਸ ਘਿਉ ਨਾਲ ਛੇ ਮਹੀਨੇ ਰੋਟੀ ਚੋਪੜੋਂਗੇ, ਜਦ ਤਾਈਂ ਬਸੰਤ ਕੌਰ ਦੀ ਝੋਟੀ ਨਹੀਂ ਸੂੰਦੀ। ਦੋਹਾਂ ਦੇ ਨਾਂਹ-ਨਾਂਹ ਕਰਦਿਆਂ ਮੰਗਲ ਸਿੰਘ ਨੇ ਉਸ ਘਿਉ ਨੂੰ ਅੱਗ ਤੋਂ ਲਾਹ ਦਿੱਤਾ। ਸਾਨੂੰ ਇਹ ਤੱਤਾ ਤਾਂ ਕਰ ਲੈਣ ਦੇ , ਬਸੰਤ ਕੌਰ ਕਹਿਣ ਲੱਗੀ।

ਮੇਰੇ ਗਏ ਤੋਂ ਕਰ ਲਿਓ ਤੱਤਾ , ਮੰਗਲ ਸਿੰਘ ਨੇ ਸਲਾਹ ਬਦਲਣ ਦੀ ਗੁੰਜਾਇਸ਼ ਨਾਲ ਛਡਦਿਆਂ ਆਖਿਆ।

ਤਾਂ ਵੀ ਮੰਗਲ ਸਿੰਘ ਲਈ ਦੋ ਕੁ ਸੇਰ ਘਿਉ ਦੀ ਪੰਜੀਰੀ ਰਲਾ ਦਿੱਤੀ ਗਈ।

ਮੈਨੂੰ ਵੀ ਹੁਣ ਛੇਤੀ ਬੁਲਾ ਲਈਂ ਛਾਉਣੀ , ਬਸੰਤ ਕੌਰ ਨੇ ਰਾਤ ਦੀ ਇਕੱਲ ਵਿੱਚ ਮੰਗਲ ਸਿੰਘ ਪਾਸ ਬੇਨਤੀ ਕੀਤੀ।

ਮਾਂ ਦੀ ਸੰਭਾਲ ਕੌਣ ਕਰੂ ? ਮੰਗਲ ਸਿੰਘ ਨੇ ਪੁਛਿਆ।

ਬਸੰਤ ਕੌਰ ਪਾਸ ਇਸ ਦਾ ਕੋਈ ਉਤਰ ਨਹੀਂ ਸੀ। ਮੇਰਾ ਨੀ ਇਥੇ ਜੀ ਲਗਦਾ , ਆਖ ਕੇ ਉਹ ਹਉਕੇ ਭਰਦੀ ਮੰਗਲ ਸਿੰਘ ਨੂੰ ਚੰਬੜ ਗਈ ਜਿਵੇਂ ਮੀਂਹ ਝੱਖੜ ਦਾ ਮਾਰਿਆ ਪੰਛੀ ਆਪਣੇ ਆਲ੍ਹਣੇ ਵਿੱਚ ਆ ਡਿਗਦਾ ਹੈ।

***

## ਮੌਲਿਕ ਅਧਿਕਾਰਾਂ ਤੋਂ ਵਾਂਝੇ

ਬਾਲ ਮਜ਼ਦੂਰੀ ਦੇ ਖ਼ਿਲਾਫ਼ ਕੰਮ ਕਰ ਰਹੇ ਸੰਗਠਨ ਬਚਪਨ ਬਚਾਓ ਅੰਦੋਲਨ (ਬੀਬੀਏ) ਦੀ ਰਿਪੋਰਟ ਦੱਸਦੀ ਹੈ ਕਿ ਭਾਰਤ ਵਿੱਚ ਲਗਭਗ ਸੱਤ ਤੋਂ ਅੱਠ ਕਰੋੜ ਬੱਚੇ ਲਾਜ਼ਮੀ ਸਿੱਖਿਆ ਤੋਂ ਵਾਂਝੇ ਹਨ। ਇਹ ਬੱਚੇ ਗਰੀਬੀ ਕਾਰਨ ਸਕੂਲ ਨਹੀਂ ਜਾ ਸਕਦੇ ਅਤੇ ਇਨ੍ਹਾਂ ਵਿੱਚੋਂ ਬਹੁਤੇ ਬੱਚੇ ਬਾਅਦ ਵਿੱਚ ਬਾਲ ਮਜ਼ਦੂਰੀ ਕਰਨ ਲਈ ਮਜਬੂਰ ਹੁੰਦੇ ਹਨ।

ਸਾਲ 2011 ਦੀ ਜਨਗਣਨਾ ਅਨੁਸਾਰ ਭਾਰਤ ਵਿੱਚ 5 ਤੋਂ 14 ਸਾਲ ਦੇ 25 ਕਰੋੜ 96 ਲੱਖ ਬੱਚੇ ਸਨ। ਜਿਨ੍ਹਾਂ ਵਿੱਚੋਂ 1 ਕਰੋੜ ਬੱਚੇ ਬਾਲ ਮਜ਼ਦੂਰੀ ਦੇ ਸ਼ਿਕਾਰ ਸਨ ਪਰ ਹੁਣ ਇਹ ਅੰਕੜਾ ਕਾਫ਼ੀ ਵਧ ਚੁੱਕਾ ਹੈ।ਅੱਜ ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਵਿੱਚ 2 ਕਰੋੜ ਬਾਲ ਮਜ਼ਦੂਰ ਹਨ।

ਅਸਲ ਵਿੱਚ ਵੇਖਿਆ ਜਾਵੇ ਤਾਂ ਬੱਚੇ ਆਪਣੀ ਉਮਰ ਦੇ ਸਮਾਨ ਔਖਾ ਕੰਮ ਗਰੀਬੀ ਕਾਰਨ ਕਰਦੇ ਹਨ। ਗਰੀਬੀ ਹੀ ਬੱਚੇ ਨੂੰ ਬਾਲ ਮਜ਼ਦੂਰ ਬਣਨ ਲਈ ਮਜਬੂਰ ਕਰਦੀ ਹੈ। ਇਸ ਤੋਂ ਇਲਾਵਾ ਵਧਦੀ ਜਨ ਸੰਖਿਆ, ਲੋੜੀਂਦੀਆਂ ਬੁਨਿਆਦੀ ਸਹੂਲਤਾਂ ਨਾ ਹੋਣ ਕਾਰਨ, ਸਿੱਖਿਆ ਦੀ ਅਣਹੋਂਦ ਅਤੇ ਮੌਜੂਦਾ ਕਾਨੂੰਨਾਂ ਦਾ ਠੀਕ ਤਰੀਕੇ ਨਾਲ ਪਾਲਣ ਨਾ ਹੋਣਾ ਵੀ ਵਧਦੀ ਬਾਲ ਮਜ਼ਦੂਰੀ ਲਈ ਜ਼ਿੰਮੇਵਾਰ ਹਨ। ਵਰਤਮਾਨ ਵਿੱਚ ਭਾਰਤ ਦੇਸ਼ ਵਿੱਚ ਕਈ ਥਾਂਵਾਂ 'ਤੇ ਆਰਥਿਕ ਤੰਗੀ ਕਾਰਨ ਮਾਪੇ ਥੋੜ੍ਹੇ ਪੈਸਿਆਂ ਬਦਲੇ ਹੀ ਆਪਣੇ ਬੱਚਿਆਂ ਨੂੰ ਅਜਿਹੇ ਠੇਕੇਦਾਰਾਂ ਦੇ ਹੱਥ ਵੇਚ ਦਿੰਦੇ ਹਨ ਜੋ ਆਪਣੀ ਸੁਵਿਧਾ ਅਨੁਸਾਰ ਉਨ੍ਹਾਂ ਨੂੰ ਹੋਟਲਾਂ, ਕੋਠੀਆਂ ਅਤੇ ਹੋਰ ਕਾਰਖ਼ਾਨਿਆਂ ਆਦਿ ਵਿੱਚ ਕੰਮ 'ਤੇ ਲਾ ਦਿੰਦੇ ਹਨ ਜਿੱਥੇ ਇਹ ਬਾਲ ਮਜ਼ਦੂਰ ਅਕਸਰ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਹਨ।

ਦੇਸ਼ ਵਿੱਚੋਂ ਬਾਲ ਮਜ਼ਦੂਰੀ ਦੇ ਇਸ ਕੋਹੜ ਨੂੰ ਖਤਮ ਕਰਨ ਲਈ ਅਜਿਹੇ ਬੱਚਿਆਂ ਦੇ ਪਰਿਵਾਰਾਂ ਨੂੰ ਗਰੀਬੀ ਦੇ ਚੱਕਰ ਵਿੱਚੋਂ ਬਾਹਰ ਕੱਢਣਾ ਅਤੇ ਉਨ੍ਹਾਂ ਲਈ ਸਿੱਖਿਆ ਦੇ ਢੁਕਵੇਂ ਉਪਰਾਲੇ ਕਰਨੇ ਅਤਿ ਜਰੂਰੀ ਹੈ। ਸਰਕਾਰ ਵੱਲੋਂ ਗਰੀਬ ਪਰਿਵਾਰਾਂ ਦੇ ਬੱਚਿਆਂ ਲਈ ਸਿੱਖਿਆ ਲਾਜ਼ਮੀ ਕੀਤੀ ਜਾਵੇ ਅਤੇ ਅਜਿਹੇ ਪਰਿਵਾਰਾਂ ਨੂੰ ਚਲਾਉਣ ਲਈ ਸਰਕਾਰ ਆਪਣੇ ਪੱਧਰ 'ਤੇ ਠੋਸ ਉਪਰਾਲੇ ਕਰੇ ਤਾਂ ਕਿ ਦੇਸ਼ ਵਿੱਚੋਂ ਬਾਲ ਮਜ਼ਦੂਰੀ ਦਾ ਖ਼ਾਤਮਾ ਕੀਤਾ ਜਾ ਸਕੇ।

***

## ਲੋਕ ਮਨ ਨੂੰ ਭਾਉਣ ਵਾਲੇ

'ਜਿੱਥੋਂ ਮਰਜ਼ੀ ਵੰਗਾਂ ਚੜ੍ਹਵਾ ਲਈਂ, ਮਿੱਤਰਾਂ ਦਾ ਨਾ ਚੱਲਦਾ' ਅਤੇ 'ਇੱਕ ਚੰਨ ਦੇ ਵਾਪਸ ਆਉਣ ਦਾ ਇੰਤਜ਼ਾਰ ਕਰਾਂਗਾ ਮੈਂ' ਨੇ ਹਰਜੀਤ ਹਰਮਨ, 'ਤੁਰਿਆ ਤੁਰਿਆ ਜਾਹ ਫਰੀਦਾ', 'ਚੁੰਨੀ ਨਾਲ ਪਤਾਸੇ' ਅਤੇ 'ਕਾਰ ਰੀਬਨਾ ਵਾਲੀ' ਨੇ ਪਰਮਿੰਦਰ ਸੰਧੂ, ਜਿਉਣੇ ਮੌੜ ਨੂੰ ਆਪਣੇ ਓਪੇਰਾ 'ਜਿਉਣਾ ਮੌੜ' ਰਾਹੀਂ ਦੁਬਾਰਾ ਜ਼ਿੰਦਾ ਕਰ ਦੇਣ ਵਾਲਾ ਸੁਰਿੰਦਰ ਸ਼ਿੰਦਾ, ਰੋਡਵੇਜ਼ ਦੀ ਲਾਰੀ ਵਾਲਾ ਸਰਦੂਲ ਸਿਕੰਦਰ, ਮੇਰਾ ਬੜਾ ਕਰਾਰਾ ਪੂਦਨਾ, ਨਾਲ ਜਗਮੋਹਨ ਕੌਰ ਅਤੇ ਕੇ ਦੀਪ, 'ਪਰਦੇਸੀਆਂ ਨੂੰ ਯਾਦ ਕਰਕੇ ਨੀਂ ਕਾਹਨੂੰ ਅੱਥਰੂ ਵਹਾਉਂਦੀ' ਨਾਲ ਦਿਲਸ਼ਾਦ ਅਖ਼ਤਰ, 'ਟੁੱਟੇ ਦਿਲ ਨ੍ਹੀਂ ਜੁੜਦੇ, ਦੇਖੀ ਤੋੜੀਂ ਨਾ' ਨਾਲ ਧਰਮਪ੍ਰੀਤ ਅਤੇ 'ਤੂਤਕ ਤੂਤਕ ਤੂਤੀਆਂ' ਗੀਤ ਨਾਲ ਮਸ਼ਹੂਰ ਹੋਇਆ ਗਾਇਕ ਮਲਕੀਤ ਸਿੰਘ ਇੰਗਲੈਂਡ ਦੀ ਮਹਾਰਾਣੀ ਤੋਂ ਪ੍ਰਸੰਸਾ ਪੱਤਰ ਲੈ ਆਇਆ ਸੀ। 'ਦੇ ਦੇ ਗੇੜਾ' ਵਾਲੇ ਇੱਕੋ ਗੀਤ ਨੇ ਬਲਬੀਰ ਬੋਪਾਰਾਏ ਨੂੰ ਰਾਤੋ ਰਾਤ ਸਟਾਰ ਬਣਾ ਦਿੱਤਾ ਸੀ। ਮਿੱਠੀ ਆਵਾਜ਼ ਲਈ ਕਲੇਰ ਕੰਠ ਤੇ ਪਰਿਵਾਰਕ ਗੀਤ ਗਾਉਣ ਵਾਲਾ ਪਾਲੀ ਦੇਤਵਾਲੀਆ ਗਾਇਕਾਂ ਦੇ ਤੌਰ 'ਤੇ ਯਾਦ ਰੱਖੇ ਜਾਣਗੇ। 'ਮੇਰੇ ਰਾਂਝੇ ਦਾ ਪ੍ਰਿੰਸੀਪਲ ਜੀ' ਅਤੇ 'ਤੇਰੇ ਵਿਆਹ ਦਾ ਕਾਰਡ' ਗੀਤਾਂ ਨਾਲ ਰਣਜੀਤ ਮਨੀ ਵੀ ਗਾਇਕੀ ਦੇ ਪਿੜ ਵਿੱਚ ਕੁੱਦਿਆ ਸੀ।

ਵਰਤਮਾਨ ਸਮੇਂ ਦੇ ਗਾਇਕਾਂ ਦੀ ਗੱਲ ਕਰੀਏ ਤਾਂ ਸਿੱਧੂ ਮੂਸੇਵਾਲਾ ਦਾ ਜ਼ਿਕਰ ਜ਼ਰੂਰੀ ਹੈ। ਗਾਇਕੀ ਨੂੰ ਨਵੀਆਂ ਦਿਸ਼ਾਵਾਂ ਦੇਣ ਵਾਲੇ ਟਰੈਂਡ ਸੈਟਰ ਦੇ ਤੌਰ 'ਤੇ ਉਸ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਦਿਲਜੀਤ ਦੁਸਾਂਝ, ਅਮਰਿੰਦਰ ਗਿੱਲ, ਗਿੱਪੀ ਗਰੇਵਾਲ, ਐਮੀ ਵਿਰਕ, ਕੰਵਰ ਗਰੇਵਾਲ, ਰਣਜੀਤ ਬਾਵਾ, ਤਰਸੇਮ ਜੱਸੜ, ਸਤਿੰਦਰ ਸਰਤਾਜ ਤੇ ਨਛੱਤਰ ਗਿੱਲ ਵਰਗਿਆਂ ਦਾ ਵੀ ਆਪਣਾ ਸਮਾਂ ਸੀ ਤੇ ਹੈ।

***

## ਭਾਜਪਾ ਦੀ ਫ਼ਿਰਕੂ ਨੀਤੀ ਬਨਾਮ ਵਿਰੋਧੀ ਧਿਰਾਂ

ਇਸ ਪ੍ਰਕਿਰਿਆ ਵਿੱਚ, ਭਾਰਤੀ ਲੋਕਤੰਤਰ ਪੀੜਤ ਹੋ ਰਿਹਾ ਹੈ। ਗਾਰਡੀਅਨ ਦੇ ਪੱਤਰਕਾਰ ਸਹੀ ਹਨ। ਅਖ਼ਬਾਰ ਲਿਖਦਾ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਭਾਰਤੀ ਇਤਿਹਾਸ 'ਚ ਸਭ ਤੋਂ ਵੱਧ ਇਕਪਾਸੜ ਹੋ ਸਕਦੀਆਂ ਹਨ। ਹਾਂ, ਸਾਧਨਾਂ ਅਤੇ ਮੀਡੀਆ ਸਮਰਥਨ ਦੇ ਮਾਮਲੇ ਵਿੱਚ ਇਹ ਇਕਪਾਸੜ ਹੋਣਗੀਆਂ, ਪਰ ਵੋਟਰਾਂ ਦੇ ਸਮਰਥਨ ਦੇ ਮਾਮਲੇ 'ਚ ਨਹੀਂ। ਨਰਿੰਦਰ ਮੋਦੀ ਆਪਣੇ ਅਨੋਖੇ ਬਰਾਂਡ 'ਹਿੰਦੂਤਵ ਰਾਸ਼ਟਰਵਾਦ' ਨੂੰ ਲਿਹਾਜੂ ਪੂੰਜੀਵਾਦ ਅਤੇ ਗ਼ਰੀਬ-ਸਮਰਥਕ ਆਰਥਿਕ ਪ੍ਰੋਗਰਾਮਾਂ ਦੇ ਨਾਲ ਮਿਲਾ ਕੇ ਵੋਟਰਾਂ ਅੱਗੇ ਪੇਸ਼ ਕਰ ਰਹੇ ਹਨ। ਇਸ 'ਚ ਇੱਕ ਪ੍ਰਚਾਰ ਦੀ ਜ਼ਹਿਰੀਲੀ ਅਪੀਲ ਹੈ। 'ਇੰਡੀਆ ਗੱਠਜੋੜ' ਇਸ ਦਾ ਮੁਕਾਬਲਾ ਸਿਰਫ਼ ਬਿਹਤਰ ਬਿਰਤਾਂਤ ਨਾਲ ਹੀ ਕਰ ਸਕਦਾ ਹੈ, ਜੋ ਆਮ ਵੋਟਰਾਂ ਦੇ ਦਿਲ ਅਤੇ ਦਿਮਾਗ਼ ਨਾਲ ਸੰਬੰਧਿਤ ਹੋਵੇ। ਡੀ.ਐਮ.ਕੇ. ਅਤੇ ਟੀ.ਐਮ.ਸੀ. ਵਰਗੀਆਂ ਖੇਤਰੀ ਪਾਰਟੀਆਂ ਪ੍ਰਭਾਵੀ ਢੰਗ ਨਾਲ ਅਜਿਹਾ ਕਰ ਰਹੀਆਂ ਹਨ। ਕਾਂਗਰਸ ਨੂੰ ਉਨ੍ਹਾਂ ਰਾਜਾਂ ਵਿੱਚ ਵੀ ਅਜਿਹਾ ਕਰਨਾ ਹੋਵੇਗਾ, ਜਿੱਥੇ ਉਹ ਭਾਜਪਾ ਦੀ ਮੁੱਖ ਵਿਰੋਧੀ ਪਾਰਟੀ ਹੈ। ਸਿਰਫ਼ ਕਾਂਗਰਸ, ਸਿਰਫ਼ ਕਾਂਗਰਸ ਅਤੇ ਸਿਰਫ਼ ਕਾਂਗਰਸ ਹੀ ਆਪਣੇ ਉੱਚ ਪ੍ਰਦਰਸ਼ਨ ਨਾਲ ਭਾਜਪਾ ਦੇ ਰੱਥ ਨੂੰ ਰੋਕ ਸਕਦੀ ਹੈ ਅਤੇ ਭਾਰਤ ਦੇ ਲੋਕਤੰਤਰਿਕ ਸੂਚਕ ਅੰਕ ਨੂੰ ਹੋਰ ਨੀਵਾਂ ਡਿਗਣ ਤੋਂ ਰੋਕ ਸਕਦੀ ਹੈ।

***

## ਦਲ ਬਦਲੂ ਅਤੇ ਦਲ ਬਦਲ

ਭਾਜਪਾ ਦੀਆਂ ਸੀਟਾਂ ਕਾਂਗਰਸ ਨਾਲੋਂ ਵਧ ਗਈਆਂ। ਭਾਜਪਾ ਦੇ ਸ਼ਿਵਰਾਜ ਸਿੰਘ ਚੌਹਾਨ ਨੂੰ ਸਰਕਾਰ ਬਨਾਉਣ ਦਾ ਮੌਕਾ ਮਿਲ ਗਿਆ। ਫਿਰ ਅਸਤੀਫਾ ਦੇ ਚੁੱਕੇ 22 ਕਾਂਗਰਸੀ ਵਿਧਾਇਕਾਂ ਨੇ ਭਾਜਪਾ ਵਲੋਂ ਚੋਣ ਲੜੀ ਤੇ ਮੁੜ ਭਾਜਪਾ ਦੇ ਵਿਧਾਇਕ ਵਜੋਂ ਜਿੱਤਕੇ ਸਦਨ 'ਚ ਆ ਗਏ।

ਇਸੇ ਸਾਲ ਕਰਨਾਟਕ 'ਚ 224 ਮੈਂਬਰੀ ਸਦਨ ਵਿਚੋਂ ਕਾਂਗਰਸ 80, ਜਨਤਾ ਦਲ (ਸ) 37 ਅਤੇ ਭਾਜਪਾ ਨੇ 104 ਸੀਟਾਂ ਜਿੱਤੀਆਂ। ਕਾਂਗਰਸ ਤੇ ਜਨਤਾ ਦਲ (ਸ) ਦੇ ਗੱਠਜੋੜ ਨੇ ਸਰਕਾਰ ਬਣਾਈ। ਕੁਝ ਮਹੀਨਿਆਂ ਬਾਅਦ ਕਾਂਗਰਸ ਦੇ 13 ਅਤੇ ਜਨਤਾ ਦਲ ਦੇ 4 ਵਿਧਾਇਕ ਅਸਤੀਫ਼ਾ ਦੇ ਗਏ, ਵਜ਼ਾਰਤ ਟੁੱਟ ਗਈ। ਭਾਜਪਾ ਨੇ ਮੁੜ ਕੁਝ ਆਜ਼ਾਦ ਮੈਂਬਰਾਂ ਦੀ ਸਹਾਇਤਾ ਨਾਲ ਵਜ਼ਾਰਤ ਬਣਾ ਲਈ।

ਇਹ ਦਲ ਬਦਲੀ ਵਿਰੋਧੀ ਕਾਨੂੰਨੀਦੀ ਦੁਰਵਰਤੋਂ ਦੀਆਂ ਉਦਾਹਰਨਾਂ ਹਨ। ਦਲ ਬਦਲੀ ਵਿਰੋਧੀ ਕਾਨੂੰਨ ਤਾਂ ਇਸ ਕਰਕੇ ਲਿਆਂਦਾ ਗਿਆ ਸੀ ਕਿ ਭਾਰਤੀ ਲੋਕ ਤੰਤਰ ਮਜ਼ਬੂਤ ਹੋਵੇ ਤੇ ਕੁਝ ਸਵਾਰਥੀ ਲੋਕ ਲੋਕਤੰਤਰ ਦਾ ਮਜ਼ਾਕ ਨਾ ਬਣਾ ਦੇਣ ਜਿਵੇਂ ਕਿ ਹਕੂਮਤ ਪ੍ਰਾਪਤੀ ਲਈ ਇਸ ਸਮੇਂ ਵੀ ਹੋ ਰਿਹਾ ਹੈ। ਲੋਕਤੰਤਰਿਕ ਪ੍ਰਕਿਰਿਆ ਵਿੱਚ ਤਾਂ ਸਿਆਸੀ ਦਲਾਂ ਦੀ ਭੂਮਿਕਾ ਅਹਿਮ ਹੁੰਦੀ ਹੈ ਉਹ ਸਿਧਾਂਤਕ ਤੌਰ 'ਤੇ, ਸਮੂਹਿਕ ਰੂਪ ਵਿੱਚ ਲੋਕ-ਹਿੱਤ ਵਿੱਚ ਫ਼ੈਸਲੇ ਲੈ ਕੇ ਲਾਗੂ ਕਰਨ ਲਈ ਜਾਣੇ ਜਾਂਦੇ ਹਨ।

ਪਰੰਤੂ ਆਜ਼ਾਦੀ ਦੇ ਕੁਝ ਸਾਲਾਂ ਬਾਅਦ ਹੀ ਇਹ ਮਹਿਸੂਸ ਕੀਤਾ ਜਾਣ ਲੱਗਾ ਕਿ ਸਿਆਸੀ ਦਲ ਲੋਕਾਂ ਦੇ ਵੋਟਾਂ 'ਚ ਦਿੱਤੇ ਫ਼ੈਸਲੇ ਦੀ ਅਣਦੇਖੀ ਕਰਨ ਲਗ ਪਏ ਸਨ ਅਤੇ ਵਿਧਾਇਕਾਂ ਅਤੇ ਪਾਰਲੀਮੈਂਟ ਦੇ ਮੈਂਬਰਾਂ ਦੀ ਜੋੜ-ਤੋੜ ਕਰਕੇ ਸਰਕਾਰਾਂ ਡੇਗਣ ਦੇ ਰਾਹ ਪੈ ਗਏ। ਕਾਂਗਰਸ ਰਾਜ ਵੇਲੇ ਇਹ ਵਰਤਾਰਾ ਸ਼ੁਰੂ ਹੋਇਆ, ਜੋ ਕਿ ਹੁਣ ਚਰਮ ਸੀਮਾਂ 'ਤੇ ਹੈ।

ਜਨਤਾ ਦਾ, ਜਨਤਾ ਲਈ ਅਤੇ ਜਨਤਾ ਰਾਹੀਂ ਸਾਸ਼ਨ ਹੀ ਲੋਕਤੰਤਰ ਹੈ। ਲੋਕਤੰਤਰ ਵਿੱਚ ਜਨਤਾ ਹੀ ਸੱਤਾਧਾਰੀ ਹੁੰਦੀ ਹੈ, ਉਸਦੀ ਪ੍ਰਵਾਨਗੀ ਨਾਲ ਹੀ ਸਾਸ਼ਨ ਚਲਦਾ ਹੈ। ਪਰ ਪਾਰਟੀਆਂ ਵੱਲੋਂ ਦਲ ਬਦਲੂਆਂ ਦੀ ਮਦਦ ਨਾਲ ਇਸ ਤੱਥ ਨੂੰ ਜਿਵੇਂ ਹੁਣ ਸਮੇਟ ਹੀ ਦਿੱਤਾ ਗਿਆ ਹੈ।ਹੁਣ ਸਥਿਤੀ ਤਾਂ ਇਹ ਹੈ ਕਿ ਸਿਆਸੀ ਦਲਾਂ 'ਚ ਨੇਤਾਵਾਂ ਦਾ ਸਖ਼ਸ਼ੀ ਉਭਾਰ ਅਤੇ ਪਰਿਵਾਰਵਾਦ ਭਾਰੂ ਹੋ ਗਿਆ ਹੈ।

ਪਾਰਟੀਆਂ ਵਿੱਚ ਉਪਰਲੇ ਦੋ ਚਾਰ ਨੇਤਾ ਹੀ ਪ੍ਰਭਾਵੀ ਰਹਿੰਦੇ ਹਨ। ਸਿਆਸੀ ਦਲ ਲੋਕਤੰਤਰਿਕ ਢੰਗ ਨਾਲ ਨਹੀਂ ਚਲ ਰਹੇ। ਨਾ ਹੀ ਪਾਰਟੀਆਂ 'ਚ ਲੋਕ ਮਸਲਿਆਂ ਬਾਰੇ ਗੰਭੀਰ ਚਰਚਾ ਹੁੰਦੀ ਹੈ। ਕਹਿਣ ਨੂੰ ਤਾਂ ਦੇਸ਼ ਵਿੱਚ ਸਿਆਸੀ ਲੋਕ, ਲੋਕ ਸੇਵਾ ਦੀ ਗੱਲ ਕਰਦੇ ਹਨ ਪਰ ਇਸ ਸਮੇਂ ਉਹਨਾਂ ਦੇ ਨਿੱਜੀ ਹਿੱਤ ਭਾਰੂ ਪਏ ਵਿਖਾਈ ਦਿੰਦੇ ਹਨ। ਇਸ ਲਈ ਉਹਨਾਂ ਦਾ ਇੱਕ ਦਲ ਛੱਡਕੇ ਦੂਜੇ ਦਲ ਵਿੱਚ ਚਲੇ ਜਾਣਾ ਕੋਈ ਵੱਡੀ ਗੱਲ ਨਹੀਂ ਰਹੀ।ਦਲ ਬਦਲ ਦਾ ਮੂਲ ਕਾਰਨ ਕੇਵਲ ਸੱਤਾ ਪ੍ਰਾਪਤੀ, ਅਹੁੱਦੇ ਦੀ ਭੁੱਖ ਤੱਕ ਸੀਮਤ ਹੋ ਕਿ ਰਹਿ ਗਿਆ ਹੈ। ਸਿਧਾਂਤ ਜਾਂ ਨੀਤੀ ਨਾਲ ਉਹਨਾਂ ਦਾ ਕੋਈ ਲੈਣਾ-ਦੇਣਾ ਹੀ ਨਹੀਂ ਰਿਹਾ।ਦਲ ਬਦਲ ਨੇ ਜਿਸ ਢੰਗ ਨਾਲ ਸਿਆਸੀ ਕਦਰਾਂ-ਕੀਮਤਾਂ ਅਤੇ ਲੋਕਤੰਤਰ ਨੂੰ ਢਾਅ ਲਾਈ ਹੈ, ਉਸ ਨਾਲ ਲੋਕਾਂ ਦਾ ਸਿਆਸਤਦਾਨਾਂ 'ਚ ਵਿਸ਼ਵਾਸ਼ ਗੁਆਚ ਗਿਆ ਹੈ।

ਹੁਣ ਵਾਲਾ ਦਲ ਬਦਲ ਰੋਕੂ ਕਾਨੂੰਨ ਕੀ ਹੋਰ ਵੀ ਕੋਈ ਦਲ ਬਦਲ ਰੋਕੂ ਕਾਨੂੰਨ, ਉਦੋਂ ਤੱਕ ਸਾਰਥਿਕ ਨਹੀਂ ਹੋਏਗਾ, ਜਦੋਂ ਤੱਕ ਦੇਸ਼ ਦੇ ਨੇਤਾਵਾਂ ਅਤੇ ਸਿਆਸੀ ਪਾਰਟੀਆਂ ਦੀ ਸੋਚ, ਭਾਰਤੀ ਸੰਵਿਧਾਨ ਅਨੁਸਾਰ ਕੰਮ ਕਰਨ ਲਈ ਆਪਣੀ ਵਚਨ ਬੱਧਤਾ ਨਹੀਂ ਦਰਸਾਉਂਦੀ।

***

## ਭਾਰਤ ਦੀ ਫਿਰਕੂ ਤੇ

ਬੀਤੇ ਕੁਝ ਦਹਾਕਿਆਂ ਤੋਂ ਭਾਰਤੀ ਲੋਕਤੰਤਰ ਅਤੇ ਸਿਆਸਤ ਦਾ ਚਿਹਰਾ ਮੋਹਰਾ ਲਗਾਤਾਰ ਬਦਲ ਰਿਹਾ ਹੈ। ਇਸਦਾ ਸਭ ਤੋਂ ਵੱਡਾ ਕਾਰਨ ਸੱਤਾ ਸੁੱਖ ਭੋਗਣਾ ਹੈ। ਸੱਤਾ 'ਤੇ ਕਾਬਜ਼ ਰਹਿਣ ਦਾ ਰਾਜਨੀਤੀਕ ਲੋਕਾਂ ਨੂੰ ਫੋਬੀਆ ਹੋ ਗਿਆ ਹੈ, ਇਸੇ ਕਰਕੇ ਰਾਜਨੀਤਿਕ ਆਗੂ ਆਪਣੇ ਇਲਾਕੇ ਦੇ ਵੋਟਰਾਂ ਅਤੇ ਪਾਰਟੀ ਦੀ ਪਰਵਾਹ ਕੀਤੇ ਬਿਨਾਂ ਲਗਾਤਾਰ ਪਾਲੇ ਬਦਲ ਰਹੇ ਹਨ। ਆਪਣੀ ਪਹਿਲੀ ਪਾਰਟੀ ਵਿੱਚ ਸੱਤਾ ਦਾ ਕਈ ਦਹਾਕੇ ਸੁਖ ਮਾਨਣ ਦੇ ਬਾਵਜੂਦ ਕਦੋਂ ਕੋਈ ਆਗੂ ਕਿਸੇ ਖਾਸ ਰਾਜਨੀਤਿਕ ਪਾਰਟੀ ਸ਼ਾਮਿਲ ਹੋ ਜਾਵੇ, ਵੋਟਰਾਂ ਨੂੰ ਪਤਾ ਹੀ ਨਹੀਂ ਚੱਲਦਾ। ਮਰੀ ਜ਼ਮੀਰ ਅਤੇ ਨੈਤਿਕਤਾ ਤੋਂ ਵਾਂਝੇ ਲੀਡਰ ਰਾਤ ਨੂੰ ਆਪਣੀ ਪਾਰਟੀ ਦਾ ਗੁਣਗਾਨ ਕਰਦੇ ਅਤੇ ਵਿਰੋਧੀ ਪਾਰਟੀਆਂ ਨੂੰ ਭੰਡ ਰਹੇ ਹੁੰਦੇ ਹਨ ਅਤੇ ਸਵੇਰੇ ਉਸੇ ਪਾਰਟੀ, ਜਿਸ ਨੂੰ ਇੱਕ ਦਿਨ ਪਹਿਲਾਂ ਗਾਲ੍ਹਾਂ ਕੱਢਦੇ ਹਨ, ਵਿੱਚ ਸ਼ਾਮਿਲ ਹੋ ਕੇ ਬੇਸ਼ਰਮੀ ਦੀਆਂ ਸਭ ਹੱਦਾਂ ਉਲੰਘ ਰਹੇ ਹਨ ਅਤੇ ਕੁਝ ਨੂੰ ਈ ਡੀ, ਇਨਕਮ ਟੈਕਸ, ਸੀਬੀਆਈ ਵਰਗੀਆਂ ਏਜੰਸੀਆਂ ਪਾਲਾ ਬਦਲਣ ਲਈ ਮਜਬੂਰ ਕਰਦੀਆਂ ਹਨ। ਜਿਨ੍ਹਾਂ ਵਿਰੋਧੀ ਆਗੂਆਂ ਨੂੰ ਸੱਤਾ ਧਿਰ ਆਪਣੇ ਭਾਸ਼ਣਾਂ ਵਿੱਚ ਭ੍ਰਿਸ਼ਟਾਚਾਰੀ, ਲੋਟੂ ਗਰਦਾਨਦੀ ਥੱਕਦੀਆਂ ਨਹੀਂ, ਦੂਜੇ ਦਿਨ ਆਪਣੀ ਪਾਰਟੀ ਸ਼ਾਮਿਲ ਕਰਕੇ ਬੜਾ ਮਾਣ ਮਹਿਸੂਸ ਕਰਨ ਤੋਂ ਹਿਚਕਚਾਹਟ ਨਹੀਂ ਕਰਦੀ। ਦੇਸ਼ ਵਿੱਚੋਂ ਕਾਂਗਰਸ ਮੁਕਤ ਕਰਨ ਦੀਆਂ ਟਾਹਰਾਂ ਮਾਰਨ ਵਾਲੇ ਲੋਕ ਆਪਣੀ ਪਾਰਟੀ ਨੂੰ ਕਾਂਗਰਸ ਯੁਕਤ ਕਰ ਰਹੇ ਹਨ ਅਤੇ ਇਹੋ ਜਿਹੀ ਪ੍ਰਵਿਰਤੀ ਵਾਲੇ ਆਗੂ ਦੇਸ਼ ਦਾ ਕੀ ਭਲਾ ਕਰਨਗੇ ? ਉਨ੍ਹਾਂ ਤੋਂ ਬਹੁਤੀ ਆਸ ਉਮੀਦ ਭਾਰਤ ਦੇ ਲੋਕਾਂ ਨੂੰ ਨਹੀਂ ਰੱਖਣੀ ਚਾਹੀਦੀ ਕਿਉਂਕਿ ਉਨ੍ਹਾਂ ਨੇ ਸਿਰਫ਼ ਤੇ ਸਿਰਫ਼ ਸੱਤਾ 'ਤੇ ਕਾਬਜ਼ ਰਹਿਣਾ ਹੁੰਦਾ ਹੈ, ਦੇਸ਼ ਦੀ ਜਨਤਾ ਅਤੇ ਦੇਸ਼ ਦੇ ਸਰੋਕਾਰਾਂ ਨਾਲ ਉਨ੍ਹਾਂ ਦਾ ਕੋਈ ਲੈਣਾ ਦੇਣਾ ਨਹੀਂ। ਅਜਿਹੀ ਮਾਨਸਿਕਤਾ ਵਾਲੇ ਆਗੂਆਂ ਦਾ ਸਹੀ ਇਲਾਜ ਦੇਸ਼ ਦੇ ਵੋਟਰ ਹੀ ਕਰ ਸਕਦੇ ਹਨ ਪਰ ਉਹ ਆਪਣੀ ਵਡਮੁੱਲੀ ਤਾਕਤ ਦੀ ਵਰਤੋਂ ਅਜਿਹਾ ਕਰਨ ਲਈ ਕਦੋਂ ਕਰਨਗੇ, ਹਨੇਰਿਆਂ ਅਤੇ ਅਨਪੜ੍ਹਤਾ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਦੂਰ ਧੱਕਿਆ ਹੋਇਆ ਹੈ।

***

## ਪੰਜਾਬ 'ਚ ਧਰਤੀ ਹੇਠਲੇ ਪਾਣੀ ਦੇ ਗੰਭੀਰ ਸੰਕਟ

ਸੁਝਾਅ ਤਾਂ ਬਹੁਤ ਦਿੱਤੇ ਜਾਂਦੇ ਹਨ ਪਰ ਉਨ੍ਹਾਂ ਨੂੰ ਅਮਲ ਵਿੱਚ ਲਿਆਉਣਾ ਮੁਸ਼ਕਿਲ ਹੈ, ਇਸ ਦਾ ਕਾਰਨ ਇਹ ਹੈ ਕਿ ਸਥਿਤੀ ਨੂੰ ਇੰਝ ਚਿਤਰਿਆ ਜਾਂਦਾ ਹੈ ਜਿਵੇਂ ਇਸ ਸਭ ਕਾਸੇ ਵਿੱਚ ਕਸੂਰ ਕਿਸਾਨਾਂ ਦਾ ਹੋਵੇ। ਪੰਜਾਬ ਵਿਚ ਜ਼ਮੀਨੀ ਪਾਣੀ ਦੇ ਤੇਜ਼ੀ ਨਾਲ ਘਟਣ ਦਾ ਕਾਰਨ ਝੋਨੇ ਦੀ ਫ਼ਸਲ ਨੂੰ ਮੰਨਿਆ ਜਾਂਦਾ ਹੈ। ਪਰ ਪੰਜਾਬ ਦੇ ਕਿਸਾਨਾਂ ਨੇ ਝੋਨਾ ਆਪਣੀ ਮਰਜ਼ੀ ਨਾਲ ਲਾਉਣਾ ਨਹੀਂ ਸ਼ੁਰੂ ਕੀਤਾ ਸੀ। ਇਹ ਉਸ ਹਰੀ ਕ੍ਰਾਂਤੀ ਦੀ ਰਣਨੀਤੀ ਦਾ ਹਿੱਸਾ ਸੀ ਜਿਹੜੀ 1960-70ਵਿਆਂ ਵਿੱਚ ਅਪਣਾਈ ਗਈ। ਉਸ ਸਮੇਂ ਦੇਸ਼ ਵਿੱਚ ਅਨਾਜ ਦੀ ਵੱਡੀ ਘਾਟ ਸੀ ਅਤੇ ਦੇਸ਼ ਇਸ ਲਈ ਵਿਦੇਸ਼ਾਂ 'ਤੇ ਨਿਰਭਰ ਸੀ। ਸਥਿਤੀ ਸਪੱਸ਼ਟ ਹੈ ਕਿ ਜਦੋਂ ਪੰਜਾਬ ਵਿਚ ਝੋਨੇ ਦੀ ਬਿਜਾਈ ਵੱਡੀ ਯੋਜਨਾ ਤਹਿਤ ਸ਼ੁਰੂ ਹੋਈ ਤਾਂ ਇਸ ਦੇ ਬੀਜਣ ਵਾਲੇ ਰਕਬੇ ਨੂੰ ਘਟਾਉਣ ਲਈ ਵੀ ਵੱਡੀ ਯੋਜਨਾ ਦੀ ਜ਼ਰੂਰਤ ਹੈ। ਅਜਿਹੀ ਯੋਜਨਾ ਕੇਂਦਰ ਸਰਕਾਰ ਦੁਆਰਾ ਹੀ ਬਣਾਈ ਜਾ ਸਕਦੀ ਹੈ ਜਿਸ ਵਿਚ ਝੋਨੇ ਦੇ ਬਦਲ ਵਿੱਚ ਲਗਾਈਆਂ ਜਾਣ ਵਾਲੀਆਂ ਫ਼ਸਲਾਂ ਦੀ ਪੂਰੀ ਖ਼ਰੀਦ ਘੱਟੋ-ਘੱਟ ਸਮਰਥਨ ਮੁੱਲ 'ਤੇ ਯਕੀਨੀ ਬਣਾਈ ਜਾਵੇ। ਮਾਹਿਰਾਂ ਦਾ ਕਹਿਣਾ ਹੈ ਕਿ ਸਥਿਤੀ ਇਸ ਲਈ ਵੀ ਗੁੰਝਲਦਾਰ ਹੈ ਕਿਉਂਕਿ ਕਿਸਾਨਾਂ ਦੁਆਰਾ ਜ਼ਮੀਨੀ ਪਾਣੀ ਦੀ ਵਰਤੋਂ ਵਿਚ ਮੁਫ਼ਤ ਮਿਲਦੀ ਬਿਜਲੀ ਦਾ ਵੀ ਕੁਝ ਹਿੱਸਾ ਹੈ; ਇਸ ਸਬੰਧ ਵਿੱਚ ਗੰਭੀਰਤਾ ਨਾਲ ਸੋਚਿਆ ਜਾਣਾ ਚਾਹੀਦਾ ਹੈ। ਇਸ ਸਾਲ ਪੰਜਾਬ ਵਿੱਚ ਨਹਿਰੀ ਪਾਣੀ ਦੀ ਵਰਤੋਂ ਵਧੀ ਹੈ ਅਤੇ ਇਸ ਨੂੰ ਹੋਰ ਵਧਾਉਣ ਦੀ ਲੋੜ ਹੈ।

***

## ਅੰਬੀ ਦਿਆ ਬੂਟਿਆ...

ਇਸੇ ਤਰ੍ਹਾਂ ਔਰਤ ਦੀ ਨਿਗ੍ਹਾ ?ਹਾ ਵੀ ਆਪਣੀ ਰੀਝ ਪੂਰੀ ਕਰਨ ਲਈ ਇਨ੍ਹਾਂ 'ਤੇ ਹੀ ਲੱਗੀ ਹੋਈ ਹੈ। ਉਹ ਪਤੀ ਨੂੰ ਫਰਮਾਇਸ਼ ਕਰਦੀ ਹੈ:

ਬੰਨੀ ਵਾਲਾ ਜੰਡ ਵੇਚ ਕੇ
ਮੈਨੂੰ 'ਕੱਲੀ ਨੂੰ ਪਵਾ ਦੇ ਚੁਬਾਰਾ।

ਜਾਮਣੂੰ ਅਤੇ ਖਜੂਰ ਦੀ ਮਿਠਾਸ ਵੀ ਔਰਤ ਦੇ ਮਨ ਬਹਿਲਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦੀ। ਇੱਕ ਹਾਸੇ ਦੀ ਫੁਹਾਰ ਛੱਡਦੀ ਹੋਈ ਬੋਲੀ ਦਾ ਰਸ ਚੱਖੀਏ:

ਬੂਹੇ ਅੱਗੇ ਜਾਮਣੂੰ ਮੈਂ ਰੋਜ਼ ਤੋੜ-ਤੋੜ ਖਾਨੀ ਆਂ।
ਧੰਨ ਮੇਰਾ ਪਿੰਡਾ ਨੀਂ ਮੈਂ ਰੋਜ਼ ਮਾਰ ਖਾਨੀ ਆਂ।

ਲੜਕੀ ਦਾ ਬਾਬਲ ਦੇ ਵਿਹੜੇ ਵਿਚਲੇ ਰੁੱਖਾਂ ਨਾਲ ਵੀ ਇੱਕ ਰਿਸ਼ਤਾ ਨਾਤਾ ਹੁੰਦਾ ਹੈ। ਉਨ੍ਹਾਂ ਦੀ ਛਾਂ ਵਿੱਚੋਂ ਮਾਪਿਆਂ ਵਾਲਾ ਨਿੱਘ ਮਿਲਦਾ ਹੈ:

ਬਾਬੇ ਵਿਹੜੇ ਜੀ ਪੀਂਘ ਝੂਟੀਏ।
ਬਾਬਲ ਵਿਹੜੇ ਜੀ ਛਾਵਾਂ ਮਾਣੀਏ।

ਮਾਰੂਥਲ ਦੀਆਂ ਤੱਤੀਆਂ ਹਵਾਵਾਂ ਨੂੰ ਝੱਲਦਾ ਇੱਕ ਰੁੱਖ ਵੀ ਇਨਸਾਨੀ ਜੀਵਨ ਵਾਂਗ ਸਾਥ ਨੂੰ ਲੋਚਦਾ ਹੈ:

'ਕੱਲੀ ਹੋਏ ਨਾ ਵਣਾਂ ਦੇ ਵਿੱਚ ਲੱਕੜੀ
'ਕੱਲਾ ਨਾ ਹੋਵੇ ਪੁੱਤ ਜੱਟ ਦਾ।

ਪੰਜਾਬੀ ਦਾ ਆਧੁਨਿਕ ਕਵੀ ਸ਼ਿਵ ਕੁਮਾਰ ਰੁੱਖਾਂ ਦੇ ਗਲ ਲੱਗ ਰੋਇਆ। ਪ੍ਰੋ. ਮੋਹਣ ਸਿੰਘ ਅਤੇ ਪੂਰਨ ਸਿੰਘ ਨੇ ਵੀ ਰੁੱਖਾਂ ਨੂੰ ਬਹੁਤ ਪਿਆਰਿਆ ਤੇ ਸਤਿਕਾਰਿਆ ਹੈ। ਮੋਹਣ ਸਿੰਘ ਦਾ 'ਅੰਬੀ ਦਾ ਬੂਟਾ' ਅਤੇ ਪ੍ਰੋ. ਪੂਰਨ ਸਿੰਘ ਦੀਆਂ ਇਹ ਸਤਰਾਂ ਅਮਰ ਨੇ:

ਜੀਣ ਤੇਰੇ ਪਿੱਪਲ ਤੇ ਅੰਬ ਪਿਆਰੇ।

ਜੇਕਰ ਅਜੋਕੇ ਸੰਦਰਭ ਵਿੱਚ ਵਾਚੀਏ ਤਾਂ ਸਥਿਤੀ ਬੜੀ ਨਾਜ਼ਕ ਹੁੰਦੀ ਜਾ ਰਹੀ ਹੈ। ਵਧਦੀ ਹੋਈ ਆਬਾਦੀ ਬਾਗ਼ਾਂ ਦੇ ਬਾਗ਼ ਹੜੱਪ ਕਰੀ ਗਈ ਹੈ। ਵਿਕਾਸ ਦੇ ਨਾਮ 'ਤੇ ਸਰਕਾਰਾਂ ਨੇ ਲੱਖਾਂ ਰੁੱਖਾਂ ਦਾ ਵਿਨਾਸ਼ ਕਰ ਦਿੱਤਾ ਹੈ। ਵਾਤਾਵਰਨ ਵਿਗਿਆਨੀਆਂ ਨੂੰ ਡਰ ਹੈ ਕਿ ਮਨੁੱਖੀ ਜੀਵਨ ਇਨ੍ਹਾਂ ਤੋਂ ਬਗੈਰ ਖ਼ਤਰੇ ਵਿੱਚ ਪੈ ਚੁੱਕਾ ਹੈ। ਸ਼ੁੱਧ ਹਵਾ ਦੀ ਕਮੀ ਕਾਰਨ ਅਸੀਂ ਕਈ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਾਂ। ਇਨ੍ਹਾਂ ਦੇ ਆਸਰੇ ਮਨੁੱਖ ਦੀ ਭੁੱਖ ਮਿਟਾਉਣ ਵਾਲੇ ਹਜ਼ਾਰਾਂ ਜੰਗਲੀ ਜੀਵ ਆਪਣਾ ਜੀਵਨ ਬਸਰ ਕਰਦੇ ਹਨ। ਇੱਥੇ ਇਹ ਕਹਿਣਾ ਵੀ ਅਣਉਚਿਤ ਨਹੀਂ ਕਿ ਮਨੁੱਖ ਰੁੱਖਾਂ ਦੀ ਕਟਾਈ ਨਾਲ ਆਪਣੀ ਉਮਰ ਛੋਟੀ ਕਰ ਰਿਹਾ ਹੈ ਤੇ ਰੋਗਾਂ ਦਾ ਸ਼ਿਕਾਰ ਹੋ ਰਿਹਾ ਹੈ। ਅੱਜ ਲੋੜ ਹੈ ਸਾਡੇ ਜੀਵਨ ਰੂਪੀ ਬੇੜੇ ਦੇ ਚੱਪੂਆਂ (ਰੁੱਖ) ਦੀ ਰੱਖਿਆ ਲਈ ਜੰਗੀ ਪੱਧਰ 'ਤੇ ਮੁਹਿੰਮ ਛੇੜੀ ਜਾਵੇ। ਹੁਣ ਇਹ ਬੋਲੀਆਂ ਅਤੇ ਲੋਕ ਗੀਤ ਬੀਤੇ ਦੀਆਂ ਬਾਤਾਂ ਬਣ ਚੁੱਕੇ ਹਨ। ਕਵੀ ਦੀਆਂ ਇਹ ਤੁਕਾਂ ਤਲਖ ਹਕੀਕਤਾਂ ਨੂੰ ਸਮੋਈ ਬੈਠੀਆਂ ਨੇ:

* ਕੁਝ ਰੁੱਖ ਯਾਰਾਂ ਵਰਗੇ ਲੱਗਦੇ
ਅਤੇ ਕੁਝ ਰੁੱਖ ਵਾਂਗ ਭਰਾਵਾਂ।
* ਸੁੱਕ ਗਿਆ ਚੰਨਣ ਦਾ ਬੂਟਾ
ਤੇਰੇ ਪਿੱਛੇ ਨੀਂ ਸੋਹਣੀਏ।
* ਪਿੱਪਲਾਂ 'ਤੇ ਆਈਆਂ ਬਹਾਰਾਂ
ਬੋਹੜਾਂ ਨੂੰ ਲੱਗੀਆਂ ਗੋਹਲਾਂ।
ਵੇ ਛੱਡ ਕੇ ਨਾ ਜਾਵੀਂ ਮਿੱਤਰਾ
ਦਿਲ ਦੇ ਬੋਲ ਮੈਂ ਬੋਲਾਂ।

***

## ਭਾਰਤੀ ਮਜ਼ਦੂਰ ਬਨਾਮ

ਇਹੀ ਕੁਝ ਮੁੱਖ ਗੱਲਾਂ ਹਨ ਜੋ ਅੱਜ ਸਾਨੂੰ ਬਾਹਰਲੇ ਮੁਲਕਾਂ ਦਾ ਰਾਹ ਦਿਖਾ ਰਹੀਆਂ ਹਨ । ਸਾਨੂੰ ਮਜਬੂਰ ਕਰ ਰਹੀਆਂ ਹਨ ਇਹ ਗੱਲਾਂ ਕਿ ਅਸੀਂ ਘਰੋਂ ਬੇਘਰ ਹੋਈਏ । ਪਰਦੇਸੀਂ ਰਹਿ ਕੇ ਆਪਣੇ ਵਤਨਾਂ ਤੋਂ ਦੂਰ ਹਰ ਸ਼ਾਮ ਨੂੰ ਆਪਣੀ ਜੰਮਣ ਭੋਂ ਨੂੰ ਦੇਖਣ ਲਈ ਤਰਸਦੇ ਹਾਂ । ਕਿਉਂਕਿ ਸਿਰਫ਼ ਪਾਪੀ ਪੇਟ ਦਾ ਹੀ ਸਵਾਲ ਨਹੀਂ ਸਗੋਂ ਆਪਣੇ ਬੱਚਿਆਂ ਦੇ ਭਵਿੱਖ ਦਾ ਵੀ ਸਵਾਲ ਹੈ ਕਿ ਚਲੋ ਅਸੀਂ ਤਾਂ ਕੱਟ ਲਈ ਅਗਾਂਹ ਬੱਚਿਆਂ ਦਾ ਹੀ ਕੁਝ ਬਣ ਜਾਵੇ । ਭਾਰਤ ਬੇਸ਼ੱਕ ਅੱਜ ਦੁਨੀਆਂ ਦੀ ਤੀਜੀ ਤਾਕਤ ਬਣ ਕੇ ਸਾਰੇ ਸੰਸਾਰ ਵਿੱਚ ਆਪਣਾ ਪ੍ਰਭਾਵ ਬਣਾ ਚੁੱਕਿਆ ਹੈ ਪਰ ਭਾਰਤ ਵਿੱਚ ਅੱਜ ਵੀ ਸੱਠ ਪ੍ਰਤੀਸ਼ਤ ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਕੇ ਆਪਣਾ ਜੀਵਨ ਬਸਰ ਕਰ ਰਹੇ ਹਨ । ਜਿਸ ਬਾਰੇ ਨਾ ਤਾਂ ਕਿਸੇ ਸਰਕਾਰ ਨੂੰ ਖਿਆਲ ਹੈ ਨਾ ਹੀ ਕਿਸੇ ਲੀਡਰ ਨੂੰ । ਸਾਰੇ ਆਪੋ ਆਪਣੀ ਤੂਤੀ ਵਜਾਈ ਜਾਂਦੇ ਹਨ ਅਤੇ ਮੀਡੀਏ ਵਿੱਚ ਬਿਆਨ ਦਾਗ ਦਾਗ ਕੇ ਇੱਕ ਦੂਜੇ ਨੂੰ ਨੀਵਾਂ ਦਿਖਾ ਕੇ ਭੋਲੀ ਭਾਲੀ ਜਨਤਾ ਨੂੰ ਬੁੱਧੂ ਬਣਾਈ ਜਾਂਦੇ ਹਨ । ਸਰਕਾਰਾਂ ਦਾ ਇਸ ਪਾਸੇ ਕੋਈ ਧਿਆਨ ਨਹੀਂ ਹੈ ਕਿ ਸਾਡੇ ਦੇਸ਼ ਦਾ ਭਵਿੱਖ ਉਸਾਰਨ ਵਾਲੇ ਸਾਡੇ ਮਜ਼ਦੂਰ ਕਿਸ ਹਾਲਤ ਵਿੱਚੋਂ ਲੰਘ ਰਹੇ ਹਨ । ਕੀ ਉਹਨਾਂ ਕੋਲ ਸਾਰੀਆਂ ਸਹੂਲਤਾਂ ਪਹੁੰਚ ਰਹੀਆਂ ਹਨ ? ਕੀ ਉਹ ਆਪਣੀ ਮਜ਼ਦੂਰੀ ਦਾ ਪੂਰਾ ਭੱਤਾ ਲੈਂਦੇ ਹਨ ਜਾਂ ਫਿਰ ਵਿਚਲੇ ਠੇਕੇਦਾਰ ਹੀ ਖਾਈ ਜਾਂਦੇ ਹਨ ? ਕਿਸੇ ਦਾ ਇਸ ਪਾਸੇ ਕੋਈ ਧਿਆਨ ਨਹੀਂ ।

***

## ਅਮਰੀਕਾ ਨੇ 31 ਫ਼ੀਸਦੀ ਐੱਮ. ਡੀ. ਐੱਚ.

ਇਕ ਰਿਪੋਰਟ ਦੱਸਦੀ ਹੈ ਕਿ ਯੂ. ਐੱਸ. ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐੱਫ. ਡੀ. ਏ.) ਐੱਮ. ਡੀ. ਐੱਚ. ਅਤੇ ਐਵਰੈਸਟ ਉਤਪਾਦਾਂ ਬਾਰੇ ਜਾਣਕਾਰੀ ਇਕੱਠੀ ਕਰ ਰਿਹਾ ਹੈ। ਐੱਫ. ਡੀ. ਏ. ਦੇ ਇਕ ਬੁਲਾਰੇ ਨੇ ਸ਼ੁੱਕਰਵਾਰ ਨੂੰ ਕਿਹਾ, "ਐੱਫ. ਡੀ. ਏ. ਰਿਪੋਰਟਾਂ ਤੋਂ ਜਾਣੂ ਹੈ ਅਤੇ ਸਥਿਤੀ ਬਾਰੇ ਵਾਧੂ ਜਾਣਕਾਰੀ ਇਕੱਠੀ ਕਰ ਰਿਹਾ ਹੈ।" ਹਾਂਗਕਾਂਗ ਅਤੇ ਸਿੰਗਾਪੁਰ ਦੇ ਕਦਮਾਂ ਤੋਂ ਬਾਅਦ, ਭਾਰਤ 'ਚ ਦੋ ਸਭ ਤੋਂ ਮਸ਼ਹੂਰ ਮਸਾਲਾ ਬ੍ਰਾਂਡ ਵੀ ਗੁਣਵੱਤਾ ਦੇ ਮਾਪਦੰਡਾਂ ਲਈ ਭਾਰਤੀ ਰੈਗੂਲੇਟਰ ਦੀ ਜਾਂਚ ਦੇ ਘੇਰੇ 'ਚ ਹਨ।

***

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ




ON

jus PUNJABI HD
sling

CREDIBILITY
RELIABILITY

Minute to Minute Coverage of Punjab Elections

Punjabi Super Pack
20 channels for only $25/month on
sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290
Visit: sling.com/juspunjabi

for advertisement & more information call: +1-718-752-9293
www.jusbroadcasting.com